Watch
PUNJAB MAIL USA
TV Channel
On IP box, App, Website
For Advertisment
916-320-9444


A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ

ਯੂ. ਐੱਸ. ਏ.

Chief Editor: Gurjatinder Singh Randhawa

Punjab Mail USA


REALTYONEGROUP
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
Gurjatinder S. Randhawa
REALTOR CA DRE licence # 01490567
916-320-9444

Vol. 17, Issue- 750, 18 to 24 May, 2023, Ph: 916-320-9444, E-mail: punjabmailusa@yahoo.com, Web: punjabmailusa.com

## ਅਮਰੀਕਾ ਵੱਲੋਂ ਟਾਈਟਲ 42 ਅਧੀਨ ਬਾਰਡਰ 'ਤੇ ਕੀਤੀ ਸਖ਼ਤੀ

**■ ਅਮਰੀਕਾ ਦੇ ਬਾਰਡਰਾਂ ਨੂੰ ਕੀਤਾ ਸੀਲ; ਸੁਰੱਖਿਆ ਦਸਤਿਆਂ ਦੀ ਗਿਣਤੀ ਵਧਾਈ**






**ਸੈਕਰਾਮੈਂਟੋ, (ਪੰਜਾਬ ਮੇਲ)-** ਅਮਰੀਕਾ ਲਈ ਇਸ ਵੇਲੇ ਆਪਣੀਆਂ ਸਰਹੱਦਾਂ 'ਤੇ ਗੈਰ ਕਾਨੂੰਨੀ ਢੰਗ ਨਾਲ ਪਹੁੰਚ ਕੇ ਦਾਖਲ ਹੁੰਦੇ ਲੋਕਾਂ ਨੂੰ ਰੋਕਣਾ ਅਤੇ ਸੰਭਾਲਣਾ ਇਕ ਵੱਡੀ ਚੁਣੌਤੀ ਬਣ ਗਿਆ ਹੈ। ਪਿਛਲੇ ਸਮੇਂ ਦੌਰਾਨ ਲੱਖਾਂ ਲੋਕ ਅਮਰੀਕਾ ਦੇ ਬਾਰਡਰ ਟੱਪ ਕੇ ਪ੍ਰਵੇਸ਼ ਕਰ ਗਏ ਹਨ। ਕੋਵਿਡ-19 ਦੇ ਚੱਲਦਿਆਂ ਅਮਰੀਕਾ ਸਰਕਾਰ ਵੱਲੋਂ ਇਸ ਦੇ ਲਈ ਨਰਮੀ ਵਰਤੀ ਗਈ ਸੀ ਅਤੇ ਆਉਣ ਵਾਲੇ ਲੋਕਾਂ ਨੂੰ ਇਥੇ ਪਨਾਹ ਦਿੱਤੀ ਜਾਂਦੀ ਰਹੀ ਸੀ। ਪਰ ਹੁਣ ਟਾਈਟਲ 42 ਨੂੰ ਖਤਮ ਕਰਕੇ ਅਮਰੀਕਾ ਦੇ ਬਾਰਡਰਾਂ ਨੂੰ ਤਕਰੀਬਨ ਸੀਲ ਕਰ ਦਿੱਤਾ ਗਿਆ ਹੈ। ਇਥੇ ਵਿਸ਼ੇਸ਼ ਸੁਰੱਖਿਆ ਦਸਤਿਆਂ ਦੀ ਗਿਣਤੀ ਵਧਾ ਦਿੱਤੀ ਗਈ ਹੈ, ਤਾਂਕਿ ਕੋਈ ਪ੍ਰਵਾਸ ਕਰਕੇ ਗੈਰ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਦਾਖਲ ਨਾ ਹੋ ਸਕੇ। ਇਸ ਸੰਬੰਧੀ ਬਹੁਤ ਸਾਰੇ ਕਾਨੂੰਨ ਵਿਚਾਰ ਅਧੀਨ ਹਨ। ਰਿਪਬਲੀਕਨ ਪਾਰਟੀ ਵੱਲੋਂ ਰਾਸ਼ਟਰਪਤੀ ਬਾਇਡਨ 'ਤੇ ਕਾਫੀ ਦਬਾਅ ਪਾਇਆ ਗਿਆ ਹੈ, ਜਿਸ ਦੇ ਚੱਲਦਿਆਂ ਬਾਇਡਨ ਨੂੰ ਅਮਰੀਕਾ 'ਚ ਪ੍ਰਵਾਸ ਰੋਕਣ ਲਈ ਸਖਤ ਕਦਮ ਚੁੱਕਣ ਲਈ ਮਜਬੂਰ ਹੋਣਾ ਪਿਆ ਹੈ। ਹੁਣ ਅਮਰੀਕਾ ਵਿਚ ਆਉਣਾ ਸੌਖਾ ਨਹੀਂ ਹੋਵੇਗਾ। ਜ਼ਿਕਰਯੋਗ ਹੈ ਕਿ ਇਥੋਂ ਦੀਆਂ ਇੰਮੀਗ੍ਰੇਸ਼ਨ ਅਦਾਲਤਾਂ ਵਿਚ ਪਹਿਲਾਂ ਹੀ ਬੈਕਲਾਗ ਚੱਲ ਰਿਹਾ ਹੈ, ਜਿਸ ਕਰਕੇ ਰਾਜਨੀਤਿਕ ਸ਼ਰਨ ਲੈਣ ਵਾਲਿਆਂ ਨੂੰ ਵੀ ਹੁਣ ਸਾਲਾਂਬੱਧੀ ਉਡੀਕ ਕਰਨੀ ਪੈ ਰਹੀ ਹੈ।

ਦੁਨੀਆਂ ਭਰ ਤੋਂ ਲੋਕ ਉੱਜਵਲ ਭਵਿੱਖ ਲਈ ਅਮਰੀਕਾ ਵਿਚ ਆਉਂਦੇ ਹਨ, ਜਿਨ੍ਹਾਂ ਵਿਚ ਪੰਜਾਬੀ ਵੀ ਭਾਰੀ ਗਿਣਤੀ ਵਿਚ ਇਥੇ ਪਹੁੰਚਦੇ ਹਨ। ਇਕ ਰਿਪੋਰਟ ਅਨੁਸਾਰ ਪੰਜਾਬੀ ਇਸ ਵਕਤ 50 ਲੱਖ ਰੁਪਏ ਦੇ ਕਰੀਬ ਏਜੰਟਾਂ ਨੂੰ ਦੇ ਕੇ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਪਹੁੰਚ ਰਹੇ ਹਨ। ਪਰ ਆਉਣ ਵਾਲੇ ਸਮੇਂ ਵਿਚ ਜੇ ਕੋਈ ਪੈਸਾ ਦੇ ਕੇ ਇਥੇ ਪਹੁੰਚਦਾ ਹੈ, ਤਾਂ ਉਸ ਨੂੰ ਵੀ ਅਮਰੀਕਾ ਵਿਚ ਦਾਖਲ ਹੋਣ ਤੋਂ ਰੋਕਿਆ ਜਾਵੇਗਾ। ਸੋ ਬਿਹਤਰ ਹੈ ਕਿ ਕਾਨੂੰਨੀ ਤਰੀਕੇ ਨਾਲ ਹੀ ਅਮਰੀਕਾ ਪਹੁੰਚਿਆ ਜਾਵੇ, ਤਾਂ ਜੋ ਕਿਸੇ ਮੁਸੀਬਤ ਦਾ ਸਾਹਮਣਾ ਨਾ ਕਰਨਾ ਪਵੇ।

## ਜਲੰਧਰ ਜ਼ਿਮਨੀ ਚੋਣਾਂ ਦੀ ਸਫਲਤਾ ਤੋਂ ਉਤਸ਼ਾਹਿਤ 'ਆਪ' ਜਲਦ ਕਰਵਾਏਗੀ ਮਿਊਂਸਪਲ ਚੋਣਾਂ!

**5 ਨਗਰ ਨਿਗਮਾਂ ਤੇ ਤਿੰਨ ਦਰਜਨ ਤੋਂ ਵੱਧ ਮਿਊਂਸਪਲ ਕੌਂਸਲਾਂ ਦੀਆਂ ਹੋਣੀਆਂ ਹਨ ਚੋਣਾਂ**

**22 ਤੋਂ 26 ਜਨਵਰੀ ਦਰਮਿਆਨ ਖ਼ਤਮ ਹੋ ਚੁੱਕੀ ਹੈ 4 ਨਗਰ ਨਿਗਮਾਂ ਦੀ ਮਿਆਦ**



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ 'ਚ ਸਥਾਨਕ ਸਰਕਾਰਾਂ ਹੇਠ ਆਉਂਦੀਆਂ 5 ਨਗਰ ਨਿਗਮਾਂ ਅਤੇ ਤਿੰਨ ਦਰਜਨ ਤੋਂ ਵੱਧ ਮਿਊਂਸਪਲ ਕੌਂਸਲਾਂ ਦੀਆਂ ਚੋਣਾਂ ਸਰਕਾਰ ਵਲੋਂ ਛੇਤੀ ਕਰਵਾਏ ਜਾਣ ਦੀ ਸੰਭਾਵਨਾ ਹੈ ਅਤੇ ਇਨ੍ਹਾਂ 'ਚੋਂ ਕਈਆਂ ਵਿਚ ਵਾਰਡਬੰਦੀ ਆਦਿ ਦਾ ਕੰਮ ਵੀ ਸ਼ੁਰੂ ਹੋ ਰਿਹਾ ਹੈ। ਸਰਕਾਰ ਇਨ੍ਹਾਂ ਨਿਗਮਾਂ ਵਿਚ ਲਗਾਤਾਰ ਚੋਣਾਂ ਲਟਕਾਉਂਦੀ ਆ ਰਹੀ ਸੀ, ਪਰ ਹੁਣ ਸਰਕਾਰ ਨੂੰ ਜਲੰਧਰ ਦੀ ਜ਼ਿਮਨੀ ਚੋਣ ਵਿਚ ਮਿਲੀ ਸਫ਼ਲਤਾ ਤੋਂ ਬਾਅਦ ਸਰਕਾਰ ਮਿਊਂਸਪਲ ਚੋਣਾਂ ਵੀ ਛੇਤੀ ਕਰਵਾਉਣ ਦੇ ਮੂਡ 'ਚ ਹੈ। ਰਾਜ ਦੀ ਪ੍ਰਮੁੱਖ ਅੰਮ੍ਰਿਤਸਰ, ਪਟਿਆਲਾ, ਜਲੰਧਰ ਤੇ ਲੁਧਿਆਣਾ ਦੀ ਨਗਰ ਨਿਗਮਾਂ ਦੀ ਮਿਆਦ ਇਸੇ ਸਾਲ 22 ਤੋਂ 26 ਜਨਵਰੀ ਦਰਮਿਆਨ ਖ਼ਤਮ ਹੋ ਗਈ ਸੀ ਤੇ ਇਨ੍ਹਾਂ ਨਗਰ ਨਿਗਮਾਂ 'ਚ ਹੁਣ ਸਰਕਾਰ ਵਲੋਂ ਨਾਮਜ਼ਦ ਐਡਮਨਿਸਟ੍ਰੇਟਰ (ਪ੍ਰਬੰਧਕ) ਕੰਮ ਕਰ ਰਹੇ ਹਨ। ਇਸੇ ਤਰ੍ਹਾਂ ਫਗਵਾੜਾ ਨਗਰ ਨਿਗਮ, ਜਿਸ ਦਾ ਗਠਨ 2020 ਵਿਚ ਹੋਇਆ ਸੀ, ਦੀ ਚੋਣ ਅੱਜ ਤੱਕ ਨਹੀਂ ਹੋ ਸਕੀ। ਸੂਬੇ ਦੀਆਂ ਸੱਤ ਮਿਊਂਸਪਲ ਕੌਂਸਲਾਂ ਡੇਰਾ ਬਾਬਾ ਨਾਨਕ, ਸਰਦੂਲਗੜ੍ਹ, ਸਨੌਰ, ਤਰਨਤਾਰਨ, ਨਡਾਲਾ, ਸੰਗਰੂਰ ਤੇ ਰਾਮਪੁਰਾ ਫੂਲ ਦੀ ਮਿਆਦ ਵੀ ਮਾਰਚ 2020 ਤੋਂ ਖ਼ਤਮ ਹੈ ਤੇ ਉਨ੍ਹਾਂ ਦੀਆਂ ਚੋਣਾਂ ਵੀ ਲਗਾਤਾਰ ਲਟਕ ਰਹੀਆਂ ਹਨ। ਕੋਈ 32 ਹੋਰ ਮਿਊਂਸਪਲ ਕੌਂਸਲਾਂ ਦੀ ਮਿਆਦ ਫਰਵਰੀ 2023 ਵਿਚ ਖ਼ਤਮ ਹੋ ਚੁੱਕੀ ਹੈ। ਸੂਬੇ 'ਚ ਸਥਾਨਕ ਸਰਕਾਰਾਂ ਹੇਠ ਕੁੱਲ ਕੋਈ 166 ਅਜਿਹੀਆਂ ਸੰਸਥਾਵਾਂ ਹਨ। ਇਨ੍ਹਾਂ ਨਗਰ ਨਿਗਮਾਂ ਤੇ ਕੌਂਸਲਾਂ ਦੀਆਂ ਚੋਣਾਂ ਸੂਬੇ ਦੇ ਚੋਣ ਕਮਿਸ਼ਨਰ ਵਲੋਂ ਕਰਵਾਈਆਂ ਜਾਂਦੀਆਂ ਹਨ। ਇਹ ਚੋਣਾਂ ਕਰਵਾਉਣ ਤੋਂ ਪਹਿਲਾਂ ਵੋਟਰ ਸੂਚੀਆਂ ਵਿਚ ਸੁਧਾਈ ਅਤੇ ਵਾਰਡਬੰਦੀ ਦਾ ਕੰਮ ਕਮਿਸ਼ਨ ਦੀ ਦੇਖ-ਰੇਖ ਹੇਠ ਕੀਤਾ ਜਾਂਦਾ ਹੈ। ਮੁੱਖ ਮੰਤਰੀ ਭਗਵੰਤ ਮਾਨ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਅਜਿਹੀਆਂ ਚੋਣਾਂ ਪਾਰਟੀ ਦੇ ਚੋਣ ਨਿਸ਼ਾਨ 'ਤੇ ਲੜੇ ਜਾਣ ਦੀ ਹਿਮਾਇਤ ਕਰਦੇ ਰਹੇ ਹਨ ਪਰ ਹੁਣ ਸੱਤਾ 'ਚ ਆਉਣ ਤੋਂ ਬਾਅਦ ਵੀ ਉਹ ਅਜਿਹਾ ਫ਼ੈਸਲਾ ਲੈਂਦੇ ਹਨ ਜਾਂ ਨਹੀਂ, ਇਹ ਵੇਖਣ ਵਾਲੀ ਗੱਲ ਹੋਵੇਗੀ। ਇਨ੍ਹਾਂ 'ਚੋਂ ਸ਼ਹਿਰੀ ਖੇਤਰ ਦੀਆਂ ਨਿਗਮਾਂ ਤੇ ਕੌਂਸਲਾਂ ਵਿਚ ਕਾਂਗਰਸ ਤੇ ਭਾਜਪਾ ਦਾ ਵੀ ਚੰਗਾ ਆਧਾਰ ਰਿਹਾ ਹੈ ਪਰ ਹੁਣ ਸੱਤਾ ਤੋਂ ਬਾਹਰ ਹੁੰਦਿਆਂ ਉਹ ਕਿਹੋ ਜਿਹਾ ਪ੍ਰਦਰਸ਼ਨ ਦੇ ਸਕਦੇ ਹਨ, ਇਹ ਸਮਾਂ ਹੀ ਦੱਸੇਗਾ। ਇਹ ਵੀ ਵੇਖਣ ਵਾਲੀ ਗੱਲ ਹੋਵੇਗੀ ਕਿ ਹੁਕਮਰਾਨ ਆਮ ਆਦਮੀ ਪਾਰਟੀ ਰਵਾਇਤੀ ਪਾਰਟੀਆਂ ਕਾਂਗਰਸ, ਭਾਜਪਾ ਤੇ ਅਕਾਲੀ ਦਲ, ਜਿਨ੍ਹਾਂ ਦਾ ਇਨ੍ਹਾਂ ਨਗਰ ਨਿਗਮਾਂ ਤੇ ਕੌਂਸਲਾਂ ਵਿਚ ਪੁਰਾਣਾ ਆਧਾਰ ਤੇ ਮਜ਼ਬੂਤ ਕਾਡਰ ਵੀ ਹੈ, ਨੂੰ ਸੱਤਾ ਵਿਚ ਹੁੰਦਿਆਂ ਕਿਸੇ ਹੱਦ ਤੱਕ ਉਖਾੜ ਸਕਣਗੇ ਕਿਉਂਕਿ ਆਮ ਤੌਰ 'ਤੇ ਸਮਝਿਆ ਜਾਂਦਾ ਹੈ ਕਿ ਅਜਿਹੀਆਂ ਚੋਣਾਂ 'ਚ ਸਥਾਨਕ ਵਿਧਾਇਕਾਂ, ਸਿਵਲ ਤੇ ਪੁਲਿਸ ਅਧਿਕਾਰੀਆਂ ਦਾ ਦਬਾਅ ਵੀ ਕੰਮ ਕਰਦਾ ਹੈ ਤੇ ਇਨ੍ਹਾਂ ਸੰਸਥਾਵਾਂ ਨੇ ਗਰਾਂਟਾਂ ਵੀ ਮੌਕੇ ਦੀ ਸਰਕਾਰ ਤੋਂ ਹੀ ਲੈਣੀਆਂ ਹੁੰਦੀਆਂ ਹਨ।

## ਵਿਜੀਲੈਂਸ ਵੱਲੋਂ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ ਹੇਠ ਸਾਬਕਾ ਕਾਂਗਰਸੀ ਵਿਧਾਇਕ ਕੁਸ਼ਲਦੀਪ ਢਿੱਲੋਂ ਗ੍ਰਿਫ਼ਤਾਰ


ਕੁਸ਼ਲਦੀਪ ਸਿੰਘ ਢਿੱਲੋਂ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਵਿਜੀਲੈਂਸ ਬਿਊਰੋ ਨੇ ਸਾਬਕਾ ਕਾਂਗਰਸੀ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ ਨੂੰ ਆਪਣੀ ਆਮਦਨ ਦੇ ਜਾਣੂ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਇਸ ਕੇਸ ਵਿਚ ਉਸ ਦੇ ਦੋ ਸਾਥੀਆਂ ਖ਼ਿਲਾਫ਼ ਵੀ ਕੇਸ ਦਰਜ ਕਰਕੇ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਵਿਧਾਇਕ ਸਮੇਤ ਪਿੰਡ ਦੇ ਧੰਨਾ, ਜ਼ਿਲ੍ਹਾ ਫਰੀਦਕੋਟ ਦੇ ਵਸਨੀਕ ਗੁਰਸੇਵਕ ਸਿੰਘ ਦੇ ਨਾਲ ਪਿੰਡ ਨਾਨਕਸਰ ਸ਼ਹੀਦ, ਫਿਰੋਜ਼ਪੁਰ ਜ਼ਿਲ੍ਹੇ ਦੇ ਰਾਜਵਿੰਦਰ ਸਿੰਘ ਖ਼ਿਲਾਫ਼ ਜਾਂਚ ਤੋਂ ਮਗਰੋਂ ਭ੍ਰਿਸ਼ਟਾਚਾਰ ਦਾ ਕੇਸ ਦਰਜ ਕੀਤਾ ਗਿਆ ਹੈ। ਬਿਊਰੋ ਮੁਤਾਬਕ ਸਾਬਕਾ ਵਿਧਾਇਕ ਦੀ ਸਾਰੀ ਚੱਲ ਅਤੇ ਅਚੱਲ ਜਾਇਦਾਦ ਦਾ ਮੁਲਾਂਕਣ ਕਰਨ ਲਈ ਵਿਜੀਲੈਂਸ ਨੇ 1 ਅਪ੍ਰੈਲ 2017 ਤੋਂ 31 ਮਾਰਚ 2022 ਤੱਕ (ਪੰਜ ਸਾਲ) ਭਾਵ ਕਾਂਗਰਸ ਦੇ ਕਾਰਜਕਾਲ ਨੂੰ ਇਸ ਜਾਂਚ ਦੀ ਮਿਆਦ ਵਜੋਂ ਨਿਰਧਾਰਤ ਕੀਤਾ ਸੀ। ਜਾਂਚ ਦੌਰਾਨ ਸਾਹਮਣੇ ਆਇਆ ਕਿ ਸਾਬਕਾ ਵਿਧਾਇਕ ਨੇ ਆਪਣੀ ਕੁੱਲ ਆਮਦਨ ਤੋਂ ਵੱਧ ਦੌਲਤ ਬਣਾਈ ਹੈ ਅਤੇ ਪਿੰਡ ਮੁਮਾਰਾ, ਤਹਿਸੀਲ ਸਾਦਿਕ, ਜ਼ਿਲ੍ਹਾ ਫਰੀਦਕੋਟ ਵਿਚ ਹੋਰ ਵਿਅਕਤੀਆਂ ਦੇ ਨਾਮ 'ਤੇ ਜਾਇਦਾਦ ਖਰੀਦੀ ਹੈ। ਇਹ ਤੱਥ ਸਾਹਮਣੇ ਵੀ ਆਏ ਹਨ ਕਿ ਕਿੱਕੀ ਢਿੱਲੋਂ ਨੇ ਆਪਣੀ ਆਮਦਨੀ ਦੇ ਜਾਣੂ ਸਰੋਤਾਂ ਨਾਲੋਂ ਲਗਭਗ 245 ਫੀਸਦੀ ਖਰਚ ਕੀਤਾ ਹੈ। ਇਸ ਸਬੰਧ ਵਿਚ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਫਿਰੋਜ਼ਪੁਰ ਰੇਂਜ ਵਿਚ ਉਪਰੋਕਤ ਸਾਰੇ ਮੁਲਜ਼ਮਾਂ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ।

## ਕੋਟਕਪੂਰਾ ਗੋਲੀਕਾਂਡ ਮਾਮਲੇ ਦੀ ਸੁਣਵਾਈ 30 ਮਈ ਤੱਕ ਮੁਲਤਵੀ

**■ ਪ੍ਰਕਾਸ਼ ਸਿੰਘ ਬਾਦਲ ਦੀ ਮੌਤ ਤੋਂ ਬਾਅਦ ਉਕਤ ਮਾਮਲੇ 'ਚ ਹੁਣ 7 ਮੁਲਜ਼ਮ ਨਾਮਜ਼ਦ**

**ਫਰੀਦਕੋਟ, (ਪੰਜਾਬ ਮੇਲ)-** ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਮੌਤ ਤੋਂ ਬਾਅਦ ਕੋਟਕਪੂਰਾ ਗੋਲੀਕਾਂਡ 'ਚ ਬਾਕੀ ਸਾਰੇ ਮੁਲਜ਼ਮ ਅਦਾਲਤ 'ਚ ਪੇਸ਼ ਨਹੀਂ ਹੋਏ, ਸੁਣਵਾਈ ਦੌਰਾਨ ਜੁਡੀਸ਼ੀਅਲ ਮੈਜਿਸਟ੍ਰੇਟ ਅਜੇਪਾਲ ਸਿੰਘ ਦੀ ਅਦਾਲਤ 'ਚ ਸਾਬਕਾ ਆਈ.ਜੀ. ਅਮਰ ਸਿੰਘ ਚਾਹਲ ਨਿੱਜੀ ਤੌਰ 'ਤੇ ਹਾਜ਼ਰ ਹੋਏ, ਜਦਕਿ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਮੇਤ ਥਾਣਾ ਸਿਟੀ ਕੋਟਕਪੂਰਾ ਦੇ ਤੱਤਕਾਲੀ ਐੱਸ.ਐੱਚ.ਓ. ਗੁਰਦੀਪ ਸਿੰਘ ਪੰਧੇਰ, ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ, ਪਰਮਰਾਜ ਸਿੰਘ ਉਮਰਾਨੰਗਲ, ਸੁਖਮਿੰਦਰ ਸਿੰਘ ਮਾਨ ਅਤੇ ਸਾਬਕਾ ਐੱਸ.ਐੱਸ.ਪੀ. ਚਰਨਜੀਤ ਸ਼ਰਮਾ ਨੇ ਆਪਣੀ ਹਾਜ਼ਰੀ ਮੁਆਫ਼ ਕਰਵਾ ਲਈ ਸੀ। ਉਕਤ ਹਾਜ਼ਰੀ ਮੁਆਫ਼ ਦੀਆਂ ਅਰਜ਼ੀਆਂ ਅਦਾਲਤ ਨੇ ਪ੍ਰਵਾਨ ਕਰ ਲਈਆਂ ਸਨ ਅਤੇ 30 ਮਈ ਲਈ ਹਾਜ਼ਰ ਹੋਣ ਦੀ ਹਦਾਇਤ ਕੀਤੀ ਗਈ।

## ਕੈਲੀਫੋਰਨੀਆ 'ਚ ਜਾਤੀ ਆਧਾਰਿਤ ਭੇਦਭਾਵ 'ਤੇ ਪਾਬੰਦੀ ਲਗਾਉਣ ਵਾਲਾ ਬਿੱਲ ਪਾਸ

**■ ਬਿੱਲ ਨੂੰ ਪਾਸ ਕਰਨ ਦੇ ਪੱਖ 'ਚ 34 ਅਤੇ ਵਿਰੋਧ 'ਚ ਪਈ ਸਿਰਫ 1 ਵੋਟ**



**ਸੈਕਰਾਮੈਂਟੋ, (ਪੰਜਾਬ ਮੇਲ)-** ਅਮਰੀਕਾ 'ਚ ਕੈਲੀਫੋਰਨੀਆ ਸਟੇਟ ਸੈਨੇਟ ਨੇ ਜਾਤੀ ਆਧਾਰਿਤ ਭੇਦਭਾਵ 'ਤੇ ਪਾਬੰਦੀ ਲਗਾਉਣ ਲਈ ਵੀਰਵਾਰ ਨੂੰ ਇਕ ਬਿੱਲ ਪਾਸ ਕੀਤਾ। ਇਸ ਬਿੱਲ ਨੂੰ ਇਕ ਦੇ ਮੁਕਾਬਲੇ 34 ਵੋਟਾਂ ਨਾਲ ਪਾਸ ਕੀਤਾ ਗਿਆ। ਇਸ ਨਾਲ ਕੈਲੀਫੋਰਨੀਆ ਅਮਰੀਕਾ ਦਾ ਪਹਿਲਾ ਸੂਬੇ ਬਣ ਜਾਏਗਾ, ਜੋ ਆਪਣੇ ਭੇਦਭਾਵ ਰੋਕੂ ਬਿੱਲਾਂ 'ਚ ਜਾਤੀ ਦੀ ਸ਼੍ਰੇਣੀ ਵੀ ਜੋੜੇਗਾ।

ਸੂਬੇ ਦੀ ਪ੍ਰਤੀਨਿਧੀ ਸਭਾ ਵਿਚ ਵੀ ਅਜਿਹਾ ਹੀ ਇਕ ਬਿੱਲ ਪੇਸ਼ ਕੀਤਾ ਜਾ ਰਿਹਾ ਹੈ, ਜਿਸ ਤੋਂ ਬਾਅਦ ਇਸ ਨੂੰ ਕਾਨੂੰਨ ਦਾ ਰੂਪ ਦੇਣ ਲਈ ਗਵਰਨਰ ਕੋਲ ਦਸਤਖ਼ਤ ਲਈ ਭੇਜਿਆ ਜਾਵੇਗਾ। ਕੈਲੀਫੋਰਨੀਆ ਦੀ ਸੈਨੇਟਰ ਆਯਸ਼ਾ ਵਹਾਬ ਵੱਲੋਂ ਪੇਸ਼ ਕੀਤਾ ਬਿੱਲ 'ਐੱਸ.ਬੀ. 403' ਇਕ ਮੌਜੂਦਾ ਕਾਨੂੰਨ 'ਚ ਜਾਤੀ ਨੂੰ ਸੁਰੱਖਿਅਤ ਸ਼੍ਰੇਣੀ ਦੇ ਰੂਪ ਵਿਚ ਜੋੜਦਾ ਹੈ।

ਬਿੱਲ ਪਾਸ ਹੋਣ ਤੋਂ ਬਾਅਦ ਜੇਕਰ ਕੋਈ ਵਿਅਕਤੀ ਕੈਲੀਫੋਰਨੀਆ 'ਚ ਜਾਤ ਦੇ ਆਧਾਰ 'ਤੇ ਵਿਤਕਰਾ ਕਰਦਾ ਹੈ, ਤਾਂ ਇਸ ਨੂੰ ਅਪਰਾਧ ਮੰਨਿਆ ਜਾਵੇਗਾ। ਬਿੱਲ ਨੂੰ ਪਾਸ ਕਰਨ ਦੇ ਪੱਖ 'ਚ 34 ਵੋਟਾਂ ਪਈਆਂ, ਜਦਕਿ ਇਸ ਦੇ ਵਿਰੋਧ 'ਚ ਸਿਰਫ 1 ਵੋਟ ਪਈ। ਇਹ ਕਾਨੂੰਨ ਕੈਲੀਫੋਰਨੀਆ ਰਾਜ ਦੇ ਸਾਰੇ ਲੋਕਾਂ ਨੂੰ ਸਾਰੇ ਵਪਾਰਕ ਅਦਾਰਿਆਂ ਵਿਚ ਰਿਹਾਇਸ਼, ਸਹੂਲਤਾਂ, ਵਿਸ਼ੇਸ਼ ਅਧਿਕਾਰਾਂ ਜਾਂ ਸੇਵਾਵਾਂ ਦੇ ਬਰਾਬਰ ਅਧਿਕਾਰ ਦੇਵੇਗਾ।

## ਨਵੇਂ ਸੰਸਦ ਭਵਨ ਦੇ ਉਦਘਾਟਨ ਦੀ ਤਿਆਰੀ ਮੁਕੰਮਲ

**■ ਸਰਕਾਰ ਦੇ 9 ਸਾਲ ਪੂਰੇ ਹੋਣ ਮੌਕੇ ਹੋ ਸਕਦਾ ਹੈ ਉਦਘਾਟਨ**



ਨਵੇਂ ਬਣੇ ਸੰਸਦ ਭਵਨ ਦਾ ਬਾਹਰੀ ਦ੍ਰਿਸ਼ ਅਤੇ ਅੰਦਰੂਨੀ ਦ੍ਰਿਸ਼।

**ਨਵੀਂ ਦਿੱਲੀ, (ਪੰਜਾਬ ਮੇਲ)-** ਨਵੇਂ ਸੰਸਦ ਭਵਨ ਦੇ ਉਦਘਾਟਨ ਦੀ ਤਿਆਰੀ ਮੁਕੰਮਲ ਹੋ ਚੁੱਕੀ ਹੈ ਅਤੇ ਸਰਕਾਰ ਦੇ 9 ਸਾਲ ਪੂਰੇ ਹੋਣ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਦਾ ਉਦਘਾਟਨ ਕਰਨਗੇ। ਨਵੇਂ ਸੰਸਦ ਭਵਨ ਦੀ ਚਾਰ ਮੰਜ਼ਿਲਾ ਇਮਾਰਤ 'ਚ 1224 ਸੰਸਦ ਮੈਂਬਰਾਂ ਦੇ ਬੈਠਣ ਵਿਵਸਥਾ ਹੈ। ਸੰਸਦ ਭਵਨ 'ਚ ਦਾਖ਼ਲ ਹੋਣ ਲਈ ਸੰਸਦ ਮੈਂਬਰਾਂ ਵੀ.ਆਈ.ਪੀ. ਅਤੇ ਵੇਖਣ ਆਉਣ ਵਾਲੇ ਲੋਕਾਂ ਲਈ ਵੱਖ-ਵੱਖ ਦਰਵਾਜ਼ੇ ਹੋਣਗੇ। ਹਲਕਿਆਂ ਮੁਤਾਬਿਕ ਨਵੇਂ ਸੰਸਦ ਭਵਨ 'ਚ ਦਾਖ਼ਲ ਹੋਣ ਲਈ ਤਿੰਨ ਮੁੱਖ ਦਰਵਾਜ਼ੇ ਹਨ, ਜਿਨ੍ਹਾਂ ਨੂੰ ਗਿਆਨ ਦੁਆਰ, ਸ਼ਕਤੀ ਦੁਆਰ ਅਤੇ ਕਰਮ ਦੁਆਰ ਦਾ ਨਾਂਅ ਦਿੱਤਾ ਗਿਆ ਹੈ। ਨਵੀਂ ਇਮਾਰਤ 'ਚ ਪਿਛਲੀ ਇਮਾਰਤ ਦੀ ਕੋਈ ਵੀ ਤਸਵੀਰ ਜਾਂ ਮੂਰਤੀ ਨਹੀਂ ਲਿਆਂਦੀ ਗਈ। ਇਸ 'ਚ ਮਹਾਤਮਾ ਗਾਂਧੀ, ਸੁਭਾਸ਼ ਚੰਦਰ ਬੋਸ, ਜਵਾਹਰ ਲਾਲ ਨਹਿਰੂ ਸਮੇਤ ਦੇਸ਼ ਦੇ ਸਾਰੇ ਪ੍ਰਧਾਨ ਮੰਤਰੀਆਂ ਦੀਆਂ ਤਸਵੀਰਾਂ ਹੋਣਗੀਆਂ। ਇਸ ਭਵਨ 'ਚ ਇਕ ਸੰਵਿਧਾਨਕ ਹਾਲ ਵੀ ਬਣਾਇਆ ਗਿਆ ਹੈ, ਜਿਸ 'ਚ ਭਾਰਤ ਦੇ ਮੂਲ ਸੰਵਿਧਾਨ ਦੀ ਇਕ ਕਾਪੀ ਰੱਖੀ ਗਈ ਹੈ। ਨਵੇਂ ਸੰਸਦ ਭਵਨ ਦੀ ਨਿਰਮਾਣ ਟਾਟਾ ਪ੍ਰਜੈਕਟਸ ਵਲੋਂ 970 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਨਾਲ ਤਿਆਰ ਕੀਤਾ ਜਾ ਰਿਹਾ ਹੈ, ਇਸ ਭਵਨ ਦਾ ਨਿਰਮਾਣ 15 ਜਨਵਰੀ, 2021 'ਚ ਸ਼ੁਰੂ ਹੋਇਆ ਸੀ।

ਹੁੰਮਹੁਮਾ ਕੇ ਪਹੁੰਚੋ ਖੁੱਲ੍ਹਾ ਸੱਦਾ

# 13th Children Summer Sports Camp - 2023

# 13ਵਾਂ ਬੱਚਿਆਂ ਦਾ ਖੇਡ ਕੈਂਪ - 2023

## *8th July, Saturday*



Dedicated to
**Late Bahadar Singh**
Social Worker of Seattle

## Wilson Play Fields Kent WA. 13028 SE. 251st. Kent, WA - 98030

**8 ਜੁਲਾਈ, ਸ਼ਨਿਚਰਵਾਰ ਸ਼ਾਮ 5 ਵਜੇ ਅਰਦਾਸ ਕਰਕੇ ਸ਼ੁੱਭ ਆਰੰਭ**

ਕੋਈ ਫੀਸ ਨਹੀਂ, ਸਗੋਂ ਸਪੋਰਟਸ ਕਿੱਟ ਦੀ ਹਰੇਕ ਸਾਲ ਸੰਧੂ ਤੇ ਕਾਹਲੋਂ ਵੱਲੋਂ ਮੁਫਤ ਸੇਵਾ ਕੀਤੀ ਜਾ ਰਹੀ ਹੈ।

ਮਨਜੀਤ ਸਿੰਘ ਦੀ ਇੰਸ਼ੋਰੈਂਸ ਵੱਲੋਂ ਹਰੇਕ ਸਾਲ ਫ੍ਰੀ ਇੰਸ਼ੋਰੈਂਸ ਦੀ ਸੇਵਾ ਕੀਤੀ ਜਾਂਦੀ ਹੈ।

ਦਾਨੀਆਂ ਵੱਲੋਂ ਮੁਫਤ ਰੀਫਰੈਸ਼ਮੈਂਟ ਦੀ ਸੇਵਾ ਕੀਤੀ ਜਾਂਦੀ ਹੈ।

ਬਜ਼ੁਰਗਾਂ ਲਈ ਸੈਰ ਤੇ ਯੋਗਾ 6 ਤੋਂ 7 ਵਜੇ ਤੱਕ

*Every Saturday & Sunday 5-7 AM*

ਸਤਿਕਾਰਯੋਗ ਜੀਉ, ਆਪ ਜੀ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਪਿਛਲੇ 12 ਸਾਲ ਤੋਂ ਬੱਚਿਆਂ ਦਾ ਖੇਡ ਕੈਂਪ ਲਗਾ ਕੇ ਬੱਚਿਆਂ ਨੂੰ ਤੰਦਰੁਸਤ ਮਨੋਰੰਜਨ ਦੇ ਕੇ ਸਰੀਰਕ ਫਿਟਨੈੱਸ ਦੀ ਟ੍ਰੇਨਿੰਗ ਤੇ ਵੱਖ-ਵੱਖ ਖੇਡਾਂ ਵਿਚ ਕੋਚਿੰਗ ਮੁਹੱਈਆ ਕਰਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਬੱਚਿਆਂ ਨੂੰ ਪੰਜਾਬੀ ਵਿਰਸੇ ਤੇ ਸੱਭਿਆਚਾਰ ਤੇ ਖੇਡਾਂ ਨਾਲ ਜੋੜਨ ਦੀ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਸਾਲ 8 ਜੁਲਾਈ, ਦਿਨ ਸ਼ਨਿੱਚਰਵਾਰ, 5 ਵਜੇ ਬੱਚਿਆਂ ਦੀ ਤੰਦਰੁਸਤੀ ਲਈ ਅਤੇ ਸੱਟ-ਫੇਟ ਤੋਂ ਬਚਾਅ ਲਈ ਅਰਦਾਸ ਕਰਕੇ ਬੱਚਿਆਂ ਦੇ ਖੇਡ-ਕੈਂਪ ਦਾ ਸ਼ੁੱਭ ਆਰੰਭ ਕੀਤਾ ਜਾ ਰਿਹਾ ਹੈ। ਆਪਣੇ ਬੱਚਿਆਂ ਨੂੰ ਕੈਂਪ ਦਾ ਹਿੱਸਾ ਬਣਨ ਲਈ ਖੁੱਲ੍ਹਾ ਸੱਦਾ।




ਪਿਛਲੇ ਸਾਲਾਂ ਦੇ ਖੇਡ ਕੈਂਪ ਦੀਆਂ ਝਲਕੀਆਂ।



ਫੁਲਕਾਰੀ ਤੀਆਂ ਦੇ ਮੇਲੇ ਦੀਆਂ ਪ੍ਰਬੰਧਕਾਂ ਸਨਮਾਨਿਤ।



ਪੰਜਾਬੀ ਭਾਈਚਾਰੇ ਵੱਲੋਂ ਵਾਸ਼ਿੰਗਟਨ ਸਟੇਟ ਦੇ ਗਵਰਨਰ ਦਾ ਸਨਮਾਨ।



ਹਾਜ਼ਰ ਪੰਜਾਬੀ ਭਾਈਚਾਰੇ ਦੇ ਲੋਕ।




ਪੰਜਾਬੀ ਭਾਈਚਾਰੇ ਦੀ ਮਾਣ-ਮੱਤੀਆਂ ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ।




ਸਿਆਟਲ ਫੁਲਕਾਰੀ ਤੀਆਂ ਦੇ ਮੇਲੇ ਦੀ ਤਿਆਰੀ ਕਰਦੀਆਂ ਪ੍ਰਬੰਧਕਾਂ।

**ਸਵਾਗਤ ਕਰਤਾ : Sikhs of Seattle**

ਸਿਆਟਲ ਦੇ ਨੌਜਵਾਨਾਂ ਵੱਲੋਂ ਸਹਿਯੋਗ ਦੇਣ ਵਾਸਤੇ ਉਪਰਾਲਾ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ

**ਗੁਰਚਰਨ ਸਿੰਘ ਢਿੱਲੋਂ : 206-412-1559**

*gsdhillon51@gmail.com*



Designed By Punjab Mail USA

# ਕੈਨੇਡਾ ਬਾਰਡਰ ਸਕਿਓਰਿਟੀ ਏਜੰਸੀ ਵੱਲੋਂ 700 ਪੰਜਾਬੀ ਵਿਦਿਆਰਥੀਆਂ ਨੂੰ ਦੇਸ਼ ਛੱਡਣ ਦਾ ਹੁਕਮ

**ਓਟਵਾ, (ਪੰਜਾਬ ਮੇਲ)-** ਕੈਨੇਡਾ ਬਾਰਡਰ ਸਕਿਓਰਿਟੀ ਏਜੰਸੀ ਨੇ ਕੈਨੇਡਾ 'ਚ ਪੜ੍ਹ ਰਹੇ ਭਾਰਤੀ ਵਿਦਿਆਰਥੀਆਂ ਨੂੰ ਵੱਡਾ ਝਟਕਾ ਦਿੱਤਾ ਹੈ। ਕੈਨੇਡਾ ਬਾਰਡਰ ਸਕਿਓਰਿਟੀ ਏਜੰਸੀ ਨੇ 700 ਪੰਜਾਬੀ ਵਿਦਿਆਰਥੀਆਂ ਨੂੰ ਡਿਪੋਰਟ ਕਰਨ ਦੇ ਨੋਟਿਸ ਜਾਰੀ ਕਰ ਕੇ ਕੁਝ ਦਿਨਾਂ ਦੇ ਅੰਦਰ ਕੈਨੇਡਾ ਛੱਡਣ ਦੇ ਹੁਕਮ ਦਿੱਤੇ ਹਨ। ਦੱਸਿਆ ਜਾ ਰਿਹਾ ਹੈ ਕਿ ਇਨ੍ਹਾਂ ਵਿਦਿਆਰਥੀਆਂ ਨੇ ਜਲੰਧਰ ਦੀ ਇਕ ਏਜੰਸੀ ਐਜੂਕੇਸ਼ਨ ਮਾਈਗ੍ਰੇਸ਼ਨ ਰਾਹੀਂ ਕੈਨੇਡਾ ਦਾ ਸਟੱਡੀ ਵੀਜ਼ਾ ਲਿਆ ਸੀ, ਕੈਨੇਡਾ ਵਿਚ ਇਸ ਤਰ੍ਹਾਂ ਦੀ ਸਿੱਖਿਆ ਨਾਲ ਧੋਖਾਧੜੀ ਦਾ ਇਹ ਪਹਿਲਾ ਮਾਮਲਾ ਹੈ।



ਦਰਅਸਲ, ਇਨ੍ਹਾਂ ਵਿਦਿਆਰਥੀਆਂ ਨੇ ਕੈਨੇਡਾ ਵਿਚ ਆਪਣੀ ਪੜ੍ਹਾਈ ਪੂਰੀ ਕੀਤੀ ਸੀ ਪਰ ਜਦੋਂ ਉਨ੍ਹਾਂ ਨੇ ਪੀ.ਆਰ. ਲਈ ਅਪਲਾਈ ਕੀਤਾ ਤਾਂ ਜਾਂਚ ਵਿਚ ਇਨ੍ਹਾਂ ਦੇ ਦਸਤਾਵੇਜ਼ ਜਾਅਲੀ ਪਾਏ ਗਏ, ਜਦੋਂ ਕਿ ਉਕਤ ਦਸਤਾਵੇਜ਼ਾਂ ਦੇ ਆਧਾਰ 'ਤੇ ਉਨ੍ਹਾਂ ਨੂੰ ਨਾ ਸਿਰਫ਼ ਵੀਜ਼ਾ ਮਿਲਿਆ, ਸਗੋਂ ਕੈਨੇਡਾ ਦੇ ਕਾਲਜਾਂ 'ਚ ਦਾਖ਼ਲਾ ਵੀ ਮਿਲ ਗਿਆ। ਐਜੂਕੇਸ਼ਨ ਮਾਈਗ੍ਰੇਸ਼ਨ ਸਰਵਿਸ ਏਜੰਸੀ ਚਲਾਉਣ ਵਾਲੇ ਬ੍ਰਿਜੇਸ਼ ਮਿਸ਼ਰਾ ਨਾਂ ਦੇ ਵਿਅਕਤੀ ਨੇ ਇਨ੍ਹਾਂ ਵਿਦਿਆਰਥੀਆਂ ਨਾਲ ਧੋਖਾਧੜੀ ਕੀਤੀ। ਇਨ੍ਹਾਂ 700 ਵਿਦਿਆਰਥੀਆਂ ਨੇ ਬ੍ਰਿਜੇਸ਼ ਮਿਸ਼ਰਾ ਰਾਹੀਂ ਹੀ ਸਟੱਡੀ ਵੀਜ਼ਾ ਲਈ ਅਪਲਾਈ ਕੀਤਾ ਸੀ। ਇੰਨਾ ਹੀ ਨਹੀਂ, ਮਿਸ਼ਰਾ ਨੇ ਇਨ੍ਹਾਂ ਸਾਰੇ 700 ਵਿਦਿਆਰਥੀਆਂ ਤੋਂ 16-16 ਲੱਖ ਰੁਪਏ ਲਏ ਸਨ। ਬ੍ਰਿਜੇਸ਼ ਮਿਸ਼ਰਾ ਨੇ ਬੜੀ ਚਲਾਕੀ ਨਾਲ ਇਨ੍ਹਾਂ ਵਿਦਿਆਰਥੀਆਂ ਤੋਂ ਸਾਰੇ ਦਸਤਾਵੇਜ਼ਾਂ 'ਤੇ ਦਸਤਖਤ ਕਰਵਾ ਲਏ ਪਰ ਖੁਦ ਦਸਤਖਤ ਨਹੀਂ ਕੀਤੇ। ਇਸੇ ਲਈ ਕੈਨੇਡੀਅਨ ਏਜੰਸੀਆਂ ਇਸ ਗੱਲ ਨੂੰ ਸਵੀਕਾਰ ਨਹੀਂ ਕਰਦੀਆਂ ਪਰ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਬਾਰੇ ਕੁਝ ਨਹੀਂ ਪਤਾ। ਤੁਹਾਨੂੰ ਦੱਸ ਦੇਈਏ ਕਿ ਇਨ੍ਹਾਂ ਵਿਦਿਆਰਥੀਆਂ ਨੂੰ 2018-19 ਵਿਚ ਪੜ੍ਹਾਈ ਲਈ ਕੈਨੇਡਾ ਭੇਜਿਆ ਗਿਆ ਸੀ। ਇਹ ਦਾਖਲਾ ਆਫਰ ਲੈਟਰ ਲਗਭਗ 5 ਸਾਲ ਪੁਰਾਣੇ ਹਨ। ਪਰ ਇਸ ਦਾ ਖੁਲਾਸਾ ਉਦੋਂ ਹੋਇਆ ਜਦੋਂ ਇਨ੍ਹਾਂ ਸਾਰੇ ਵਿਦਿਆਰਥੀਆਂ ਨੇ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਥੇ ਪੀ.ਆਰ. ਲਈ ਅਪਲਾਈ ਕੀਤਾ। ਹੁਣ ਇਨ੍ਹਾਂ 700 ਵਿਦਿਆਰਥੀਆਂ ਦੇ ਭਵਿੱਖ 'ਤੇ ਸੰਕਟ ਖੜ੍ਹਾ ਹੋ ਗਿਆ ਹੈ।

## ਵਿਸ਼ਵ ਭਰ ਵਿਚ 10 ਦੇਸ਼ਾਂ 'ਚ ਜੱਚਾ-ਬੱਚਾ ਮੌਤ ਹੋਣ ਦੇ 60 ਫੀਸਦੀ ਮਾਮਲੇ; ਭਾਰਤ ਸ਼ਿਖ਼ਰ 'ਤੇ

**ਕੇਪਟਾਊਨ, (ਪੰਜਾਬ ਮੇਲ)-**ਬੱਚੇ ਦੇ ਜਨਮ, ਮਰੇ ਹੋਏ ਬੱਚੇ ਜੰਮਣ ਅਤੇ ਨਵਜੰਮੇ ਬੱਚਿਆਂ ਦੀ ਮੌਤ ਹੋਣ ਦੇ ਵਿਸ਼ਵ ਭਰ ਵਿਚ 60 ਫੀਸਦੀ ਮਾਮਲੇ 10 ਦੇਸ਼ਾਂ ਵਿਚ ਹਨ ਤੇ ਭਾਰਤ ਦੀ ਸਥਿਤੀ ਸਭ ਤੋਂ ਖ਼ਰਾਬ ਹੈ। ਇਹ ਜਾਣਕਾਰੀ ਸੰਯੁਕਤ ਰਾਸ਼ਟਰ ਵੱਲੋਂ ਜਾਰੀ ਰਿਪੋਰਟ ਵਿਚ ਦਿੱਤੀ ਗਈ ਹੈ। ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਭਾਰਤ ਉਨ੍ਹਾਂ 10 ਦੇਸ਼ਾਂ ਦੀ ਸੂਚੀ ਵਿਚ ਵੀ ਸਿਖਰ 'ਤੇ ਹੈ, ਜੋ ਵਿਸ਼ਵਵਿਆਪੀ ਬਾਲ ਜਨਮ ਵਿਚ 51 ਪ੍ਰਤੀਸ਼ਤ ਦਾ ਯੋਗਦਾਨ ਪਾਉਂਦਾ ਹੈ।

## ਭਾਰਤੀ ਕੰਪਨੀਆਂ ਵੱਲੋਂ ਕੈਨੇਡਾ 'ਚ 6.6 ਅਰਬ ਕੈਨੇਡਿਆਈ ਡਾਲਰ ਦਾ ਨਿਵੇਸ਼ : ਰਿਪੋਰਟ

**ਵਾਸ਼ਿੰਗਟਨ, (ਪੰਜਾਬ ਮੇਲ)-**ਭਾਰਤੀ ਕੰਪਨੀਆਂ ਨੇ ਕੈਨੇਡਾ ਵਿਚ 6.6 ਅਰਬ ਕੈਨੇਡਿਆਈ ਡਾਲਰ (ਸੀ.ਏ.ਡੀ.) ਦਾ ਨਿਵੇਸ਼ ਕੀਤਾ ਹੈ, ਜਿਸ ਨਾਲ ਰੋਜ਼ਗਾਰ ਦੇ ਹਜ਼ਾਰਾਂ ਮੌਕੇ ਪੈਦਾ ਹੋਏ ਹਨ। ਭਾਰਤੀ ਉਦਯੋਗ ਸੰਘ (ਸੀ.ਆਈ.ਆਈ.ਆਈ.) ਦੀ ਟੋਰਾਂਟੋ ਵਿਚ ਜਾਰੀ ਇਕ ਰਿਪੋਰਟ ਵਿਚ ਇਹ ਜਾਣਕਾਰੀ ਦਿੱਤੀ ਗਈ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤੀ ਕੰਪਨੀਆਂ ਕੈਨੇਡਾ ਵਿਚ ਭਵਿੱਖ ਵਿਚ ਨਿਵੇਸ਼ ਲਈ ਤਿਆਰ ਹਨ। ਸੀ.ਆਈ.ਆਈ.ਆਈ. ਦੀ 'ਭਾਰਤ ਤੋਂ ਕੈਨੇਡਾ: ਆਰਥਿਕ ਪ੍ਰਭਾਵ ਅਤੇ ਸੰਪਰਕ' ਸਿਰਲੇਖ ਵਾਲੀ ਇਹ ਰਿਪੋਰਟ ਕੇਂਦਰੀ ਵਪਾਰ ਅਤੇ ਉਦਯੋਗ ਮੰਤਰੀ ਪੀ.ਯੂ. ਗੋਇਲ ਨੇ ਆਪਣੀ ਟੋਰਾਂਟੋ ਦੀ ਯਾਤਰਾ ਜਾਰੀ ਕੀਤੀ।


## ਕਾਰਪੋਰਲ ਸ਼ਹੀਦ ਗੁਰਪ੍ਰੀਤ ਸਿੰਘ ਦੀ 12ਵੀਂ ਬਰਸੀ

**11 ਜੂਨ 2023, ਦਿਨ ਐਤਵਾਰ, ਗੁਰਦੁਆਰਾ ਸਾਹਿਬ, ਰੋਜ਼ਵਿਲ**



Designed By Punjab Mail USA

**Corporal Gurpreet Singh**

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ

ਸਿੱਖ ਕੌਮ ਦੇ ਮਹਾਨ ਸਪੂਤ ਕਾਰਪੋਰਲ ਗੁਰਪ੍ਰੀਤ ਸਿੰਘ ਅਮਰੀਕਾ ਦੀ ਫੌਜ ਵੱਲੋਂ ਲੜਦਾ ਹੋਇਆ ਅਫ਼ਗਾਨਿਸਾਨ ਵਿੱਚ ਸੰਨ 2011 ਵਿਚ ਸ਼ਹੀਦੀ ਪ੍ਰਾਪਤ ਕਰ ਗਿਆ ਸੀ। ਇਸ ਬਹਾਦੁਰ ਨੌਜਵਾਨ ਦੀ 12ਵੀਂ ਬਰਸੀ 11 ਜੂਨ 2023, ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ, ਰੋਜ਼ਵਿਲ ਵਿਖੇ ਮਨਾਈ ਜਾ ਰਹੀ ਹੈ। ਸਮੂਹ ਸੰਗਤ ਨੂੰ ਬੇਨਤੀ ਹੈ ਕਿ ਇਸ ਮੌਕੇ ਪਹੁੰਚ ਕੇ ਕਾਰਪੋਰਲ ਗੁਰਪ੍ਰੀਤ ਸਿੰਘ ਨੂੰ ਸ਼ਰਧਾਂਜਲੀਆਂ ਭੇਂਟ ਕਰਨ।

**ਆਰੰਭ ਸ੍ਰੀ ਅਖੰਡ ਪਾਠ ਸਾਹਿਬ, ਸ਼ੁੱਕਰਵਾਰ, 06-9-2023**
**ਭੋਗ ਸ੍ਰੀ ਅਖੰਡ ਪਾਠ ਸਾਹਿਬ, ਐਤਵਾਰ, 06-11-2023**

**GURDWARA SRI SACHKHAND SAHIB**
**1090, Main Street, Roseville - 95678**

SPACE SPONSORED BY
Punjab Mail USA TV Channel, Newspaper, Radio





# ਅਮਰੀਕੀ ਅਦਾਲਤ ਵੱਲੋਂ 2 ਬੱਚਿਆਂ ਦੇ ਕਤਲ ਤੇ ਪਤੀ ਦੀ ਪਹਿਲੀ ਪਤਨੀ ਦੀ ਹੱਤਿਆ ਦੀ ਸਾਜ਼ਿਸ਼ ਦੇ ਦੋਸ਼ਾਂ 'ਚ ਔਰਤ ਦੋਸ਼ੀ ਕਰਾਰ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ)-** ਇਕ ਅਮਰੀਕੀ ਜਿਊਰੀ ਨੇ ਆਪਣੇ ਦੋ ਬੱਚਿਆਂ ਦੀ ਹੱਤਿਆ ਕਰਨ ਤੇ ਪਤੀ ਦੀ ਪਹਿਲੀ ਪਤਨੀ ਦੀ ਹੱਤਿਆ ਲਈ ਸਾਜਿਸ਼ ਰਚਣ ਦੇ ਦੋਸ਼ਾਂ ਤਹਿਤ ਲੌਰੀ ਵਾਲੋਅ ਡੇਬੈਲ ਨਾਮੀ ਔਰਤ ਨੂੰ ਦੋਸ਼ੀ ਕਰਾਰ ਦਿੱਤਾ ਹੈ। ਡੇਬੈਲ ਜਿਸ ਨੇ ਆਪਣੇ ਆਪ ਨੂੰ ਨਿਰਦੋਸ਼ ਦੱਸਿਆ ਸੀ, ਵਿਰੁੱਧ 2019 ਵਿਚ ਆਪਣੇ ਮਤਰੇਏ ਬੱਚਿਆਂ 17 ਸਾਲਾ ਟਾਈਲੀ ਰੀਆਨ ਤੇ 7 ਸਾਲਾ ਜੋਸ਼ੂਆ ਵਾਲੋਅ ਦੀਆਂ ਮੌਤਾਂ ਦੇ ਮਾਮਲੇ ਵਿਚ ਫਸਟ ਡਿਗਰੀ ਹੱਤਿਆਵਾਂ ਤੇ ਆਪਣੇ ਪਤੀ ਚੈਡ ਡੇਬੈਲ ਦੀ ਪਹਿਲੀ ਪਤਨੀ ਟੈਮੀ ਡੇਬੈਲ ਦੀ ਹੱਤਿਆ ਦੇ ਮਾਮਲੇ ਵਿਚ ਸਾਜਿਸ਼ ਰਚਣ ਦੇ ਦੋਸ਼ ਆਇਦ ਕੀਤੇ ਗਏ ਸਨ। ਉਸ ਨੂੰ ਘੱਟੋ-ਘੱਟ ਉਮਰ ਭਰ ਲਈ ਜੇਲ੍ਹ ਦੀ ਸਜ਼ਾ ਹੋ ਸਕਦੀ ਹੈ। 7 ਮਰਦ ਜੱਜਾਂ ਤੇ 5 ਔਰਤ ਜੱਜਾਂ 'ਤੇ ਆਧਾਰਿਤ ਜਿਊਰੀ ਨੇ ਬੀਤੇ ਵੀਰਵਾਰ ਇਸ ਮਾਮਲੇ 'ਤੇ ਸੁਣਵਾਈ ਸ਼ੁਰੂ ਕੀਤੀ ਸੀ। ਬਹਿਸ ਉਪਰੰਤ ਜਿਊਰੀ ਨੇ ਸਰਬਸੰਮਤੀ ਨਾਲ ਲੌਰੀ ਵਾਲੋਅ ਡੇਬੈਲ ਨੂੰ ਦੋਸ਼ੀ ਕਰਾਰ ਦਿੱਤਾ। ਜਦੋਂ ਫੈਸਲਾ ਪੜ੍ਹਿਆ ਜਾ ਰਿਹਾ ਸੀ, ਤਾਂ ਲੌਰੀ ਡੇਬੈਲ ਦੇ ਚੇਹਰੇ 'ਤੇ ਜਾਹਿਰਾ ਤੌਰ 'ਤੇ ਕੋਈ ਪ੍ਰਤੀਕਰਮ ਨਜ਼ਰ ਨਹੀਂ ਆਇਆ। ਉਹ ਚੁੱਪਚਾਪ ਫੈਸਲਾ ਸੁਣਦੀ ਰਹੀ। ਸਜ਼ਾ ਪ੍ਰਕ੍ਰਿਆ ਵਾਸਤੇ ਉਸ ਨੂੰ ਅਡਾ ਕਾਊਂਟੀ ਤੋਂ ਫਰੀਮਾਂਟ ਕਾਊਂਟੀ ਤਬਦੀਲ ਕੀਤਾ ਜਾਵੇਗਾ। ਜੱਜ ਸਟੀਵਨ ਬਾਈਸ ਨੇ ਕਿਹਾ ਕਿ ਸਜ਼ਾ 3 ਮਹੀਨੇ ਦੇ ਅੰਦਰ ਸੁਣਾਈ ਜਾਵੇਗੀ। ਚੈਡ ਡੇਬੈਲ ਜਿਸ ਨੇ ਵੀ ਇਸ ਮਾਮਲੇ ਵਿਚ ਆਪਣੇ ਆਪ ਨੂੰ ਨਿਰਦੋਸ਼ ਦੱਸਿਆ ਹੈ, ਵਿਰੁੱਧ ਵੱਖਰੇ ਤੌਰ 'ਤੇ ਮੁਕੱਦਮਾ ਚਲਾਇਆ ਜਾਵੇਗਾ। ਇਥੇ ਜ਼ਿਕਰਯੋਗ ਹੈ ਕਿ ਟੈਮੀ ਡੇਬੈਲ ਦੀ ਅਕਤੂਬਰ 2019 ਵਿਚ ਸੁੱਤੇ ਪਿਆਂ ਹੀ ਮੌਤ ਹੋ ਗਈ ਸੀ। ਇਸ ਤੋਂ ਕੁਝ ਹਫਤਿਆਂ ਬਾਅਦ ਹੀ ਵਾਲੋਅ ਡੇਬੈਲ ਨੇ ਚੈਡ ਡੇਬੈਲ ਨਾਲ ਵਿਆਹ ਰਚਾ ਲਿਆ ਸੀ। ਜੂਨ 2020 ਵਿਚ ਫਰੀਮਾਂਟ ਕਾਊਂਟੀ, ਆਇਡਾਹੋ ਵਿਚ ਲਾਅ ਇਨਫੋਰਸਮੈਂਟ ਅਧਿਕਾਰੀਆਂ ਨੇ ਵਾਲੋਅ ਡੇਬੈਲ ਦੇ ਮਤਰੇਏ ਬੱਚਿਆਂ ਦੀਆਂ ਗਲੀਆਂ ਸੜੀਆਂ ਲਾਸ਼ਾਂ ਮਕਾਨ ਦੇ ਪਿਛਵਾੜਿਉਂ ਬਰਾਮਦ ਕੀਤੀਆਂ ਸਨ।



**ਜਿਊਰੀ ਨੇ ਸਰਬਸੰਮਤੀ ਨਾਲ ਲੌਰੀ ਵਾਲੋਅ ਡੇਬੈਲ ਨੂੰ ਦੋਸ਼ੀ ਕਰਾਰ ਦਿੱਤਾ।**

# ਪੱਤਰਕਾਰ ਕੁਲਵੰਤ ਊੱਭੀ ਧਾਲੀਆਂ ਦੇ ਪੁੱਤਰ ਬਣੇ ਡਿਪਟੀ ਸ਼ੈਰਿਫ

**ਫਰਿਜ਼ਨੋ, (ਨੀਟਾ ਮਾਛੀਕੇ/ ਪੰਜਾਬ ਮੇਲ)-** ਮਾਛੀਕੇ ਐਂਡ ਧਾਲੀਆਂ ਮੀਡੀਆ ਗਰੁੱਪ ਫਰਿਜ਼ਨੋ ਰਾਹੀਂ ਪੱਤਰਕਾਰਤਾ ਵਿਚ ਸੇਵਾਵਾਂ ਨਿਭਾਉਣ ਵਾਲੇ ਕੁਲਵੰਤ ਊੱਭੀ ਧਾਲੀਆਂ ਦੇ ਹੋਣਹਾਰ ਸਪੁੱਤਰ ਇਕਰਾਜ ਸਿੰਘ ਊੱਭੀ ਨੇ ਫਰਿਜ਼ਨੋ ਸ਼ੈਰਿਫ ਕਰਿਮੀਨੌਲਜੀ 108 ਅਕੈਡਮੀ ਤੋਂ ਗ੍ਰੈਜੂਏਟ ਹੋ ਕੇ ਪੂਰੇ ਪੰਜਾਬੀ ਭਾਈਚਾਰੇ ਦਾ ਨਾਮ ਰੌਸ਼ਨ ਕੀਤਾ ਹੈ। ਇੱਥੇ ਵੀ ਜ਼ਿਕਰਯੋਗ ਹੈ ਕਿ ਉਨ੍ਹਾਂ ਨੇ ਇਹ ਮੱਲ ਪੂਰੇ ਸਿੱਖੀ ਸਰੂਪ ਵਿਚ ਰਹਿਕੇ ਮਾਰੀ ਤੇ ਬਹੁਤ ਜਲਦ ਉਹ ਡਿਪਟੀ ਸ਼ੈਰਿਫ ਦੇ ਤੌਰ 'ਤੇ ਸੇਵਾਵਾਂ ਦੇਣਗੇ। ਇਸ ਖੁਸ਼ੀ ਦੇ ਮੌਕੇ 'ਤੇ ਹਰ ਕੋਈ ਊੱਭੀ ਪਰਿਵਾਰ ਨੂੰ ਵਧਾਈਆਂ ਦੇ ਰਿਹਾ ਹੈ, ਇਸ ਬੱਚੇ ਲਈ ਸ਼ੁੱਭਕਾਮਨਾਵਾਂ ਭੇਜ ਰਿਹਾ ਹੈ ਅਤੇ ਆਸ ਕਰਦੇ ਹਾਂ ਕਿ ਇਹ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਕੇ ਭਾਈਚਾਰੇ ਦਾ ਸਿਰ ਫ਼ਖਰ ਨਾਲ ਉੱਚਾ ਕਰਦਾ ਰਹੇਗਾ।







# ਭਾਰਤ, ਚੀਨ, ਰੂਸ ਸਮੇਤ ਕਈ ਮੁਲਕ ਧਾਰਮਿਕ ਫਿਰਕਿਆਂ ਨੂੰ ਬਣਾਉਂਦੇ ਨੇ ਨਿਸ਼ਾਨਾ

- ਅਮਰੀਕੀ ਵਿਦੇਸ਼ ਵਿਭਾਗ ਵੱਲੋਂ ਕੌਮਾਂਤਰੀ ਧਾਰਮਿਕ ਆਜ਼ਾਦੀ ਬਾਰੇ ਸਾਲਾਨਾ ਰਿਪੋਰਟ ਜਾਰੀ
- ਰਿਪੋਰਟ 'ਚ ਭਾਰਤ ਅੰਦਰ ਧਾਰਮਿਕ ਘੱਟ ਗਿਣਤੀਆਂ ਖਿਲਾਫ਼ ਹਿੰਸਾ ਦੇ ਮਾਮਲਿਆਂ ਦਾ ਜ਼ਿਕਰ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਇਕ ਉੱਚ ਅਧਿਕਾਰੀ ਨੇ ਕਿਹਾ ਕਿ ਭਾਰਤ, ਚੀਨ, ਰੂਸ ਅਤੇ ਸਾਊਦੀ ਅਰਬ ਸਣੇ ਕਈ ਦੇਸ਼ਾਂ ਦੀਆਂ ਸਰਕਾਰਾਂ ਧਾਰਮਿਕ ਫਿਰਕਿਆਂ ਦੇ ਲੋਕਾਂ ਨੂੰ ਨਿਸ਼ਾਨਾ ਬਣਾ ਰਹੀਆਂ ਹਨ। ਵਿਦੇਸ਼ ਵਿਭਾਗ ਨੇ ਕੌਮਾਂਤਰੀ ਧਾਰਮਿਕ ਆਜ਼ਾਦੀ 'ਤੇ ਆਪਣੀ ਸਾਲਾਨਾ ਰਿਪੋਰਟ ਜਾਰੀ ਕੀਤੀ, ਜੋ ਦੁਨੀਆਂ ਭਰ ਦੇ ਮੁਲਕਾਂ ਵਿਚ ਧਾਰਮਿਕ ਆਜ਼ਾਦੀ ਦੀ ਸਥਿਤੀ 'ਤੇ ਚਾਨਣਾ ਪਾਉਂਦੀ ਹੈ।

ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਵੱਲੋਂ 'ਕੌਮਾਂਤਰੀ ਧਾਰਮਿਕ ਸੁਤੰਤਰਤਾ 'ਤੇ ਸਾਲਾਨਾ ਰਿਪੋਰਟ 2022' ਜਾਰੀ ਕਰਨ ਤੋਂ ਬਾਅਦ ਕੌਮਾਂਤਰੀ ਧਾਰਮਿਕ ਸੁਤੰਤਰਤਾ ਦਫ਼ਤਰ ਦੇ ਵਿਸ਼ੇਸ਼ ਰਾਜਦੂਤ ਰਾਸ਼ਦ ਹੁਸੈਨ ਨੇ ਇੱਥੇ ਪ੍ਰੈਸ ਕਾਨਫਰੰਸ ਦੌਰਾਨ ਕਿਹਾ, 'ਕਈ ਸਰਕਾਰਾਂ ਵੱਲੋਂ ਆਪਣੀਆਂ ਸਰਹੱਦਾਂ ਦੇ ਅੰਦਰ ਧਾਰਮਿਕ ਭਾਈਚਾਰਿਆਂ ਦੇ ਲੋਕਾਂ ਨੂੰ ਖੁੱਲ੍ਹੇ ਤੌਰ 'ਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਹ ਰਿਪੋਰਟ ਦੁਨੀਆਂ ਭਰ ਦੇ ਕਰੀਬ 200 ਮੁਲਕਾਂ ਤੇ ਖੇਤਰਾਂ ਵਿਚ ਧਾਰਮਿਕ ਆਜ਼ਾਦੀ ਦੀ ਸਥਿਤੀ ਬਾਰੇ ਤੱਥ ਆਧਾਰਿਤ ਦ੍ਰਿਸ਼ਟੀਕੋਣ ਪ੍ਰਦਾਨ ਕਰਦੀ ਹੈ। ਬਲਿੰਕਨ ਨੇ ਕਿਹਾ, 'ਇਸ ਦਾ ਉਦੇਸ਼ ਉਨ੍ਹਾਂ ਖੇਤਰਾਂ ਨੂੰ ਉਜਾਗਰ ਕਰਨਾ ਹੈ, ਜਿੱਥੇ ਜਵਾਬਦੇਹੀ ਨੂੰ ਬੜ੍ਹਾਵਾ ਦੇਣ ਲਈ ਧਰਮ ਤੇ ਵਿਸ਼ਵਾਸ ਦੀ ਸੁਤੰਤਰਤਾ ਦਾ ਦਮਨ ਕੀਤਾ ਜਾ ਰਿਹਾ ਹੈ। ਬਲਿੰਕਨ ਨੇ ਆਪਣੀਆਂ ਟਿੱਪਣੀਆਂ ਵਿਚ ਭਾਰਤ ਦਾ ਜ਼ਿਕਰ ਨਹੀਂ ਕੀਤਾ। ਹੁਸੈਨ ਨੇ ਧਾਰਮਿਕ ਭਾਈਚਾਰਿਆਂ ਨੂੰ ਖੁੱਲ੍ਹੇ ਤੌਰ 'ਤੇ ਨਿਸ਼ਾਨਾ ਬਣਾਉਣ ਵਾਲੀਆਂ ਸਰਕਾਰਾਂ ਸਬੰਧੀ ਰਿਪੋਰਟ ਵਿਚ ਭਾਰਤ ਦਾ ਜ਼ਿਕਰ ਕੀਤਾ ਹੈ।

# ਭਾਰਤ ਦੇ ਚੀਫ ਜਸਟਿਸ ਵੱਲੋਂ 'ਈ-ਫਾਈਲਿੰਗ 2.0' ਸੇਵਾ ਦੀ ਸ਼ੁਰੂਆਤ

- ਸੁਪਰੀਮ ਕੋਰਟ 'ਚ ਹੁਣ 24 ਘੰਟੇ ਦਾਖ਼ਲ ਕਰ ਸਕੋਗੇ ਮਾਮਲੇ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਦੇ ਚੀਫ ਜਸਟਿਸ ਡੀ. ਵਾਈ. ਚੰਦਰਚੂੜ ਨੇ ਸ਼ੁੱਕਰਵਾਰ ਨੂੰ 'ਈ-ਫਾਈਲਿੰਗ 2.0' ਸੇਵਾ ਦੀ ਸ਼ੁਰੂਆਤ ਕੀਤੀ ਅਤੇ ਵਕੀਲਾਂ ਨੂੰ ਕਿਹਾ ਕਿ ਇਲੈਕਟ੍ਰਾਨਿਕ ਰੂਪ 'ਚ ਮਾਮਲੇ ਦਰਜ ਕਰਨ ਦੀ ਸਹੂਲਤ ਹੁਣ 24 ਘੰਟੇ ਮੁਹੱਈਆ ਹੋਵੇਗੀ। ਪੂਰੇ ਦੇਸ਼ 'ਚ ਈ-ਅਦਾਲਤਾਂ ਅਤੇ ਮਾਮਲਿਆਂ ਦੀ ਈ-ਫਾਈਲਿੰਗ ਦੀ ਵਕਾਲਤ ਕਰ ਰਹੇ ਜਸਟਿਸ ਚੰਦਰਚੂੜ ਨੇ ਸੁਪਰੀਮ ਕੋਰਟ ਕੰਪਲੈਕਸ 'ਚ 'ਈ-ਸੇਵਾ ਕੇਂਦਰ' ਦਾ ਵੀ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਅਸੀਂ ਅੱਜ ਸਵੇਰੇ 'ਈ-ਫਾਈਲਿੰਗ 2.0' ਦਾ ਉਦਘਾਟਨ ਕੀਤਾ ਹੈ। ਇਹ ਸਹੂਲਤਾਂ ਸਾਰੇ ਵਕੀਲਾਂ ਲਈ 24 ਘੰਟੇ ਮੁਹੱਈਆ ਹੋਣਗੀਆਂ।

ਉਨ੍ਹਾਂ ਕਿਹਾ ਕਿ ਜਿਨ੍ਹਾਂ ਵਕੀਲਾਂ ਕੋਲ ਇਹ ਸਹੂਲਤਾਂ ਨਹੀਂ ਹਨ ਅਤੇ ਜੋ ਤਕਨਾਲੋਜੀ ਤੋਂ ਜਾਣੂ ਨਹੀਂ ਹਨ, ਉਨ੍ਹਾਂ ਦੀ ਮਦਦ ਲਈ ਦੋ ਸਹੂਲਤ ਕੇਂਦਰ ਸ਼ੁਰੂ ਕੀਤੇ ਗਏ ਹਨ। ਚੀਫ ਜਸਟਿਸ ਨੇ ਸ਼ੁੱਕਰਵਾਰ ਦੀ ਕਾਰਵਾਈ ਦੀ ਸ਼ੁਰੂਆਤ 'ਚ ਕਿਹਾ, "ਮੈਂ ਸਾਰੇ ਵਕੀਲਾਂ ਨੂੰ ਈ-ਫਾਇਲਿੰਗ 2.0 ਦੀ ਵਰਤੋਂ ਕਰਨ ਦੀ ਅਪੀਲ ਕਰਦਾ ਹਾਂ।" ਮੌਜੂਦ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਅਤੇ ਹੋਰ ਵਕੀਲਾਂ ਨੇ ਇਸ ਕਦਮ ਦੀ ਸ਼ਲਾਘਾ ਕੀਤੀ।

'ਈ-ਸੇਵਾ ਕੇਂਦਰ' 'ਤੇ ਜਸਟਿਸ ਚੰਦਰਚੂੜ ਨੇ ਕਿਹਾ ਕਿ ਕੋਈ ਵੀ ਵਿਅਕਤੀ ਈ-ਸੇਵਾ ਕੇਂਦਰ 'ਚ ਨਾ ਸਿਰਫ ਈ-ਫਾਈਲਿੰਗ ਸਾਫਟਵੇਅਰ ਦੇ ਮਾਧਿਅਮ ਨਾਲ ਮਾਮਲਾ ਦਰਜ ਕਰ ਸਕਦਾ ਹੈ, ਸਗੋਂ ਦੇਸ਼ ਭਰ 'ਚ ਕਿਸੇ ਵੀ ਅਦਾਲਤ ਜਾਂ ਟ੍ਰਿਬਿਊਨਲ ਤੋਂ ਮਾਮਲੇ ਦੀ ਸਥਿਤੀ ਜਾਣਨ ਲਈ ਹੋਰ ਸੇਵਾਵਾਂ ਦਾ ਵੀ ਲਾਭ ਉਠਾ ਸਕਦਾ ਹੈ।



# ਸਿਆਟਲ ਵਿਚ 13ਵਾਂ ਬੱਚਿਆਂ ਦਾ ਖੇਡ ਕੈਂਪ 8 ਜੁਲਾਈ ਤੋਂ ਸ਼ੁਰੂ ਕਰਨ ਦੀਆਂ ਤਿਆਰੀਆਂ

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)**- ਸਿਆਟਲ ਵਿਚ ਹਰੇਕ ਸਾਲ ਦੀ ਤਰ੍ਹਾਂ 8 ਜੁਲਾਈ, ਸ਼ਨਿਚਰਵਾਰ 5 ਵਜੇ ਬੱਚਿਆਂ ਦੀ ਤੰਦਰੁਸਤੀ ਤੇ ਸੱਟ-ਫੇਟ ਦੇ ਬਚਾਉ ਲਈ ਅਰਦਾਸ ਕਰਕੇ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਸਿਆਟਲ ਦੇ ਨੌਜਵਾਨਾਂ ਦੀ ਅਗਵਾਈ ਹੇਠ ਤਿਆਰੀਆਂ ਸ਼ੁਰੂ ਹੋ ਚੁੱਕੀਆਂ ਹਨ। ਹਰੇਕ ਸ਼ਨਿਚਰਵਾਰ ਤੇ ਐਤਵਾਰ ਸ਼ਾਮ 5 ਤੋਂ 7 ਵਜੇ ਤੱਕ ਬੱਚਿਆਂ ਨੂੰ ਸਰੀਰਕ ਫਿਟਨੈੱਸ ਦੀ ਟ੍ਰੇਨਿੰਗ ਤੇ ਵੱਖ-ਵੱਖ ਖੇਡਾਂ ਵਿਚ ਕੋਚਿੰਗ ਮੁਹੱਈਆ ਕਰਨ ਲਈ ਉਪਰਾਲਾ ਕੀਤਾ ਜਾਵੇਗਾ। ਬੱਚਿਆਂ ਤੋਂ ਕੋਈ ਫੀਸ ਨਹੀਂ ਲਈ ਜਾਵੇਗੀ, ਸਗੋਂ ਸਪੋਰਟਸ ਕਿੱਟਾਂ ਹਰੇਕ ਸਾਲ ਸਤਵਿੰਦਰ ਸਿੰਘ ਸੰਧੂ ਤੇ ਅਮਰਪਾਲ ਸਿੰਘ ਕਾਹਲੋਂ ਵੱਲੋਂ ਅਤੇ ਮਨਜੀਤ ਸਿੰਘ ਕੀ ਇੰਸ਼ੋਰੈਂਸ ਦੀ ਹਰ ਸਾਲ ਸੇਵਾ ਕੀਤੀ ਜਾਂਦੀ ਹੈ। ਦਾਨੀ ਸੱਜਣਾਂ ਵੱਲੋਂ ਮੁਫਤ ਰਿਫਰੈਸ਼ਮੈਂਟ ਦੀ ਸੇਵਾ ਬੜੀ ਸ਼ਰਧਾ ਤੇ ਉਤਸ਼ਾਹ ਨਿਭਾਈ ਜਾਂਦੀ ਹੈ। ਹਰੇਕ ਸਾਲ 200 ਤੋਂ ਵੱਧ 5 ਸਾਲ ਤੋਂ ਲੈ ਕੇ 20 ਸਾਲ ਤੱਕ ਦੇ ਬੱਚੇ ਬੜੇ ਉਤਸ਼ਾਹ ਨਾਲ ਭਾਗ ਲੈਂਦੇ ਹਨ ਅਤੇ ਨੌਜਵਾਨ ਵਾਲੀਬਾਲ ਖੇਡ ਦੀ ਬੜੇ ਉਤਸ਼ਾਹ ਨਾਲ ਪ੍ਰੈਕਟਿਸ ਕਰਦੇ ਹਨ। ਇਸ ਸਾਲ ਸਿਆਟਲ ਦੇ ਸਮੂਹ ਨੌਜਵਾਨਾਂ ਦੇ ਉਤਸ਼ਾਹ ਨਾਲ ਸਹਿਯੋਗ ਲੈ ਕੇ ਪ੍ਰੈਕਟਿਸ ਕਰਾਉਣ ਤੇ ਕੋਚਿੰਗ ਦੇਣ ਦਾ ਵਾਅਦਾ ਕੀਤਾ ਗਿਆ ਹੈ। ਬੱਚਿਆਂ ਤੇ ਨੌਜਵਾਨਾਂ ਨੂੰ ਪੰਜਾਬੀ ਵਿਰਸੇ ਤੇ ਸੱਭਿਆਚਾਰ ਨਾਲ ਜੋੜਨ ਦਾ ਉਪਰਾਲਾ ਕੀਤਾ ਜਾਵੇਗਾ। ਇਸ ਸਾਲ ਸੋਸ਼ਲ ਵਰਕਰ ਸਵ. ਬਹਾਦਰ ਸਿੰਘ ਜੀ ਨੂੰ ਬੱਚਿਆਂ ਦਾ ਖੇਡ ਕੈਂਪ ਸਮਰਪਿਤ ਕੀਤਾ ਜਾਵੇਗਾ। ਪੰਜਾਬੀ ਭਾਈਚਾਰੇ ਦੇ ਸਮੂਹ ਬੱਚਿਆਂ ਲੜਕੇ ਤੇ ਲੜਕੀਆਂ ਨੂੰ ਲਾਭ ਉਠਾਉਣ ਲਈ ਕੈਂਪ 'ਚ ਭਾਗ ਲਈ ਸੱਦਾ/ਅਪੀਲ ਕੀਤੀ ਜਾ ਰਹੀ ਹੈ। ਬੱਚਿਆਂ ਨੂੰ ਸਪੋਰਟਸ ਕਿੱਟ ਵਿਚ ਪ੍ਰੈਕਟਿਸ ਲਈ ਪਹੁੰਚਣ ਪਹੁੰਚਣ ਲਈ ਸੱਦਾ ਦਿੱਤਾ ਜਾਂਦਾ ਹੈ, ਜਿਨ੍ਹਾਂ ਨੂੰ ਅਨੁਸ਼ਾਸਨ ਵਿਚ ਰਹਿਣ ਲਈ ਸਿੱਖਿਅਤ ਕੀਤਾ ਜਾਵੇਗਾ। ਦਾਨੀ ਸੱਜਣਾਂ ਵੱਲੋਂ ਖੇਡ ਕੈਂਪ ਲਈ ਫੰਡ ਇਕੱਠਾ ਕਰਨ ਤੇ ਉਸ ਦਾ ਹਿਸਾਬ ਰੱਖਣ ਲਈ ਵਿੱਤ ਕਮੇਟੀ ਨੌਜਵਾਨਾਂ ਦੀ ਬਣਾਈ ਗਈ ਹੈ, ਜਿਸ ਵਿਚ ਸੌਰਬ ਰਿਸ਼ੀ ਕਨਵੀਨਰ, ਤੇ ਕਰਮਜੀਤ ਸਿੰਘ, ਹਰਮਨ ਸਿੰਘ ਦਿਓਲ, ਅਨਮੋਲ ਸਿੰਘ ਚੀਮਾ, ਜੋਧਵੀਰ ਵਿਰਕ, ਸੁਖਜਿੰਦਰ ਸਿੰਘ ਕਾਹਲੋਂ, ਸੋਨੋ, ਮਨਪ੍ਰੀਤ ਸਿੰਘ ਗਿੱਲ ਤੇ ਗੁਰਮਿੰਦਰ ਸਿੰਘ ਗਿੰਦੀ ਨਿੱਝਰ ਮੈਂਬਰ ਹੋਣਗੇ। ਹਰਦਿਆਲ ਸਿੰਘ ਚੀਮਾ ਤੇ ਚਰਨਜੀਤ ਸਿੰਘ ਧਾਲੀਵਾਲ ਸਮੁੱਚੀ ਦੇਖਭਾਲ ਕਰਨਗੇ। ਹਰੇਕ ਸਾਲ ਵਿਲਸਨ ਪਲੇਅ ਫੀਲਡਜ਼ ਵਿਚ ਪੰਜਾਬ ਦੇ ਮੇਲੇ ਵਰਗਾ ਮਾਹੌਲ ਵੇਖਣ ਨੂੰ ਮਿਲਦਾ ਹੈ, ਜਿੱਥੇ ਛੋਟੇ-ਵੱਡੇ ਬੱਚੇ ਖੇਡਦੇ ਵੇਖ ਕੇ ਮੰਨ ਖੁਸ਼ ਹੁੰਦਾ ਹੈ। ਪੰਜਾਬੀ ਭਾਈਚਾਰੇ ਦੇ ਬੱਚਿਆਂ, ਨੌਜਵਾਨਾਂ ਤੇ ਬਜ਼ੁਰਗਾਂ ਨੂੰ 8 ਜੁਲਾਈ ਸ਼ਾਮ 5 ਵਜੇ ਪਹੁੰਚਣ ਤੇ ਅਰਦਾਸ ਵਿਚ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ, ਤਾਂ ਜੋ ਬੱਚਿਆਂ ਦੀ ਹੌਂਸਲਾ ਅਫਜ਼ਾਈ ਹੋ ਸਕੇ।



**ਸਵ. ਬਹਾਦਰ ਸਿੰਘ ਜੀ।**



**ਗੁਰਚਰਨ ਸਿੰਘ ਢਿੱਲੋਂ**



**ਬੱਚਿਆਂ ਦੀ ਖੇਡ ਕੈਂਪ ਦੀ ਝਲਕੀ।**

# ਪੰਜਾਬੀ ਭਾਈਚਾਰੇ ਦੀ ਮਦਦ ਨਾਲ ਸਤਪਾਲ ਸਿੱਧੂ ਵਾਟਸ ਕਾਊਂਟੀ ਐਗਜ਼ੈਕਟਿਵ ਦੀ ਚੋਣ ਲਈ ਦੂਸਰੀ ਵਾਰ ਮੈਦਾਨ 'ਚ ਨਿੱਤਰੇ





**ਸਤਪਾਲ ਸਿੰਘ ਸਿੱਧੂ ਪੇਪਰ ਨੋਮੀਨੇਸ਼ਨ ਫਾਈਲ ਕਰਨ ਸਮੇਂ। (ਸੱਜੇ) ਭਾਈ ਹਰੀ ਸਿੰਘ, ਭਾਈ ਰੂਰ ਸਿੰਘ, ਪਿੰਟੂ ਬਾਠ, ਹਰਦੇਵ ਸਿੰਘ ਜੱਜ, ਮਹਿੰਦਰ ਸਿੰਘ ਸੰਘਾ ਤੇ ਹੋਰ ਅਤੇ ਸਤਪਾਲ ਸਿੰਘ ਸਿੱਧੂ ਪੇਪਰ ਫਾਈਲ ਕਰਨ ਤੋਂ ਬਾਅਦ।**

ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)- ਬੈਲਗਹਿਮ ਦੇ ਸਤਪਾਲ ਸਿੱਧੂ ਵਾਟਸ ਕਾਊਂਟੀ ਐਗਜ਼ੈਕਟਿਵ ਦੀ ਚੋਣ ਲਈ ਦੂਸਰੀ ਵਾਰ ਚੋਣ ਮੈਦਾਨ ਵਿਚ ਨਿੱਤਰੇ ਹਨ, ਕਿਉਂਕਿ ਪਿਛਲੀ ਵਾਰ 2019 ਵਿਚ ਵਾਟਸ ਕਾਊਂਟੀ ਐਗਜ਼ੈਕਟਿਵ ਦੀ ਚੋਣ ਜਿੱਤ ਕੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ ਸੀ। ਸਤਪਾਲ ਸਿੱਧੂ ਭਾਰਤ ਤੋਂ ਇੰਜੀਨੀਅਰ ਤੇ ਐੱਮ.ਬੀ.ਏ. ਕਰਕੇ ਬੈਲਗਹਿਮ ਦੀ ਟੈਕਨੀਕਲ ਯੂਨੀਵਰਸਿਟੀ ਵਿਚ ਬਤੌਰ ਡੀਨ ਕੰਮ ਕੀਤਾ ਅਤੇ ਪੰਜਾਬੀ ਭਾਈਚਾਰੇ ਦੇ ਸਾਂਝੇ ਕੰਮਾਂ ਵਿਚ ਭਾਰੀ ਯੋਗਦਾਨ ਪਾਉਂਦੇ ਹਨ। 100 ਸਾਲ ਪਹਿਲਾਂ ਗਦਰੀ ਬਾਬਿਆਂ ਨੂੰ ਇਸੇ ਸ਼ਹਿਰ 'ਚ ਨਸਲੀ ਵਿਤਕਰਾ ਕਰਕੇ ਕੰਮ ਕਰਨ ਤੋਂ ਰੋਕਿਆ ਸੀ ਤੇ ਦੇਸ਼ ਨਿਕਾਲਾ ਦੇ ਦਿੱਤਾ ਸੀ। ਉਸੇ ਸ਼ਹਿਰ ਵਿਚ ਸਤਪਾਲ ਸਿੱਧੂ ਪਹਿਲਾਂ ਵਾਟਸ ਕਾਊਂਟੀ ਦੇ ਕੌਂਸਲ ਮੈਂਬਰ ਬਣੇ ਅਤੇ ਪਿਛਲੀ ਵਾਰ ਵਾਟਸ ਕਾਊਂਟੀ ਦੇ ਐਗਜ਼ੈਕਟਿਵ ਬਣੇ। ਚਾਰ ਸਾਲ ਬਾਅਦ ਸ਼ਾਨਦਾਰ ਕੰਮ ਕਰਨ 'ਤੇ ਮੁੜ ਚੋਣ ਮੈਦਾਨ 'ਚ ਨਿੱਤਰੇ ਹਨ, ਜਿਨ੍ਹਾਂ ਨੂੰ ਸਿਆਟਲ ਤੇ ਬੈਲਗਹਿਮ ਦੇ ਪੰਜਾਬੀ ਭਾਈਚਾਰੇ ਦੀ ਮਦਦ ਨਾਲ ਨੌਮੀਨੇਸ਼ਨ ਪੇਪਰ ਭਰੇ ਹਨ, ਜਿਨ੍ਹਾਂ ਦੀ ਜਿੱਤ ਯਕੀਨੀ ਹੈ। ਪੰਜਾਬੀ ਭਾਈਚਾਰੇ ਦਾ ਸਹਿਯੋਗ ਮਿਲ ਰਿਹਾ ਹੈ। ਇਸ ਮੌਕੇ ਦਯਿਆਬੀਰ ਸਿੰਘ ਪਿੰਟੂ ਬਾਠ, ਮਹਿੰਦਰ ਸਿੰਘ ਸੰਘਾ, ਰੂਰ ਸਿੰਘ, ਅਮਰਜੀਤ ਸਿੰਘ ਬਰਾੜ, ਕੁਲਬੀਰ ਸਿੰਘ ਤੇ ਹਰਦੇਵ ਸਿੰਘ ਜੱਜ ਹਾਜ਼ਰ ਰਹੇ। ਭਾਈ ਹਰੀ ਸਿੰਘ ਨੇ ਅਰਦਾਸ ਕੀਤੀ ਤੇ ਸਤਪਾਲ ਸਿੱਧੂ ਨੇ ਪੇਪਰ ਭਰੇ ਤੇ ਆਈ ਸੰਗਤ ਦਾ ਧੰਨਵਾਦ ਕੀਤਾ।

# ਜਨਸੀ ਸ਼ੋਸ਼ਣ ਮਾਮਲੇ 'ਚ ਸਰੀ ਦੇ ਗੁਰਦੁਆਰਾ ਸਾਹਿਬ ਦਾ ਕਰਮਚਾਰੀ ਗ੍ਰਿਫ਼ਤਾਰ

**ਵੈਨਕੂਵਰ, (ਪੰਜਾਬ ਮੇਲ)**- ਸਰੀ ਦੇ ਇਕ ਗੁਰਦੁਆਰਾ ਸਾਹਿਬ ਦੇ ਇਕ ਕਰਮਚਾਰੀ ਨੂੰ ਜਿਨਸੀ ਸ਼ੋਸ਼ਣ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ। ਆਰ.ਸੀ.ਐੱਮ. ਪੀ. ਨੂੰ ਇਕ ਰਿਪੋਰਟ ਮਿਲੀ ਸੀ ਕਿ 68ਵੇਂ ਐਵੇਨਿਊ 'ਤੇ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਵਿਚ ਜਾਂ ਉਸ ਦੇ ਖੇਤਰ ਵਿਚ ਇਕ ਨਾਬਾਲਗਾ ਦਾ ਜਿਨਸੀ ਸ਼ੋਸ਼ਣ ਕੀਤਾ ਗਿਆ ਸੀ। ਪੁਲਿਸ ਦੀ ਇਕ ਰਿਲੀਜ਼ ਅਨੁਸਾਰ ਇਸਦੀ ਵਿਸ਼ੇਸ਼ ਪੀੜਤ ਯੂਨਿਟ ਨੇ ਜਾਂਚ ਕੀਤੀ ਤੇ ਸ਼ੱਕੀ ਦੀ ਪਛਾਣ ਕੀਤੀ ਅਤੇ 5 ਮਈ, 2023 ਨੂੰ ਉਸ ਨੂੰ ਗ੍ਰਿਫ਼ਤਾਰ ਕੀਤਾ। ਸ਼ੱਕੀ, ਜਿਸ ਨੂੰ ਸ਼ਰਤਾਂ 'ਤੇ ਰਿਹਾਅ ਕੀਤਾ ਗਿਆ ਹੈ, ਸਰੀ ਗੁਰਦੁਆਰਾ ਸਾਹਿਬ ਦਾ ਕਰਮਚਾਰੀ ਹੈ ਅਤੇ ਉਸ ਦੇ ਮਾਲਕ ਨੂੰ ਕਰਮਚਾਰੀ 'ਤੇ ਲੱਗੇ ਦੋਸ਼ਾਂ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ। ਆਰ.ਸੀ.ਐੱਮ.ਪੀ. ਦਾ ਕਹਿਣਾ ਹੈ ਕਿ ਸ਼ੱਕੀ ਇਕ 58 ਸਾਲਾ ਪੁਰਸ਼ ਹੈ। ਫਿਲਹਾਲ ਜਾਂਚ ਜਾਰੀ ਹੈ ਅਤੇ ਅਜੇ ਤੱਕ ਦੋਸ਼ ਨਹੀਂ ਲਗਾਏ ਗਏ ਹਨ। ਵਰਤਮਾਨ ਵਿਚ ਆਰ.ਸੀ.ਐੱਮ.ਪੀ. ਹੋਰ ਸਬੂਤ ਅਤੇ ਜਾਣਕਾਰੀ ਇਕੱਠੀ ਕਰ ਰਹੀ ਹੈ ਅਤੇ ਉਮੀਦ ਕਰ ਰਹੀ ਹੈ ਕਿ 4 ਮਈ ਨੂੰ ਸਵੇਰੇ 6 ਵਜੇ ਤੋਂ 8 ਵਜੇ ਦੇ ਵਿਚਕਾਰ ਗੁਰਦੁਆਰਾ ਦੁੱਖ ਨਿਵਾਰਨ ਵਿਖੇ ਵਾਪਰੀ ਉਕਤ ਘਟਨਾ ਤੋਂ ਜਾਣੂ ਕੋਈ ਵੀ ਵਿਅਕਤੀ ਪੁਲਿਸ ਨਾਲ ਹਵਾਲਾ ਫਾਈਲ ਨੰਬਰ 2023-69537 ਨਾਲ ਸੰਪਰਕ ਕਰੇ।






Designed By Punjab Mail USA

# ਫਰਿਜ਼ਨੋ ਵਿਖੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ 300 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਦਿਵਸ ਮਨਾਇਆ

**ਫਰਿਜ਼ਨੋ, (ਕੁਲਵੰਤ ਧਾਲੀਆਂ/ ਪੰਜਾਬ ਮੇਲ)**- ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਸਿੱਖ ਕੌਮ ਦੇ ਮਹਾਨ ਜਰਨੈਲ ਅਤੇ ਆਗੂ ਜੱਸਾ ਸਿੰਘ ਰਾਮਗੜੀਆ ਦੀ 300 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਗੁਰਮਤਿ ਸਮਾਗਮ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਕਰਵਾਏ ਗਏ। ਜਿੱਥੇ ਪਾਠਾਂ ਦੇ ਭੋਗ ਉਪਰੰਤ ਹਫਤਾਵਾਰੀ ਧਾਰਮਿਕ ਦੀਵਾਨ ਸਜਾਏ ਗਏ। ਜਿਨ੍ਹਾਂ ਵਿਚ ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਸਰਬਜੀਤ ਸਿੰਘ ਅਤੇ ਸਾਥੀਆਂ ਨੇ ਸੰਗਤਾਂ ਨੂੰ ਨਿਰੋਲ ਗੁਰਬਾਣੀ ਅਤੇ ਗੁਰਮਤਿ ਨਾਲ ਜੋੜਿਆ। ਇਸ ਉਪਰੰਤ ਗੁਰੂਘਰ ਦੇ



ਹਜ਼ੂਰੀ ਗ੍ਰੰਥੀ ਭਾਈ ਮਲਕੀਤ ਸਿੰਘ ਕਰਨਾਲ ਵਾਲਿਆਂ ਨੇ ਕਥਾ ਵਿਚਾਰਾਂ ਕਰਦੇ ਹੋਏ ਸਿੱਖ ਜਰਨੈਲ ਜੱਸਾ ਸਿੰਘ ਰਾਮਗੜੀਆ ਦੇ ਜੀਵਨ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਵਿਦਵਾਨਾਂ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਜਦਕਿ ਗੁਰੂਘਰ ਦੇ ਸਟੇਜ ਸਕੱਤਰ ਗੁਰਪ੍ਰੀਤ ਸਿੰਘ ਮਾਨ ਨੇ ਬੋਲਦੇ ਹੋਏ ਜਿੱਥੇ ਸਿੱਖ ਜਰਨੈਲ ਜੱਸਾ ਸਿੰਘ ਰਾਮਗੜੀਆ ਦੀ ਸਿੱਖ ਕੌਮ ਨੂੰ ਬਹਾਦਰ ਬਣਾਉਣ ਦੀ ਗੱਲ ਕੀਤੀ, ਉੱਥੇ ਸਮੂਹ ਪ੍ਰਬੰਧਕਾਂ ਅਤੇ ਸੰਗਤ ਦਾ ਧੰਨਵਾਦ ਵੀ ਕੀਤਾ। ਸਮੁੱਚੇ ਪ੍ਰੋਗਰਾਮ ਦੀ ਸੇਵਾ "ਵਰਲਡ ਫਾਈਨੈਂਸ਼ਲ ਗਰੁੱਪ (ਡਬਲਯੂ.ਐੱਫ.ਜੀ.) ਅਤੇ ਸੰਗਤਾਂ ਵੱਲੋਂ ਨਿਭਾਈ ਗਈ। ਗੁਰੂ ਦੇ ਲੰਗਰ ਅਤੁੱਟ ਵਰਤੇ।

# ਕਰਜ਼ੇ 'ਚ ਡੁੱਬੇ ਅਮਰੀਕਾ ਦੇ ਡਿਫਾਲਟਰ ਬਣਨ ਦਾ ਖ਼ਤਰਾ : ਅਮਰੀਕੀ ਵਿੱਤ ਮੰਤਰੀ ਵੱਲੋਂ ਖੁਲਾਸਾ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਦੀ ਵਿੱਤ ਮੰਤਰੀ ਜੈਨੇਟ ਯੇਲੇਨ ਨੇ ਅਮਰੀਕਾ ਦੀ ਆਰਥਿਕ ਸਥਿਤੀ ਨੂੰ ਲੈ ਕੇ ਹੈਰਾਨ ਕਰਨ ਵਾਲਾ ਖੁਲਾਸਾ ਕੀਤਾ ਹੈ। ਉਨ੍ਹਾਂ ਕਿਹਾ ਕਿ ਕਰਜ਼ੇ ਵਿਚ ਡੁੱਬੇ ਅਮਰੀਕਾ ਦੇ ਡਿਫਾਲਟਰ ਬਣਨ ਦਾ ਖ਼ਤਰਾ ਹੈ। ਯੇਲੇਨ ਨੇ ਜਾਪਾਨ 'ਚ ਜੀ-7, ਗਰੁੱਪ ਆਫ ਸੇਵਨ ਦੇ ਨਾਲ-ਨਾਲ ਭਾਰਤ, ਇੰਡੋਨੇਸ਼ੀਆ ਅਤੇ ਬ੍ਰਾਜ਼ੀਲ ਦੇ ਵਿੱਤ ਮੰਤਰੀਆਂ ਨਾਲ ਬੈਠਕ ਤੋਂ ਪਹਿਲਾਂ ਇਕ ਪ੍ਰੈੱਸ ਕਾਨਫਰੰਸ 'ਚ ਇਹ ਸਖਤ ਚਿਤਾਵਨੀ ਦਿੱਤੀ।

ਵਿੱਤ ਮੰਤਰੀ ਜੈਨੇਟ ਦੇ ਅਨੁਸਾਰ, 31.46 ਟ੍ਰਿਲੀਅਨ ਡਾਲਰ ਦੇ ਕਰਜ਼ੇ ਦੀ ਅਦਾਇਗੀ ਵਿਚ ਅਮਰੀਕੀ ਸਰਕਾਰ ਦੀ ਡਿਫਾਲਟ ਦੁਨੀਆਂ ਭਰ ਵਿਚ ਆਰਥਿਕ ਸੰਕਟ ਦਾ ਕਾਰਨ ਬਣ ਸਕਦੀ ਹੈ। ਯੇਲੇਨ ਨੇ ਕਿਹਾ ਕਿ ਇਸ ਮੁੱਦੇ 'ਤੇ ਰਿਪਬਲਿਕਨ ਪਾਰਟੀ ਦੇ ਅਸਹਿਯੋਗ ਕਾਰਨ ਸੰਕਟ ਪੈਦਾ ਹੋਇਆ ਹੈ। ਡਿਫਾਲਟ ਦੀ ਧਮਕੀ ਅਮਰੀਕੀ ਸਰਕਾਰ ਦੀ ਕ੍ਰੈਡਿਟ ਰੇਟਿੰਗ ਵਿਚ ਗਿਰਾਵਟ ਦਾ ਕਾਰਨ ਬਣ ਸਕਦੀ ਹੈ, ਜਿਵੇਂ ਕਿ 2011 ਵਿਚ ਕਰਜ਼ੇ ਦੀ ਸੀਲਿੰਗ ਟਕਰਾਅ ਦੌਰਾਨ ਹੋਇਆ ਸੀ।

ਅਮਰੀਕੀ ਖਜ਼ਾਨਾ ਮੁਖੀ ਜੈਨੇਟ ਯੇਲੇਨ ਨੇ ਕਾਂਗਰਸ ਨੂੰ 31.4 ਟ੍ਰਿਲੀਅਨ ਡਾਲਰ ਦੀ ਫੈਡਰਲ ਕਰਜ਼ੇ ਦੀ ਸੀਮਾ ਵਧਾਉਣ ਅਤੇ ਡਿਫਾਲਟ ਤੋਂ ਬਚਣ ਦੀ ਅਪੀਲ ਕੀਤੀ। ਯੇਲੇਨ ਨੇ ਕਿਹਾ ਕਿ ਜੇਕਰ ਅਜਿਹਾ ਨਾ ਹੋ ਸਕਿਆ, ਤਾਂ ਦੁਨੀਆਂ ਭਰ 'ਚ ਆਰਥਿਕ ਮੰਦੀ ਦਾ ਖਤਰਾ ਪੈਦਾ ਹੋ ਜਾਵੇਗਾ ਅਤੇ ਦੁਨੀਆਂ ਭਰ 'ਚ ਅਮਰੀਕੀ ਆਰਥਿਕ ਲੀਡਰਸ਼ਿਪ ਦੇ ਕਮਜ਼ੋਰ ਹੋਣ ਦਾ ਖਤਰਾ ਵੀ ਕਾਫੀ ਵਧ ਜਾਵੇਗਾ। ਯੇਲੇਨ ਨੇ ਕਿਹਾ ਕਿ ਕਰਜ਼ੇ ਦੀ ਅਦਾਇਗੀ ਕਰਨ ਵਿਚ ਡਿਫਾਲਟ ਤੋਂ ਉਨ੍ਹਾਂ ਲਾਭ ਦੇ ਖ਼ਤਮ ਹੋਣ ਦਾ ਖ਼ਤਰਾ ਹੋਵੇਗਾ, ਜਿਹੜੇ ਪਿਛਲੇ ਕੁਝ ਸਾਲਾਂ ਵਿਚ ਮਹਾਮਾਰੀ ਤੋਂ ਉਭਰਨ ਲਈ ਸਖ਼ਤ ਮਿਹਨਤ ਕਰਕੇ ਹਾਸਲ ਕੀਤੇ ਗਏ ਹਨ। ਇਸ ਦੇ ਨਾਲ ਹੀ ਇਹ ਇੱਕ ਗਲੋਬਲ ਮੰਦੀ ਨੂੰ ਵਧਾ ਦੇਵੇਗਾ, ਜਿਹੜਾ ਕਿ ਅਮਰੀਕਾ ਨੂੰ ਪਿੱਛੇ ਲੈ ਜਾਵੇਗਾ। ਇਸ ਨਾਲ ਦੇਸ਼ ਦੀ ਰਾਸ਼ਟਰੀ ਸੁਰੱਖਿਆ ਦੇ ਹਿੱਤਾਂ 'ਤੇ ਵੀ ਖਤਰਾ ਵਧੇਗਾ। ਮਹੱਤਵਪੂਰਨ ਗੱਲ ਇਹ ਹੈ ਕਿ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਪਹਿਲਾਂ ਹੀ ਕਿਹਾ ਸੀ ਕਿ ਜੇਕਰ ਕਾਂਗਰਸ ਸਰਕਾਰ ਦੇ ਬਿੱਲਾਂ ਦਾ ਭੁਗਤਾਨ ਕਰਨ ਲਈ ਖਜ਼ਾਨਾ ਕੋਲ ਪੈਸਾ ਖਤਮ ਹੋਣ ਤੋਂ ਪਹਿਲਾਂ ਕਰਜ਼ੇ ਦੀ ਸੀਮਾ ਵਿਚ ਵਾਧੇ ਨੂੰ ਮਨਜ਼ੂਰੀ ਨਹੀਂ ਦਿੰਦੀ ਹੈ, ਤਾਂ ਜੂਨ ਤੋਂ ਅਮਰੀਕੀ ਅਰਥਚਾਰੇ ਦੇ ਮੰਦੀ ਵਿਚ ਫਸਣ ਦਾ ਖਤਰਾ ਹੈ।

ਖਜ਼ਾਨਾ ਸਕੱਤਰ ਯੇਲੇਨ ਨੇ ਕਿਹਾ ਕਿ ਸੰਕਟ ਆਟੋ ਭੁਗਤਾਨਾਂ ਅਤੇ ਕ੍ਰੈਡਿਟ ਕਾਰਡਾਂ 'ਤੇ ਵਿਆਜ ਦਰਾਂ ਨੂੰ ਵਧਾ ਸਕਦਾ ਹੈ। ਜਦੋਂ ਕਿ ਕਰਜ਼ਿਆਂ ਦੀਆਂ ਦਰਾਂ ਪਹਿਲਾਂ ਹੀ 1 ਜੂਨ ਦੇ ਆਸਪਾਸ ਵੱਧ ਰਹੀਆਂ ਸਨ। ਇਸ ਕਾਰਨ ਅਮਰੀਕੀ ਅਰਥਚਾਰੇ ਨੂੰ ਵੱਡਾ ਝਟਕਾ ਝੱਲਣਾ ਪਵੇਗਾ।

# ਪਾਕਿ ਅਦਾਲਤ ਨੇ ਇਮਰਾਨ ਖਾਨ ਦੀ ਜ਼ਮਾਨਤ ਦੀ ਮਿਆਦ 8 ਜੂਨ ਤੱਕ ਵਧਾਈ

**ਇਸਲਾਮਾਬਾਦ, (ਪੰਜਾਬ ਮੇਲ)**- ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਅਦਾਲਤ ਨੇ ਵੱਡੀ ਰਾਹਤ ਦਿੱਤੀ ਹੈ। ਪਾਕਿਸਤਾਨ ਦੀ ਇਕ ਹਾਈ ਕੋਰਟ ਨੇ ਹਿੰਸਾ ਭੜਕਾਉਣ ਅਤੇ ਦੇਸ਼ਧ੍ਰੋਹ ਨਾਲ ਸਬੰਧਤ ਦੋ ਮਾਮਲਿਆਂ ਵਿਚ ਇਮਰਾਨ ਖਾਨ ਦੀ ਜ਼ਮਾਨਤ ਦੀ ਮਿਆਦ ਮੰਗਲਵਾਰ ਨੂੰ 8 ਜੂਨ ਤੱਕ ਵਧਾ ਦਿੱਤਾ। ਇਸਲਾਮਾਬਾਦ ਹਾਈ ਕੋਰਟ (ਆਈ.ਏ.ਵੀ.ਸੀ.) ਦੀ ਇਕਹਿਰੀ ਬੈਂਚ ਨੇ ਰਾਜ ਦੇ ਅਦਾਰਿਆਂ ਦੇ ਉੱਚ ਅਧਿਕਾਰੀਆਂ ਵਿਰੁੱਧ ਦੋਸ਼ਾਂ ਖਾਨ ਦੇ ਸਮਰਥਕਾਂ ਦੁਆਰਾ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ.ਐੱਮ.ਐੱਲ.-



ਐੱਨ.) ਦੇ ਨੇਤਾ ਮੋਹਸਿਨ ਰਾਂਝਾ ਨਾਲ ਛੇੜਛਾੜ ਨਾਲ ਸਬੰਧਤ ਕੇਸ ਦੀ ਸੁਣਵਾਈ ਕੀਤੀ। ਚੀਫ਼ ਜਸਟਿਸ ਆਮਿਰ ਫਾਰੂਕ ਨੇ ਵਕੀਲਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ.ਟੀ.ਆਈ.) ਦੇ ਮੁਖੀ ਦੀ ਜ਼ਮਾਨਤ 8 ਜੂਨ ਤੱਕ ਵਧਾ ਦਿੱਤਾ। ਅਦਾਲਤ ਨੇ ਸਾਬਕਾ ਪ੍ਰਧਾਨ ਮੰਤਰੀ ਨੂੰ ਅਦਾਲਤ ਵਿਚ ਪੇਸ਼ ਹੋਣ ਤੋਂ ਵੀ ਛੋਟ ਦਿੱਤੀ ਸੀ। ਚੀਫ਼ ਜਸਟਿਸ ਫਾਰੂਕ ਨੇ ਖ਼ਾਨ ਦੀ ਅਦਾਲਤ ਕੰਪਲੈਕਸ ਤੋਂ ਖਾਨ ਦੀ ਗ੍ਰਿਫ਼ਤਾਰੀ ਨਾਲ ਸਬੰਧਤ ਐੱਫ.ਆਈ.ਆਰ. ਬਾਰੇ ਵੀ ਸਵਾਲ ਕੀਤਾ। ਅਟਾਰਨੀ ਜਨਰਲ ਨੇ ਇਸ ਦੇ ਜਵਾਬ ਵਿਚ ਕਿਹਾ ਕਿ ਇਹ ਮਾਮਲਾ ਸੁਪਰੀਮ ਕੋਰਟ ਵਿਚ ਵਿਚਾਰ ਅਧੀਨ ਹੈ। ਇਸਲਾਮਾਬਾਦ ਹਾਈ ਕੋਰਟ ਨੇ ਖਾਨ (70) ਨੂੰ ਜ਼ਮਾਨਤ ਦਿੰਦੇ ਹੋਏ 9 ਮਈ ਤੋਂ ਬਾਅਦ ਦਰਜ ਕੀਤੇ ਗਏ ਸਾਰੇ ਮਾਮਲਿਆਂ ਵਿਚ ਉਸ ਦੀ ਗ੍ਰਿਫ਼ਤਾਰੀ 'ਤੇ ਰੋਕ ਲਗਾ ਦਿੱਤੀ ਸੀ। ਉਸ ਨੂੰ ਅਗਾਊਂ ਰਾਹਤ ਲਈ 15 ਮਈ ਨੂੰ ਲਾਹੌਰ ਹਾਈ ਕੋਰਟ ਕੋਲ ਜਾਣ ਲਈ ਕਿਹਾ ਗਿਆ ਸੀ।

ਖਾਨ ਖ਼ਿਲਾਫ਼ ਪਿਛਲੇ ਸਾਲ ਅਪ੍ਰੈਲ 'ਚ ਸੱਤਾ ਤੋਂ ਲਾਂਭੇ ਹੋਣ ਤੋਂ ਬਾਅਦ ਕਈ ਮਾਮਲੇ ਦਰਜ ਹਨ। ਖਾਨ ਦਾ ਦੋਸ਼ ਹੈ ਕਿ ਸਾਰੇ ਮਾਮਲੇ ਰਾਜਨੀਤੀ ਤੋਂ ਪ੍ਰੇਰਿਤ ਹਨ। ਇਸ ਦੌਰਾਨ ਲਾਹੌਰ ਹਾਈ ਕੋਰਟ (ਐੱਲ.ਐੱਚ.ਸੀ.) ਨੇ ਮੰਗਲਵਾਰ ਨੂੰ ਖਾਨ ਦੀ ਪਿਛਲੇ ਹਫ਼ਤੇ ਅਲ ਕਾਦਿਰ ਟਰੱਸਟ ਮਾਮਲੇ 'ਚ ਗ੍ਰਿਫ਼ਤਾਰੀ ਤੋਂ ਬਾਅਦ ਪੰਜਾਬ ਸੂਬੇ 'ਚ ਉਸ ਖ਼ਿਲਾਫ਼ ਦਰਜ ਸਾਰੇ ਮਾਮਲਿਆਂ 'ਚ ਜ਼ਮਾਨਤ ਦੀ ਮੰਗ ਕਰਨ ਵਾਲੀ ਪਟੀਸ਼ਨ 'ਤੇ ਫ਼ੈਸਲਾ ਸੁਰੱਖਿਅਤ ਰੱਖ ਲਿਆ।




# ਅਮਰੀਕਾ ਗ੍ਰੀਨ ਕਾਰਡ ਕੋਟਾ ਖਤਮ ਕਰਨ 'ਤੇ ਕਰ ਰਿਹੈ ਵਿਚਾਰ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਵਿਚ ਸੱਤਾਧਾਰੀ ਡੈਮੋਕ੍ਰੇਟਿਕ ਪਾਰਟੀ ਨੇ ਬੁੱਧਵਾਰ ਨੂੰ ਨਾਗਰਿਕਤਾ ਬਿੱਲ ਪੇਸ਼ ਕੀਤਾ। ਇਸ 'ਚ ਗ੍ਰੀਨ ਕਾਰਡ ਲਈ ਦੇਸ਼ਾਂ ਦਾ ਕੋਟਾ ਖ਼ਤਮ ਕਰਨ ਅਤੇ ਐੱਚ-1ਬੀ ਵੀਜ਼ਾ ਪ੍ਰਣਾਲੀ 'ਚ ਬਦਲਾਅ ਦੀ ਵਿਵਸਥਾ ਹੈ। ਕਾਂਗਰਸ ਮੈਂਬਰ ਲਿੰਡਾ ਸਾਂਚੇਜ਼ ਦੁਆਰਾ ਪੇਸ਼ ਕੀਤਾ ਗਿਆ 'ਅਮਰੀਕਨ ਸਿਟੀਜ਼ਨਸ਼ਿਪ ਐਕਟ 2023', ਸਾਰੇ 1.1 ਕਰੋੜ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਨੂੰ ਨਾਗਰਿਕਤਾ ਦੇਣ ਦੀ ਰੂਪਰੇਖਾ ਦਿੰਦਾ ਹੈ। ਇਸ ਵਿਚ ਹਰੇਕ ਦੇਸ਼ ਦੀ ਸਰਹੱਦ ਨੂੰ ਖ਼ਤਮ ਕਰਕੇ ਰੁਜ਼ਗਾਰ ਆਧਾਰਤ ਇਮੀਗ੍ਰੇਸ਼ਨ ਪ੍ਰਣਾਲੀ ਵਿਚ ਵੀ ਤਬਦੀਲੀਆਂ ਦਾ ਪ੍ਰਸਤਾਵ ਰੱਖਿਆ ਗਿਆ ਹੈ। ਇਹ ਬਿੱਲ ਅਮਰੀਕੀ ਯੂਨੀਵਰਸਿਟੀਆਂ ਤੋਂ ਵਿਗਿਆਨ, ਤਕਨਾਲੋਜੀ, ਇੰਜਨੀਅਰਿੰਗ ਅਤੇ ਗਣਿਤ ਦੀਆਂ ਡਿਗਰੀਆਂ ਵਾਲੇ ਲੋਕਾਂ ਲਈ ਦੇਸ਼ ਵਿਚ ਰਹਿਣਾ ਆਸਾਨ ਬਣਾ ਦੇਵੇਗਾ। ਨਾਲ ਹੀ ਘੱਟ ਤਨਖਾਹ ਵਾਲੇ ਉਦਯੋਗਾਂ ਵਿਚ

**■ ਨਾਗਰਿਕਤਾ ਬਿੱਲ ਕੀਤਾ ਪੇਸ਼**




ਕੰਮ ਕਰਨ ਵਾਲੇ ਲੋਕਾਂ ਲਈ ਗ੍ਰੀਨ ਕਾਰਡ ਸੁਰੱਖਿਅਤ ਕਰਨਾ, ਐੱਚ-1ਬੀ ਵੀਜ਼ਾ ਧਾਰਕਾਂ ਦੇ ਆਸ਼ਰਿਤਾਂ ਨੂੰ ਦੇਸ਼ ਵਿਚ ਕੰਮ ਕਰਨ ਦੀ ਇਜਾਜ਼ਤ ਦੇਣਾ ਅਤੇ ਐੱਚ-1ਬੀ ਵੀਜ਼ਾ ਧਾਰਕਾਂ ਦੇ ਬੱਚਿਆਂ ਨੂੰ ਸਿਸਟਮ ਤੋਂ ਬਾਹਰ ਰੱਖਣ ਨਾਲ ਇਸ ਨੂੰ ਰੋਕਣ ਵਿਚ ਮਦਦ ਮਿਲੇਗੀ।

ਐੱਚ-1ਬੀ ਵੀਜ਼ਾ ਇੱਕ ਗੈਰ-ਪ੍ਰਵਾਸੀ ਵੀਜ਼ਾ ਹੈ, ਜੋ ਅਮਰੀਕੀ ਕੰਪਨੀਆਂ ਨੂੰ ਉਨ੍ਹਾਂ ਕਿੱਤਿਆਂ ਵਿਚ ਵਿਦੇਸ਼ੀ ਕਾਮਿਆਂ ਨੂੰ ਨਿਯੁਕਤ ਕਰਨ ਦੀ ਇਜਾਜ਼ਤ ਦਿੰਦਾ ਹੈ, ਜਿਨ੍ਹਾਂ ਲਈ ਸਿਧਾਂਤਕ ਜਾਂ ਤਕਨੀਕੀ ਮੁਹਾਰਤ ਦੀ ਲੋੜ ਹੁੰਦੀ ਹੈ। ਤਕਨਾਲੋਜੀ ਕੰਪਨੀਆਂ ਭਾਰਤ ਅਤੇ ਚੀਨ ਵਰਗੇ ਦੇਸ਼ਾਂ ਤੋਂ ਹਰ ਸਾਲ ਹਜ਼ਾਰਾਂ ਕਰਮਚਾਰੀਆਂ ਦੀ ਭਰਤੀ ਕਰਨ ਲਈ ਐੱਚ-1ਬੀ ਵੀਜ਼ਾ 'ਤੇ ਨਿਰਭਰ ਕਰਦੀਆਂ ਹਨ। ਜਦੋਂ ਕਿ ਗ੍ਰੀਨ ਕਾਰਡ ਨੂੰ ਅਧਿਕਾਰਤ ਤੌਰ 'ਤੇ ਸਥਾਈ ਨਿਵਾਸੀ ਕਾਰਡ ਵਜੋਂ ਜਾਣਿਆ ਜਾਂਦਾ ਹੈ। ਇੱਕ ਗ੍ਰੀਨ ਕਾਰਡ ਇੱਕ ਦਸਤਾਵੇਜ਼ ਹੈ, ਜੋ ਸੰਯੁਕਤ ਰਾਜ ਵਿਚ ਪ੍ਰਵਾਸੀਆਂ ਨੂੰ ਇਸ ਗੱਲ ਦੇ ਸਬੂਤ ਵਜੋਂ ਜਾਰੀ ਕੀਤਾ ਜਾਂਦਾ ਹੈ ਕਿ ਗ੍ਰੀਨ ਕਾਰਡ ਧਾਰਕ ਨੂੰ ਸਥਾਈ ਤੌਰ 'ਤੇ ਦੇਸ਼ ਵਿਚ ਰਹਿਣ ਦੀ ਇਜਾਜ਼ਤ ਦਿੱਤੀ ਗਈ ਹੈ। ਕਾਂਗਰਸ ਵੂਮੈਨ ਸਾਂਚੇਜ਼ ਨੇ ਕਿਹਾ ਕਿ "ਮੈਕਸੀਕੋ ਤੋਂ ਪਰਵਾਸੀ ਮਾਪਿਆਂ ਦੀ ਧੀ ਹੋਣ ਦੇ ਨਾਤੇ, ਮੈਂ ਯੂ.ਐੱਸ ਸਿਟੀਜ਼ਨਸ਼ਿਪ ਐਕਟ ਪੇਸ਼ ਕਰ ਕੇ ਇੱਕ ਦਲੇਰ, ਪਰਿਵਰਤਨਸ਼ੀਲ ਢਾਂਚਾ ਪੇਸ਼ ਕਰਨ 'ਤੇ ਸਨਮਾਨਿਤ ਮਹਿਸੂਸ ਕਰ ਰਹੀ ਹਾਂ, ਜੋ ਸਾਡੀ ਇਮੀਗ੍ਰੇਸ਼ਨ ਪ੍ਰਣਾਲੀ ਵਿਚ ਕਮੀਆਂ ਨੂੰ ਬੰਦ ਕਰਨ ਵਿਚ ਮਦਦ ਕਰੇਗਾ।"

# ਸੁਪਰੀਮ ਕੋਰਟ ਨੇ ਦਿੱਲੀ ਸਰਕਾਰ ਅਤੇ ਕੇਂਦਰ ਵਿਚਾਲੇ ਵਿਵਾਦ 'ਤੇ ਸੁਣਾਇਆ ਅਹਿਮ ਫੈਸਲਾ

**ਨਵੀਂ ਦਿੱਲੀ, (ਪੰਜਾਬ ਮੇਲ)**-ਸੁਪਰੀਮ ਕੋਰਟ ਦੇ ਪੰਜ ਜੱਜਾਂ ਦੇ ਸੰਵਿਧਾਨਕ ਬੈਂਚ ਨੇ ਵੀਰਵਾਰ ਨੂੰ ਸਰਬਸਮੰਤੀ ਨਾਲ ਦਿੱਲੀ ਸਰਕਾਰ ਅਤੇ ਕੇਂਦਰ ਵਿਚਾਲੇ ਵਿਵਾਦ 'ਤੇ ਆਪਣਾ ਅਹਿਮ ਫੈਸਲਾ ਸੁਣਾਇਆ। ਉਸ ਨੇ ਕਿਹਾ ਕਿ ਦਿੱਲੀ ਸਰਕਾਰ ਕੋਲ ਉਹੀ ਅਧਿਕਾਰ ਹਨ, ਜੋ ਦਿੱਲੀ ਵਿਧਾਨ ਸਭਾ ਕੋਲ ਹਨ। ਦਿੱਲੀ ਸਰਕਾਰ ਕੋਲ ਸੇਵਾਵਾਂ ਉੱਤੇ ਵਿਧਾਨਿਕ ਅਤੇ ਕਾਰਜਕਾਰੀ ਅਧਿਕਾਰ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਉਹ ਜਸਟਿਸ ਅਸ਼ੋਕ ਭੂਸ਼ਨ ਦੇ 2019 ਦੇ ਫੈਸਲੇ ਨਾਲ ਸਹਿਮਤ ਨਹੀਂ। 2019 ਵਿਚ ਜਸਟਿਸ ਭੂਸ਼ਨ ਨੇ ਪੂਰੀ ਤਰ੍ਹਾਂ ਕੇਂਦਰ ਦੇ ਹੱਕ ਵਿਚ ਫੈਸਲਾ ਦਿੱਤਾ ਸੀ। ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ, ਜਸਟਿਸ ਐੱਮ.ਆਰ. ਸ਼ਾਹ, ਜਸਟਿਸ ਕ੍ਰਿਸ਼ਨਾ ਮੁਰਾਰੀ, ਜਸਟਿਸ ਹਿਮਾ ਕੋਹਲੀ ਅਤੇ ਜਸਟਿਸ ਪੀ.ਐੱਸ. ਨਰਸਿਮ੍ਹਾ ਸ਼ਾਮਲ ਸਨ। ਸੁਪਰੀਮ ਕੋਰਟ ਨੇ ਪ੍ਰਸ਼ਾਸਨਿਕ ਸੇਵਾਵਾਂ 'ਤੇ ਅਧਿਕਾਰ ਬਾਰੇ ਦਿੱਲੀ ਸਰਕਾਰ ਦੀ ਪਟੀਸ਼ਨ 'ਤੇ ਸਰਬਸੰਮਤੀ ਨਾਲ ਫੈਸਲਾ ਦਿੱਤਾ ਹੈ। ਫੈਸਲਾ ਪੜ੍ਹਦੇ ਹੋਏ ਸੁਪਰੀਮ ਕੋਰਟ ਨੇ ਕਿਹਾ, "ਦਿੱਲੀ ਵਿਧਾਨ ਸਭਾ ਦੇ ਮੈਂਬਰ, ਹੋਰ ਵਿਧਾਨ ਸਭਾਵਾਂ ਵਾਂਗ, ਲੋਕਾਂ ਦੁਆਰਾ ਸਿੱਧੇ ਤੌਰ 'ਤੇ ਚੁਣੇ ਜਾਂਦੇ ਹਨ। ਲੋਕਤੰਤਰ ਅਤੇ ਸੰਘੀ ਢਾਂਚੇ ਦਾ ਸਤਿਕਾਰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ।

# ਭਾਰਤੀ-ਅਮਰੀਕੀ ਵਿਵੇਕ ਰਾਮਾਸਵਾਮੀ ਵੱਲੋਂ ਅਮਰੀਕੀ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਦੀ ਦਾਅਵੇਦਾਰੀ ਪੇਸ਼



**■ ਕਿਹਾ: ਸੱਤਾ 'ਚ ਆਏ ਤਾਂ ਵੋਟ ਦੇਣ ਦੇ ਨਾਗਰਿਕਤਾ ਸੰਬੰਧੀ ਕਾਨੂੰਨ ਵਿਚ ਕੀਤੀ ਜਾਵੇਗੀ ਸੋਧ**

**■ ਵੋਟਿੰਗ ਲਈ ਲਾਗੂ ਹੋਣਗੀਆਂ ਇਹ ਸ਼ਰਤਾਂ**

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਵਿਚ ਅਗਲੇ ਸਾਲ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਵਿਚ ਭਾਰਤੀ ਮੂਲ ਦੇ ਵਿਵੇਕ ਰਾਮਾਸਵਾਮੀ ਵੀ ਆਪਣੀ ਦਾਅਵੇਦਾਰੀ ਪੇਸ਼ ਕਰ ਰਹੇ ਹਨ। ਹੁਣ ਰਾਮਾਸਵਾਮੀ ਨੇ ਕਿਹਾ ਹੈ ਕਿ ਜੇਕਰ ਉਹ ਸੱਤਾ ਵਿਚ ਆਉਂਦੇ ਹਨ ਤਾਂ ਵੋਟ ਦੇਣ ਦੇ ਨਾਗਰਿਕਤਾ ਸੰਬੰਧੀ ਕਾਨੂੰਨ ਵਿਚ ਸੋਧ ਕੀਤੀ ਜਾਵੇਗੀ। ਇਸ ਸੋਧ ਦੇ ਤਹਿਤ ਵੋਟ ਦੇਣ ਦੀ ਉਮਰ 18 ਸਾਲ ਤੋਂ ਵਧਾ ਕੇ 25 ਸਾਲ ਕੀਤੀ ਜਾਵੇਗੀ। ਨਾਲ ਹੀ ਜੇਕਰ ਕੋਈ 18 ਸਾਲ ਦੀ ਉਮਰ 'ਚ ਵੋਟ ਦੇਣਾ ਚਾਹੇਗਾ, ਤਾਂ ਉਸ ਲਈ ਛੇ ਮਹੀਨੇ ਤੱਕ ਫੌਜ ਵਿਚ ਸੇਵਾਵਾਂ ਦੇਣਾ ਲਾਜ਼ਮੀ ਕਰ ਦਿੱਤਾ ਜਾਵੇਗਾ।

ਵਿਵੇਕ ਰਾਮਾਸਵਾਮੀ ਰਿਪਬਲਿਕਨ ਪਾਰਟੀ ਦੀ ਤਰਫੋਂ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰੀ 'ਤੇ ਦਾਅਵਾ ਪੇਸ਼ ਕਰ ਰਹੇ ਹਨ। ਰਾਮਾਸਵਾਮੀ ਨੇ ਵੀਰਵਾਰ ਨੂੰ ਘੋਸ਼ਣਾ ਕੀਤੀ ਕਿ ਉਹ ਵੋਟ ਕਾਨੂੰਨ ਦੇ ਨਾਗਰਿਕ ਫਰਜ਼ ਵਿਚ ਸੋਧ ਦਾ ਸਮਰਥਨ ਕਰਦੇ ਹਨ। ਇਸ ਸੋਧ ਤਹਿਤ ਅਮਰੀਕਾ ਵਿਚ ਵੋਟ ਪਾਉਣ ਦੀ ਉਮਰ 18 ਸਾਲ ਤੋਂ ਵਧਾ ਕੇ 25 ਸਾਲ ਕਰ ਦਿੱਤੀ ਜਾਵੇਗੀ। ਹਾਲਾਂਕਿ 18 ਸਾਲ ਤੋਂ ਵੱਧ ਉਮਰ ਦੇ ਨੌਜਵਾਨ ਵੀ ਵੋਟ ਪਾ ਸਕਣਗੇ ਪਰ ਇਸ ਲਈ ਕੁਝ ਸ਼ਰਤਾਂ ਲਗਾਈਆਂ ਜਾਣਗੀਆਂ।

ਸੋਧ ਦੇ ਤਹਿਤ 18 ਸਾਲ ਦੀ ਉਮਰ ਵਿਚ ਵੋਟ ਦੇਣ ਲਈ ਅਮਰੀਕੀ ਨਾਗਰਿਕਾਂ ਨੂੰ ਘੱਟੋ-ਘੱਟ ਛੇ ਮਹੀਨਿਆਂ ਲਈ ਅਮਰੀਕੀ ਫੌਜ ਵਿਚ ਸੇਵਾ ਕਰਨੀ ਹੋਵੇਗੀ ਜਾਂ ਫਸਟ ਰਿਸਪਾਂਸ ਸਰਵਿਸ (ਪੁਲਿਸ, ਫਾਇਰ ਆਦਿ) ਵਿਚ ਛੇ ਮਹੀਨਿਆਂ ਲਈ ਸੇਵਾਵਾਂ ਦੇਣੀਆਂ ਪੈਣਗੀਆਂ। ਜੇਕਰ ਕੋਈ ਵਿਅਕਤੀ ਇਨ੍ਹਾਂ ਸ਼ਰਤਾਂ ਨੂੰ ਪੂਰਾ ਨਹੀਂ ਕਰਨਾ ਚਾਹੁੰਦਾ ਹੈ, ਤਾਂ ਉਸਨੂੰ ਇੱਕ ਨਾਗਰਿਕ ਸਿੱਖਿਆ ਦਾ ਟੈਸਟ ਦੇਣਾ ਪਵੇਗਾ, ਜਿਵੇਂ ਕਿ ਅਮਰੀਕੀ ਨਾਗਰਿਕਤਾ ਲਈ ਟੈਸਟ ਹੁੰਦਾ ਹੈ। ਜੇਕਰ ਕੋਈ ਵਿਅਕਤੀ ਇਨ੍ਹਾਂ ਵਿਚੋਂ ਕੋਈ ਵੀ ਸ਼ਰਤ ਪੂਰੀ ਨਹੀਂ ਕਰਦਾ ਤਾਂ ਉਸਨੂੰ ਵੋਟ ਪਾਉਣ ਲਈ 25 ਸਾਲ ਹੋਣ ਤੱਕ ਦੀ ਉਡੀਕ ਕਰਨੀ ਪਵੇਗੀ। ਅਮਰੀਕਾ ਵਿਚ ਕਾਨੂੰਨ ਵਿਚ ਸੋਧ ਲਈ ਸੰਸਦ ਦੇ ਦੋਵਾਂ ਸਦਨਾਂ ਵਿਚ ਦੋ-ਤਿਹਾਈ ਸਮਰਥਨ ਦੀ ਲੋੜ ਹੁੰਦੀ ਹੈ। ਨਾਲ ਹੀ ਰਾਜ ਵਿਧਾਨ ਸਭਾਵਾਂ ਵਿਚ ਤਿੰਨ-ਚੌਥਾਈ ਸਮਰਥਨ ਹੋਣਾ ਜ਼ਰੂਰੀ ਹੈ। ਵਿਵੇਕ ਰਾਮਾਸਵਾਮੀ ਇਸ ਸੋਧ ਦੇ ਹੱਕ ਵਿਚ ਦਲੀਲ ਦਿੰਦੇ ਹਨ ਕਿ ਮੌਜੂਦਾ ਸਮੇਂ ਵਿਚ ਸਾਡੀਆਂ ਫੌਜਾਂ ਵਿਚ 25 ਫੀਸਦੀ ਅਸਾਮੀਆਂ ਖਾਲੀ ਹਨ। ਉੱਥੇ ਨੌਜਵਾਨ ਪੀੜ੍ਹੀ ਦੇ ਸਿਰਫ਼ 16 ਪ੍ਰਤੀਸ਼ਤ ਨੂੰ ਅਮਰੀਕੀ ਹੋਣ 'ਤੇ ਮਾਣ ਹੈ। ਰਾਮਾਸਵਾਮੀ ਨੇ ਕਿਹਾ ਕਿ ਸਾਡੀ ਆਉਣ ਵਾਲੀ ਪੀੜ੍ਹੀ ਵਿਚ ਰਾਸ਼ਟਰੀ ਸਵੈਮਾਣ ਦੀ ਭਾਵਨਾ ਦੀ ਘਾਟ ਗੰਭੀਰ ਚਿੰਤਾ ਦਾ ਵਿਸ਼ਾ ਹੈ। ਰਾਮਾਸਵਾਮੀ ਅਨੁਸਾਰ ਵੋਟਿੰਗ ਦਾ ਨਾਗਰਿਕ ਫਰਜ਼ ਨੌਜਵਾਨਾਂ ਵਿਚ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰੇਗਾ ਅਤੇ ਉਨ੍ਹਾਂ ਨੂੰ ਵਧੇਰੇ ਪੜ੍ਹੇ-ਲਿਖੇ ਨਾਗਰਿਕ ਬਣਾਏਗਾ। ਦੱਸ ਦੇਈਏ ਕਿ ਸਾਲ 1971 'ਚ ਸੰਵਿਧਾਨ ਦੀ 26ਵੀਂ ਸੋਧ ਦੇ ਤਹਿਤ ਅਮਰੀਕਾ 'ਚ ਵੋਟਿੰਗ ਦੀ ਉਮਰ 18 ਸਾਲ ਕਰ ਦਿੱਤੀ ਗਈ ਸੀ, ਜਿਸ ਨੂੰ ਹੁਣ ਫਿਰ ਤੋਂ ਵਧਾ ਕੇ 25 ਸਾਲ ਕਰਨ ਦੀ ਮੰਗ ਕੀਤੀ ਜਾ ਰਹੀ ਹੈ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

TAKHAR URGENT CARE
& Family Medicine
Paramjit S. Takhar, M.D.
Board Certified Family Medicine
Originally from Shankar/Nakodar/Jalandhar
Extensive experience in Family Practice and Primary Care Over 25 years of Family Medicine experience with Kaiser Permanente



Onsite Services



EKG (Electrocardiogram), Blood Work, Pregnancy Test, Urine Analysis, TB Testing, Ear Irrigation, In-grown Toe Nail Removal
$100 First Office Visit
2nd Visit is ONLY $75
By appointment only. Please mention offer when scheduling appointment. Must present coupon at time of visit. Expires 12/31/17
www.takharfamilymedicine.com
• Men's & Women's Health
• Adult Physicals with Labs Drawn on Premises
• Well Woman Exams Including PAP Smears
• Pregnancy Testing
• School /College / Camp Physicals
• Diabetes & Diabetic Foot Care
• High Cholesterol
• Hypertension
• Heart Disease
• Headaches
• Thyroid Problems
• Asthma & Allergies
• Upper Respiratory Infections
• Urinary Tract Infection
• Sexual Dysfuntion
• Back & Neck Pain
• Immigration Physical
• Pre-Employment Physical
• DOT /Non-DOT Physicals
• Breath Alcohol Testing
We Speak : English, Hindi, Punjabi, Farsi & Spanish
916-688-8888
8191 Timberlake Way #400
Sacramento, CA 95823
We Accept Medicare, Medical & Cash Pay



# ਬਾਇਡਨ ਪ੍ਰਸ਼ਾਸਨ 'ਚ ਇਕ ਹੋਰ ਭਾਰਤੀ-ਅਮਰੀਕੀ ਦੀ ਨਿਯੁਕਤੀ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਸੈਨੇਟ ਨੇ ਭਾਰਤੀ-ਅਮਰੀਕੀ ਡਾਕਟਰ ਗੀਤਾ ਰਾਓ ਗੁਪਤਾ ਨੂੰ ਵਿਦੇਸ਼ ਵਿਭਾਗ ਵਿਚ ਔਰਤਾਂ ਨਾਲ ਸਬੰਧਤ ਗਲੋਬਲ ਮੁੱਦਿਆਂ ਲਈ 'ਅੰਬੈਸੇਡਰ-ਐਟ-ਲਾਰਜ' 'ਤੇ ਨਿਯੁਕਤ ਕਰਨ 'ਤੇ ਮੁਹਰ ਲਗਾ ਦਿੱਤੀ ਹੈ। ਸਕੱਤਰ ਦੇ ਦਫ਼ਤਰ ਨੇ ਟਵੀਟ ਕੀਤਾ ਕਿ "ਡਾ. ਗੀਤਾ ਰਾਓ ਗੁਪਤਾ ਦੀ ਅਮਰੀਕੀ ਸੈਨੇਟ ਦੁਆਰਾ ਗਲੋਬਲ ਵੂਮੈਨਜ਼ ਇਸ਼ੂਜ਼ ਦੇ ਦਫ਼ਤਰ ਲਈ ਰਾਜਦੂਤ-ਐਟ-ਲਾਰਜ ਵਜੋਂ ਪੁਸ਼ਟੀ ਕੀਤੀ ਗਈ ਸੀ। ਸਟੇਟ ਡਿਪਾਰਟਮੈਂਟ ਅਮਰੀਕੀ ਵਿਦੇਸ਼ ਨੀਤੀ ਦੁਆਰਾ ਔਰਤਾਂ ਅਤੇ ਕੁੜੀਆਂ ਦੇ ਅਧਿਕਾਰਾਂ ਨੂੰ ਉਤਸ਼ਾਹਿਤ ਕਰਨ ਲਈ ਉਨ੍ਹਾਂ ਦੇ ਯਤਨਾਂ ਤੋਂ ਕਾਫੀ ਪ੍ਰਭਾਵਿਤ ਹੈ,"। ਰਾਸ਼ਟਰਪਤੀ ਜੋਅ ਬਾਇਡਨ ਨੇ ਗੁਪਤਾ ਨੂੰ ਇਸ ਭੂਮਿਕਾ ਲਈ ਨਾਮਜ਼ਦ ਕੀਤਾ ਅਤੇ ਉਸ ਨੂੰ ਇਸ ਹਫ਼ਤੇ ਦੇ ਸ਼ੁਰੂ ਵਿਚ 51-47 ਦੇ ਵੋਟ ਨਾਲ ਉਸ ਦੇ ਨਾਮ ਦੀ ਪੁਸ਼ਟੀ ਹੋਈ।

ਅਮਰੀਕੀ ਵਿਦੇਸ਼ ਵਿਭਾਗ ਨੇ ਉਨ੍ਹਾਂ ਦੀ ਨਿਯੁਕਤੀ ਦਾ ਸਵਾਗਤ ਕੀਤਾ ਹੈ। ਗੁਪਤਾ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਲਿੰਗ ਸਮਾਨਤਾ ਅਤੇ ਔਰਤਾਂ ਦੀ ਆਰਥਿਕ ਸੁਰੱਖਿਆ ਨੂੰ ਉਤਸ਼ਾਹਿਤ ਕਰਨ ਵਾਲੇ ਨੇਤਾ ਵਜੋਂ ਜਾਣਿਆ ਜਾਂਦਾ ਹੈ। ਵਿਦੇਸ਼ ਵਿਭਾਗ ਨੇ ਸ਼ੁੱਕਰਵਾਰ ਨੂੰ ਟਵੀਟ ਕੀਤਾ ਕਿ "ਅਮਰੀਕਾ ਦੀ ਵਿਦੇਸ਼ ਨੀਤੀ ਰਾਹੀਂ ਔਰਤਾਂ ਅਤੇ ਕੁੜੀਆ ਦੇ ਅਧਿਕਾਰਾਂ ਨੂੰ ਉਤਸ਼ਾਹਿਤ ਕਰਨ ਲਈ ਉਸ ਦੇ ਯਤਨਾਂ ਦੀ ਉਮੀਦ ਹੈ।" ਗੁਪਤਾ ਨੇ ਸੰਯੁਕਤ ਰਾਸ਼ਟਰ ਦੀਆਂ ਵੱਖ-ਵੱਖ ਏਜੰਸੀਆਂ ਅਤੇ ਪ੍ਰੋਗਰਾਮਾਂ ਨਾਲ ਮਿਲ ਕੇ ਕੰਮ ਕੀਤਾ। ਉਸਨੇ ਕੁੜੀਆਂ ਅਤੇ ਔਰਤਾਂ ਲਈ ਯੂ.ਐੱਨ. ਫਾਊਂਡੇਸ਼ਨ ਦੇ 3ਡੀ ਪ੍ਰੋਗਰਾਮ ਦੀ ਕਾਰਜਕਾਰੀ ਨਿਰਦੇਸ਼ਕ ਵਜੋਂ ਕੰਮ ਕੀਤਾ। ਉਹ ਔਰਤਾਂ ਅਤੇ ਏਡਜ਼ 'ਤੇ UNAIDS ਗਲੋਬਲ ਕੋਲੀਸ਼ਨ ਨੂੰ ਵੀ ਸਲਾਹ ਦਿੰਦੀ ਹੈ ਅਤੇ ਇੰਟਰਐਕਸ਼ਨ ਅਤੇ ਮੋਰੀਆ ਫੰਡ ਦੇ ਬੋਰਡਾਂ 'ਚ ਹੈ।

ਉਸਨੇ ਸਿੱਖਿਆ ਅਤੇ ਲਿੰਗ ਸਮਾਨਤਾ 'ਤੇ ਸੰਯੁਕਤ ਰਾਸ਼ਟਰ ਦੇ ਮਿਲੇਨੀਅਮ ਪ੍ਰੋਜੈਕਟ ਟਾਸਕ ਫੋਰਸ ਦੀ ਸਹਿ-ਚੇਅਰ ਦਾ ਅਹੁਦਾ ਵੀ ਸੰਭਾਲਿਆ ਹੈ। ਸੰਯੁਕਤ ਰਾਸ਼ਟਰ ਫਾਊਂਡੇਸ਼ਨ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਪੀਟਰ ਯਿਓ ਨੇ ਕਿਹਾ ਕਿ ਗੁਪਤਾ ਦੀ ਨਿਯੁਕਤੀ ਅਜਿਹੇ ਸਮੇਂ ਵਿਚ ਲਿੰਗਕ ਬਰਾਬਰੀ ਲਈ ਅਮਰੀਕਾ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ, ਜਦੋਂ ਦੁਨੀਆਂ ਭਰ ਵਿਚ ਔਰਤਾਂ ਦੇ ਬੁਨਿਆਦੀ ਮਨੁੱਖੀ ਅਧਿਕਾਰ ਅਤੇ ਕਲਿਆਣ ਖਤਰੇ ਵਿਚ ਹੈ। ਸੰਯੁਕਤ ਰਾਸ਼ਟਰ ਫਾਊਂਡੇਸ਼ਨ ਦੀ ਗਰਲਜ਼ ਐਂਡ ਵੂਮੈਨ ਸਟ੍ਰੈਟਜੀ ਦੇ ਉਪ ਪ੍ਰਧਾਨ ਮਿਸ਼ੇਲ ਮਿਲਫੋਰਡ ਮੋਰਸ ਨੇ ਕਿਹਾ ਕਿ "ਡਾ. ਗੁਪਤਾ ਗਲੋਬਲ ਵੂਮੈਨਜ਼ ਮੁੱਦਿਆਂ ਦੇ ਦਫਤਰ ਦੇ ਤਰਜੀਹੀ ਖੇਤਰਾਂ ਵਿਚ ਵਿਆਪਕ ਅਨੁਭਵ ਦੇ ਨਾਲ ਇੱਕ ਡੂੰਘੇ ਪ੍ਰਸ਼ੰਸਾਯੋਗ ਨੇਤਾ ਹਨ।

# ਪੰਜਾਬ ਸਰਕਾਰ ਵੱਲੋਂ ਹਵਾਈ ਅੱਡਿਆਂ 'ਤੇ ਸ਼ਰਾਬ ਦੀਆਂ ਦੁਕਾਨਾਂ ਦੀ ਲਾਇਸੈਂਸ ਫੀਸ 'ਚ ਵਾਧਾ



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਸਰਕਾਰ ਨੇ ਮੁਹਾਲੀ ਹਵਾਈ ਅੱਡੇ 'ਤੇ ਸ਼ਰਾਬ ਦੀਆਂ ਦੁਕਾਨਾਂ ਚਲਾਉਣ ਲਈ ਲਾਇਸੈਂਸ ਫ਼ੀਸ 10 ਲੱਖ ਰੁਪਏ ਤੋਂ ਵਧਾ ਕੇ ਛੇ ਕਰੋੜ ਅਤੇ ਅੰਮ੍ਰਿਤਸਰ ਹਵਾਈ ਅੱਡੇ 'ਤੇ 4 ਕਰੋੜ ਰੁਪਏ ਕਰ ਦਿੱਤੀ ਹੈ। ਸਰਕਾਰ ਦੇ ਇਸ ਫੈਸਲੇ ਨਾਲ ਸੂਬੇ ਦੇ ਹਵਾਈ ਅੱਡਿਆਂ ਤੋਂ ਸਸਤੀ ਸ਼ਰਾਬ ਲੈ ਕੇ ਮਹਿੰਗੀ ਸ਼ਰਾਬ ਵਾਲੇ ਸੂਬਿਆਂ 'ਚ ਵੇਚਣ ਵਾਲਿਆਂ ਦਾ ਕੰਮ ਠੱਪ ਹੋ ਜਾਵੇਗਾ ਤੇ ਸਰਕਾਰੀ ਖ਼ਜ਼ਾਨੇ ਨੂੰ ਦਸ ਕਰੋੜ ਦੀ ਕਮਾਈ ਵੀ ਹੋਵੇਗੀ।

ਪ੍ਰਾਪਤ ਜਾਣਕਾਰੀ ਅਨੁਸਾਰ ਆਬਕਾਰੀ ਅਤੇ ਕਰ ਵਿਭਾਗ ਨੇ 5 ਮਈ ਨੂੰ ਪੰਜਾਬ ਲਿਕਰ ਲਾਇਸੈਂਸ ਰੂਲਜ਼ 1956 ਵਿਚ ਸੋਧ ਕਰ ਦਿੱਤੀ ਹੈ, ਜਿਸ ਮਗਰੋਂ ਹੁਣ ਹਵਾਈ ਅੱਡਿਆਂ 'ਤੇ ਲਾਇਸੈਂਸ ਫ਼ੀਸ ਵਿਚ ਵਾਧਾ ਕੀਤਾ ਗਿਆ ਹੈ। ਨਵੇਂ ਫ਼ੈਸਲੇ ਅਨੁਸਾਰ ਮੁਹਾਲੀ ਹਵਾਈ ਅੱਡੇ 'ਤੇ ਅਰਾਈਵਲ ਟਰਮੀਨਲ ਵਾਲੀ ਸ਼ਰਾਬ ਦੁਕਾਨ ਦੀ ਲਾਇਸੈਂਸ ਫ਼ੀਸ ਢਾਈ ਕਰੋੜ ਤੇ ਡਿਪਾਰਚਰ ਟਰਮੀਨਲ ਵਾਲੀ ਦੁਕਾਨ ਦੀ ਫ਼ੀਸ 3.50 ਕਰੋੜ ਰੁਪਏ ਨਿਰਧਾਰਿਤ ਕਰ ਦਿੱਤੀ ਹੈ। ਇਸੇ ਤਰ੍ਹਾਂ ਅੰਮ੍ਰਿਤਸਰ ਹਵਾਈ ਅੱਡੇ 'ਤੇ ਅਰਾਈਵਲ ਟਰਮੀਨਲ ਵਾਲੀ ਦੁਕਾਨ ਦੀ ਲਾਇਸੈਂਸ ਫ਼ੀਸ 1.60 ਕਰੋੜ ਤੇ ਡਿਪਾਰਚਰ ਟਰਮੀਨਲ ਵਾਲੀ ਦੁਕਾਨ ਦੀ ਫ਼ੀਸ 2.40 ਕਰੋੜ ਰੁਪਏ ਕੀਤੀ ਹੈ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੂੰ ਸੂਹ ਮਿਲੀ ਸੀ ਕਿ ਜਿਨ੍ਹਾਂ ਸੂਬਿਆਂ ਵਿਚ ਸ਼ਰਾਬ 'ਤੇ ਪਾਬੰਦੀ ਹੈ ਜਾਂ ਫਿਰ ਕਈ ਬਰਾਂਡਾਂ 'ਤੇ ਆਬਕਾਰੀ ਡਿਊਟੀ ਜ਼ਿਆਦਾ ਹੈ, ਉਨ੍ਹਾਂ ਸੂਬਿਆਂ ਵਿਚ ਪੰਜਾਬ ਦੇ ਹਵਾਈ ਅੱਡਿਆਂ 'ਤੋਂ ਇਨ੍ਹਾਂ ਬਰਾਂਡਾਂ ਵਾਲੀ ਸਸਤੀ ਸ਼ਰਾਬ ਜਾ ਰਹੀ ਸੀ। ਮਿਸਾਲ ਵਜੋਂ ਇੱਕ ਖ਼ਾਸ ਵਿਦੇਸ਼ੀ ਸ਼ਰਾਬ ਦੀ ਬੋਤਲ ਦੀ ਕੀਮਤ ਚੰਡੀਗੜ੍ਹ ਹਵਾਈ ਅੱਡੇ 'ਤੇ 2200 ਰੁਪਏ ਹੈ, ਪਰ ਇਸੇ ਬਰਾਂਡ ਦੀ ਮੁੰਬਈ ਵਿਚ ਕੀਮਤ ਛੇ ਹਜ਼ਾਰ ਰੁਪਏ ਹੈ। ਇਸ ਤਰ੍ਹਾਂ ਇੱਕ ਹੋਰ ਪ੍ਰਸਿੱਧ ਬਰਾਂਡ ਦੀ ਚੰਡੀਗੜ੍ਹ ਹਵਾਈ ਅੱਡੇ 'ਤੇ ਕੀਮਤ 4300 ਰੁਪਏ ਤੇ ਚੇਨੱਈ ਵਿਚ 9500 ਰੁਪਏ ਹੈ। ਇੱਕ ਯਾਤਰੀ ਉਡਾਣ ਸਮੇਂ ਘਰੇਲੂ ਹਵਾਈ ਅੱਡੇ ਤੋਂ ਸ਼ਰਾਬ ਦੀਆਂ ਚਾਰ ਬੋਤਲਾਂ ਲਿਜਾ ਸਕਦਾ ਹੈ। ਮਹਿਕਮੇ ਨੇ ਇਹ ਗੱਲ ਨੋਟਿਸ ਕੀਤੀ ਕਿ ਕੁਝ ਲੋਕ ਇੱਥੋਂ ਘਰੇਲੂ ਉਡਾਣ ਰਾਹੀਂ ਚਾਰ ਬੋਤਲਾਂ ਸ਼ਰਾਬ ਲਿਜਾ ਕੇ ਹੋਰਨਾਂ ਸੂਬਿਆਂ 'ਚ ਮਹਿੰਗੇ ਭਾਅ ਵੇਚਣ ਮਗਰੋਂ ਵਾਪਸ ਆ ਜਾਂਦੇ ਹਨ। ਇਹ ਕਮਾਈ ਟਿਕਟ ਦੇ ਖਰਚੇ ਮਗਰੋਂ ਵੀ ਚੰਗਾ ਮੁਨਾਫਾ ਦੇ ਰਹੀ ਸੀ।

# ਕਿਸਾਨੀ ਮੰਗਾਂ ਸੰਬੰਧੀ ਸੰਯੁਕਤ ਕਿਸਾਨ ਮੋਰਚਾ ਵੱਲੋਂ ਕੇਂਦਰ ਖ਼ਿਲਾਫ਼ ਐਕਸ਼ਨ ਪ੍ਰੋਗਰਾਮ ਦਾ ਐਲਾਨ



ਮੀਟਿੰਗ ਦੇ ਫ਼ੈਸਲਿਆਂ ਬਾਰੇ ਜਾਣਕਾਰੀ ਦਿੰਦੇ ਹੋਏ ਕਿਸਾਨ ਆਗੂ।

**ਲੁਧਿਆਣਾ, (ਪੰਜਾਬ ਮੇਲ)-** ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਲ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਨੇ ਕਿਸਾਨੀ ਮੰਗਾਂ ਸਬੰਧੀ ਅਗਲੇ ਐਕਸ਼ਨ ਪ੍ਰੋਗਰਾਮ ਦਾ ਐਲਾਨ ਕੀਤਾ ਹੈ। ਇਸ ਤਹਿਤ ਮੋਰਚੇ ਦੀਆਂ ਰਹਿੰਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਪਾਰਲੀਮੈਂਟ ਸੈਸ਼ਨ 'ਚ ਮਤਾ ਪਾਸ ਕਰਨ ਲਈ 28 ਮਈ ਨੂੰ ਸਾਰੇ ਸੰਸਦ ਮੈਂਬਰਾਂ ਨੂੰ ਚਿਤਾਵਨੀ ਪੱਤਰ ਦਿੱਤੇ ਜਾਣਗੇ। ਇਸ ਤੋਂ ਇਲਾਵਾ 18 ਮਈ ਨੂੰ ਪੰਜਾਬ ਭਰ ਵਿਚ ਭਾਜਪਾ ਆਗੂ ਬ੍ਰਿਜ ਭੂਸ਼ਨ ਦੇ ਪੁਤਲੇ ਫੂਕੇ ਜਾਣਗੇ।

ਇੱਥੇ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਦੀ ਮੁਕੇਸ਼ ਚੰਦਰ ਸ਼ਰਮਾ, ਡਾ. ਸਤਨਾਮ ਸਿੰਘ ਅਜਨਾਲਾ ਅਤੇ ਰੁਲਦੂ ਸਿੰਘ ਮਾਨਸਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਸੰਯੁਕਤ ਕਿਸਾਨ ਮੋਰਚੇ ਦੀਆਂ ਰਹਿੰਦੀਆਂ ਮੰਗਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ।

ਮੀਟਿੰਗ ਦੇ ਫ਼ੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਹਰਿੰਦਰ ਸਿੰਘ ਲੱਖੋਵਾਲ, ਡਾ. ਦਰਸ਼ਨ ਪਾਲ, ਮਨਜੀਤ ਸਿੰਘ ਰਾਏ ਅਤੇ ਬੂਟਾ ਸਿੰਘ ਬੁਰਜਗਿੱਲ ਨੇ ਦੱਸਿਆ ਕਿ 28 ਮਈ ਨੂੰ ਪੰਜਾਬ ਦੇ ਸਾਰੇ ਲੋਕ ਸਭਾ ਅਤੇ ਰਾਜ ਸਭਾ ਮੈਂਬਰਾਂ ਨੂੰ ਰੋਸ ਪ੍ਰਦਰਸ਼ਨ ਕਰ ਕੇ ਚਿਤਾਵਨੀ ਪੱਤਰ ਦਿੱਤੇ ਜਾਣਗੇ। ਪਹਿਲਵਾਨਾਂ ਦੇ ਦਿੱਲੀ ਮੋਰਚੇ ਦੀ ਹਮਾਇਤ ਕਰਦਿਆਂ 18 ਮਈ ਨੂੰ ਜ਼ਿਲ੍ਹਾ ਤੇ ਤਹਿਸੀਲ ਹੈਡਕੁਆਰਟਰਾਂ 'ਤੇ ਭਾਜਪਾ ਆਗੂ ਬ੍ਰਿਜ ਭੂਸ਼ਨ ਦੇ ਪੁਤਲੇ ਫੂਕੇ ਜਾਣਗੇ। ਇਸ ਮੌਕੇ ਸਰਕਾਰ ਵੱਲੋਂ ਝੋਨੇ ਦੀ ਲਵਾਈ ਲਈ ਪੰਜਾਬ ਨੂੰ ਚਾਰ ਜ਼ੋਨਾਂ ਵਿਚ ਵੰਡਣ ਨੂੰ ਤਰਕਸੰਗਤ ਕਰਨ ਅਤੇ 10 ਤੋਂ 16 ਜੂਨ ਤੱਕ ਸਾਰੇ ਪੰਜਾਬ ਵਿਚ ਝੋਨਾ ਲਗਾਉਣ ਦੀ ਤਰੀਕ ਨਿਸ਼ਚਿਤ ਕਰਨ ਦੀ ਮੰਗ ਕੀਤੀ ਗਈ। ਇਸ ਮੌਕੇ ਡਾ. ਨਵਸ਼ਰਨ ਦੇ ਘਰ ਈ.ਡੀ. ਦੇ ਛਾਪੇ ਲਈ ਕੇਂਦਰ ਸਰਕਾਰ ਦੀ ਨਿਖੇਧੀ ਕੀਤੀ ਗਈ।

### ■ 28 ਨੂੰ ਸੰਸਦ ਮੈਂਬਰਾਂ ਨੂੰ ਦਿੱਤੇ ਜਾਣਗੇ ਚਿਤਾਵਨੀ ਪੱਤਰ


Mann & Associates Insurance Services, Inc.

Medicare Supplement Plans

• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ



Inderjeet Singh Mann
CA Lic# 0H82488

- The American Rescue Plan passed by President Biden could save you hundreds or even thousands of dollars a month.
- There is more financial help than ever before
- Even if you didn't qualify for subsidies before, now you might be able to save thousands on health insurance premiums.
- Huge tax credits are available only if you apply thru Covered California

- ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
- ਪਹਿਲਾਂ ਨਾਲੋਂ ਵਧੇਰੇ ਵਿੱਤੀ ਮਦਦ ਮਿਲੀ ਹੈ।
- ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
- ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।

ਹੈਲਥ ਇੰਸ਼ੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸ਼ੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।

Anthem

COVERED CALIFORNIA | Certified Insurance Agent

Designed By Punjab Mail USA

Ph.: (916) 900-2000


EXPO
FURNITURE
Gallery
FALL SAVINGS
PRICES ARE FALLING!
SAVE UP TO
70%
OFF IN STORE
7310 Home Leisure Plaza
Sacramento, CA 95823
(916) 392-3233
11415 Folsom Blvd. STE #105
Rancho Cordova, CA 95742
(916) 635-3976
Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

# 'ਆਪ' ਸਰਕਾਰ ਵੱਲੋਂ ਹੁਣ ਨਿਗਮ ਚੋਣਾਂ ਕਰਾਉਣ ਦੀ ਤਿਆਰੀ

- ਜਲੰਧਰ ਦੀ ਜਿੱਤ ਦਾ ਲਾਹਾ ਲੈਣ ਦੇ ਰੌਂਅ 'ਚ ਸਰਕਾਰ
- ਕਾਂਗਰਸ ਲਈ ਚੁਣੌਤੀ ਬਣਨਗੀਆਂ ਆਗਾਮੀ ਸਥਾਨਕ ਚੋਣਾਂ

**ਚੰਡੀਗੜ੍ਹ, (ਪੰਜਾਬ ਮੇਲ)-** 'ਆਪ' ਸਰਕਾਰ ਨੇ ਜਲੰਧਰ ਜ਼ਿਮਨੀ ਚੋਣ 'ਚ ਮਿਲੀ ਜਿੱਤ ਮਗਰੋਂ ਹੁਣ ਨਗਰ ਨਿਗਮਾਂ ਅਤੇ ਨਗਰ ਕੌਂਸਲਾਂ ਦੀ ਚੋਣ ਕਰਾਏ ਜਾਣ ਦੀ ਤਿਆਰੀ ਖਿੱਚ ਲਈ ਹੈ, ਜਿਨ੍ਹਾਂ ਦੀ ਮਿਆਦ ਪੁੱਗ ਚੁੱਕੀ ਹੈ। ਜਲੰਧਰ ਚੋਣਾਂ ਦੇ ਨਤੀਜੇ ਨੇ ਹੁਣ ਪੰਜਾਬ ਵਿਚ 'ਆਪ' ਸਰਕਾਰ ਪ੍ਰਤੀ ਮੁੜ ਜੋ ਮਾਹੌਲ ਸਿਰਜਿਆ ਹੈ, ਸਰਕਾਰ ਇਸ ਦਾ ਸਿਆਸੀ ਲਾਹਾ ਲੈਣ ਦੇ ਰੌਂਅ ਵਿਚ ਹੈ। ਪੰਜਾਬ ਵਿਚ ਅੰਮ੍ਰਿਤਸਰ, ਪਟਿਆਲਾ, ਜਲੰਧਰ ਅਤੇ ਲੁਧਿਆਣਾ ਦੇ ਨਗਰ ਨਿਗਮਾਂ ਦੇ ਮੇਅਰਾਂ ਅਤੇ ਕੌਂਸਲਰਾਂ ਦੀ ਮਿਆਦ ਜਨਵਰੀ 2023 'ਚ ਖ਼ਤਮ ਹੋ ਚੁੱਕੀ ਹੈ।

ਇਸੇ ਤਰ੍ਹਾਂ 34 ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੀ ਚੁਣੀ ਹੋਈ ਬਾਡੀ ਦੀ ਮਿਆਦ ਦਸੰਬਰ 2022 ਤੋਂ ਫਰਵਰੀ 2023 ਦਰਮਿਆਨ ਖ਼ਤਮ ਹੋ ਚੁੱਕੀ ਹੈ। ਨਗਰ ਨਿਗਮ ਫਗਵਾੜਾ ਦੇ ਹੋਂਦ 'ਚ ਆਉਣ ਮਗਰੋਂ ਇਸ ਦੀ ਚੋਣ ਹੋਈ ਹੀ ਨਹੀਂ ਹੈ। ਬੇਸ਼ੱਕ ਸਥਾਨਕ ਸਰਕਾਰਾਂ ਵਿਭਾਗ ਨੇ ਇਨ੍ਹਾਂ ਨਗਰ ਨਿਗਮਾਂ ਅਤੇ ਕੌਂਸਲਾਂ ਦੀ ਵਾਰਡਬੰਦੀ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ ਪ੍ਰੰਤੂ ਉਹ ਮੱਠੀ ਚਾਲ ਚੱਲ ਰਿਹਾ ਸੀ। ਹੁਣ ਜਦੋਂ ਜਲੰਧਰ ਚੋਣ ਦੇ ਨਤੀਜੇ 'ਆਪ' ਸਰਕਾਰ ਦੇ ਪੱਖ ਵਿਚ ਭੁਗਤੇ ਹਨ ਤਾਂ ਸਰਕਾਰ ਆਉਂਦੇ ਦਿਨਾਂ 'ਚ ਵਾਰਡਬੰਦੀ ਦਾ ਕੰਮ ਤੇਜ਼ੀ ਨਾਲ ਮੁਕੰਮਲ ਕਰੇਗੀ।

ਜਲੰਧਰ ਚੋਣ ਦੇ ਪ੍ਰਚਾਰ ਦੌਰਾਨ ਕਾਫ਼ੀ ਕੌਂਸਲਰ ਅਤੇ ਹੋਰ ਚੁਣੇ ਹੋਏ ਆਗੂ 'ਆਪ' ਨਾਲ ਜੁੜੇ ਹਨ। ਉੱਧਰ ਕਾਂਗਰਸ ਪਾਰਟੀ ਨੇ ਤਾਂ ਕੁਝ ਸਮਾਂ ਪਹਿਲਾਂ ਨਗਰ ਨਿਗਮਾਂ ਚੋਣਾਂ ਵਾਸਤੇ ਚਾਰ ਸ਼ਹਿਰਾਂ ਵਿਚ ਕਮੇਟੀਆਂ ਦਾ ਗਠਨ ਵੀ ਕਰ ਦਿੱਤਾ ਸੀ। ਹੁਣ ਜਦੋਂ ਵਿਰੋਧੀ ਧਿਰਾਂ ਨੂੰ ਜਲੰਧਰ ਸੰਸਦੀ ਚੋਣ ਵਿਚ ਹਾਰ ਦਾ ਮੂੰਹ ਦੇਖਣਾ ਪਿਆ ਹੈ, ਤਾਂ ਉਨ੍ਹਾਂ ਲਈ ਆਗਾਮੀ ਨਗਰ ਨਿਗਮ ਅਤੇ ਕੌਂਸਲ ਚੋਣਾਂ ਵੀ ਚੁਣੌਤੀ ਬਣ ਸਕਦੀਆਂ ਹਨ।

ਪੰਜਾਬ 'ਚ ਦਸੰਬਰ 2023 ਵਿਚ ਪੰਚਾਇਤਾਂ ਦੀ ਮਿਆਦ ਖ਼ਤਮ ਹੋ ਰਹੀ ਹੈ ਅਤੇ ਇਨ੍ਹਾਂ ਪੇਂਡੂ ਚੋਣਾਂ ਵਿਚ ਵੀ 'ਆਪ' ਆਪਣਾ ਭਵਿੱਖ ਦੇਖ ਰਹੀ ਹੈ। ਆਗਾਮੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਕੌਂਸਲ ਚੋਣਾਂ ਅਤੇ ਪੰਚਾਇਤੀ ਚੋਣਾਂ ਸਭਨਾਂ ਸਿਆਸੀ ਧਿਰਾਂ ਲਈ ਅਹਿਮ ਹੋਣਗੀਆਂ। ਇਨ੍ਹਾਂ ਚੋਣਾਂ ਵਿਚ ਜਿਸ ਪਾਰਟੀ ਦਾ ਹੱਥ ਉੱਪਰ ਰਹੇਗਾ, ਉਸ ਨੂੰ ਆਗਾਮੀ ਲੋਕ ਸਭਾ ਚੋਣਾਂ ਲਈ ਸਾਜ਼ਗਾਰ ਮਾਹੌਲ ਮਿਲੇਗਾ। ਵੇਰਵਿਆਂ ਅਨੁਸਾਰ ਜਿਨ੍ਹਾਂ ਕੌਂਸਲਾਂ ਅਤੇ ਨਿਗਮਾਂ ਦੀ ਮਿਆਦ ਲੰਘ ਚੁੱਕੀ ਹੈ, ਉੱਥੇ ਸਰਕਾਰ ਨੇ ਪ੍ਰਸ਼ਾਸਕ ਲਗਾ ਦਿੱਤੇ ਹਨ। 'ਆਪ' ਸਰਕਾਰ ਪਹਿਲਾਂ ਨਿਗਮ ਚੋਣਾਂ ਦਾ ਕੰਮ ਟਾਲ ਰਹੀ ਸੀ ਅਤੇ ਹੁਣ ਜਲੰਧਰ ਜ਼ਿਮਨੀ ਚੋਣ ਦੀ ਜਿੱਤ ਨੇ ਸਰਕਾਰ 'ਚ ਮੁੜ ਉਤਸ਼ਾਹ ਭਰ ਦਿੱਤਾ ਹੈ। ਭਾਜਪਾ ਨਿਗਮ ਚੋਣਾਂ ਨੂੰ ਲੈ ਕੇ ਕਾਫ਼ੀ ਉਮੀਦਾਂ ਲਗਾਈ ਬੈਠੀ ਹੈ। ਕਾਂਗਰਸ ਪਾਰਟੀ ਵੀ ਇਨ੍ਹਾਂ ਸਥਾਨਕ ਚੋਣਾਂ ਨੂੰ ਲੈ ਕੇ ਕੋਈ ਕਸਰ ਬਾਕੀ ਨਹੀਂ ਛੱਡੇਗੀ। 'ਆਪ' ਨੂੰ ਸੱਤਾ ਵਿਚ ਹੋਣ ਦਾ ਲਾਹਾ ਮਿਲੇਗਾ।

# ਅਕਾਲੀ ਦਲ ਵੱਲੋਂ ਬਸਪਾ ਨਾਲ ਗਠਜੋੜ ਦਾ ਸਿਆਸੀ ਤਜ਼ਰਬਾ ਜਲੰਧਰ ਜ਼ਿਮਨੀ ਚੋਣ 'ਚ ਹੋਇਆ ਫੇਲ

**ਜਲੰਧਰ, (ਪੰਜਾਬ ਮੇਲ)-** ਕੇਂਦਰ ਸਰਕਾਰ ਵੱਲੋਂ ਖੇਤੀਬਾੜੀ ਕਾਨੂੰਨ ਪਾਸ ਕਰਨ ਦੇ ਵਿਰੋਧ 'ਚ ਦੋ ਸਾਲ ਪਹਿਲਾਂ ਭਾਜਪਾ ਨਾਲੋਂ ਨਾਤਾ ਤੋੜਨ ਤੇ ਬਹੁਜਨ ਸਮਾਜ ਪਾਰਟੀ (ਬਸਪਾ) ਨਾਲ ਗਠਜੋੜ ਕਰਨ ਦਾ ਅਕਾਲੀ ਦਲ ਵੱਲੋਂ ਸਿਆਸੀ ਤਜਰਬਾ ਜਲੰਧਰ ਲੋਕ ਸਭਾ ਜ਼ਿਮਨੀ ਚੋਣ 'ਚ ਫੇਲ੍ਹ ਸਾਬਿਤ ਹੋਇਆ ਹੈ। ਬੀ.ਐੱਸ.ਪੀ. ਪਿਛਲੇ ਕੁੱਝ ਸਾਲਾਂ 'ਚ ਪੰਜਾਬ ਦੀ ਸਿਆਸਤ 'ਚ ਹਾਸ਼ੀਏ 'ਤੇ ਹੈ ਅਤੇ ਇਸ ਦਾ ਵੋਟ ਸ਼ੇਅਰ 2 ਫ਼ੀਸਦੀ ਤੋਂ ਵੀ ਹੇਠਾਂ ਆ ਗਿਆ ਹੈ। ਦੋਆਬੇ ਦੀਆਂ ਇਕ-ਦੋ ਦਲਿਤ ਬਹੁ-ਗਿਣਤੀ ਸੀਟਾਂ 'ਤੇ ਪਾਰਟੀ ਦਾ ਥੋੜ੍ਹਾ-ਬਹੁਤਾ ਆਧਾਰ ਬਚਿਆ ਸੀ ਅਤੇ ਉਹ ਆਧਾਰ ਵੀ ਇਸ ਉੱਪ ਚੋਣ 'ਚ ਖ਼ਿਸਕ ਗਿਆ ਹੈ। 2017 ਦੀਆਂ ਵਿਧਾਨ ਸਭਾ ਚੋਣਾਂ 'ਚ ਅਕਾਲੀ ਦਲ ਨੂੰ ਸਿਰਫ਼ 1.52 ਫ਼ੀਸਦੀ ਵੋਟਾਂ ਮਿਲੀਆਂ ਸਨ ਅਤੇ ਅਕਾਲੀ ਦਲ ਨੇ ਸੂਬੇ 'ਚ ਮਹਿਜ਼ 23 ਸੀਟਾਂ 'ਤੇ ਚੋਣ ਲੜ ਕੇ 6 ਫ਼ੀਸਦੀ ਤੱਕ ਵੋਟ ਤੱਕ ਆਧਾਰ ਰੱਖਣ ਵਾਲੀ ਭਾਜਪਾ ਨੂੰ ਛੱਡ ਕੇ ਡੇਢ ਫ਼ੀਸਦੀ ਵੋਟ ਸ਼ੇਅਰ ਰੱਖਣ ਵਾਲੀ ਬਸਪਾ ਨਾਲ ਸਮਝੌਤਾ ਕਰ ਲਿਆ ਸੀ। ਇਸ ਨਾਲ ਅਕਾਲੀ ਦਲ ਨੂੰ ਚੋਣ ਦਰ ਚੋਣ ਇਸ ਦੇ ਨਤੀਜੇ ਭੁਗਤਣੇ ਪਏ। ਇਸ ਤੋਂ ਪਹਿਲਾਂ 2017 'ਚ ਅਕਾਲੀ ਦਲ ਕੋਲ 25 ਫ਼ੀਸਦੀ ਵੋਟ ਬੈਂਕ ਸੀ ਅਤੇ ਭਾਜਪਾ ਦੀਆਂ 6 ਫ਼ੀਸਦੀ ਵੋਟਾਂ ਨੂੰ ਮਿਲਾ ਕੇ ਦੋਵਾਂ ਦੀ ਵੋਟ ਫ਼ੀਸਦੀ 32 ਤੋਂ 33 ਫ਼ੀਸਦੀ ਤੱਕ ਪਹੁੰਚ ਜਾਂਦੀ ਸੀ ਅਤੇ ਸੂਬੇ 'ਚ ਇਸ ਗਠਜੋੜ ਦੀ ਜਿੱਤ ਦਾ ਰਾਹ ਆਸਾਨ ਬਣ ਜਾਂਦਾ ਸੀ ਪਰ 2022 'ਚ ਅਕਾਲੀ ਦਲ ਦਾ ਵੋਟ ਸ਼ੇਅਰ 18.38 ਫ਼ੀਸਦੀ ਤੱਕ ਸੁੰਗੜ ਕੇ ਰਹਿ ਗਿਆ, ਜਦੋਂ ਕਿ ਭਾਜਪਾ 6 ਫ਼ੀਸਦੀ ਵੋਟ ਬੈਂਕ ਆਧਾਰ 'ਤੇ ਕਾਇਮ ਰਹੀ। ਹੁਣ ਜਲੰਧਰ ਲੋਕ ਸਭਾ ਜ਼ਿਮਨੀ ਚੋਣ 'ਚ ਵੀ ਅਕਾਲੀ ਦਲ ਦਾ ਵੋਟ ਬੈਂਕ 18 ਫ਼ੀਸਦੀ ਦੇ ਕਰੀਬ ਰਿਹਾ, ਜਦਕਿ ਭਾਜਪਾ ਦਾ ਵੋਟ ਬੈਂਕ ਵੱਧ ਕੇ 15 ਫ਼ੀਸਦੀ ਹੋ ਗਿਆ। ਜੇਕਰ ਇਹ ਵੋਟ ਇਕੱਠੇ ਹੋ ਜਾਣ ਤਾਂ ਸੂਬੇ ਦੀ ਕਿਸੇ ਵੀ ਪਾਰਟੀ ਨੂੰ ਮੁਕਾਬਲਾ ਦੇਣ ਦੇ ਸਮਰੱਥ ਹੈ। ਦੂਜੇ ਪਾਸੇ ਬਸਪਾ ਕੋਲੋਂ ਆਪਣਾ ਵੋਟ ਬੈਂਕ ਵੀ ਨਹੀਂ ਸੰਭਲ ਰਿਹਾ ਹੈ। 2019 ਦੀਆਂ ਲੋਕ ਸਭਾ ਚੋਣਾਂ 'ਚ ਅਕਾਲੀ ਦਲ ਨੂੰ ਕੁੱਲ 3,66,221 ਤੇ ਬਸਪਾ ਉਮੀਦਵਾਰ ਨੂੰ 2,04,783 ਵੋਟਾਂ ਮਿਲੀਆਂ ਸਨ। ਕਾਇਦੇ ਅਨੁਸਾਰ ਇਹ ਵੋਟਾਂ 5 ਲੱਖ 70 ਹਜ਼ਾਰ ਤੋਂ ਉੱਪਰ ਬਣਦੀਆਂ ਹਨ ਪਰ ਲੋਕ ਸਭਾ ਦੀ ਜ਼ਿਮਨੀ ਚੋਣ 'ਚ ਅਕਾਲੀ ਦਲ ਅਤੇ ਬਸਪਾ ਨੂੰ ਮਿਲ ਕੇ 1,58,445 ਵੋਟਾਂ ਮਿਲੀਆਂ, ਭਾਵ ਨਾ ਤਾਂ ਅਕਾਲੀ ਦਲ ਆਪਣਾ ਵੋਟ ਬੈਂਕ ਸੰਭਾਲ ਸਕਿਆ ਤੇ ਨਾ ਹੀ ਬਸਪਾ ਤੋਂ ਆਪਣਾ ਆਧਾਰ ਵੋਟ ਸੰਭਲ ਰਿਹਾ ਹੈ। ਇਕ ਸਮਾਂ ਸੀ, ਜਦੋਂ ਬਸਪਾ ਦਾ ਵੋਟ-ਬੈਂਕ ਕਿਸੇ ਵੀ ਸਹਿਯੋਗੀ ਪਾਰਟੀ ਦੇ ਹੱਕ 'ਚ ਜਲਦੀ ਤਬਾਦਲ ਜਾਂਦਾ ਸੀ ਪਰ ਹੁਣ ਸ਼ਾਇਦ ਬਸਪਾ 'ਚ ਅਜਿਹਾ ਨਹੀਂ ਹੈ ਤੇ ਇਹ ਆਪਣੇ ਭਾਈਵਾਲ ਅਕਾਲੀ ਦਲ ਲਈ ਵੀ ਬੋਝ ਬਣਦਾ ਜਾਪਦਾ ਹੈ।

# ਸ੍ਰੀ ਦਰਬਾਰ ਸਾਹਿਬ ਗਲਿਆਰਾ ਧਮਾਕੇ ਮਾਮਲਾ: ਮੁਲਜ਼ਮਾਂ ਨੇ ਬੰਬਾਂ ਨਾਲ ਸੁੱਟੇ ਸੀ ਪੱਤਰ

- ਪੱਤਰਾਂ 'ਚ ਧਮਾਕੇ ਕਰਨ ਪਿਛਲੇ ਆਪਣੇ ਇਰਾਦੇ ਕੀਤੇ ਜ਼ਾਹਰ



ਅੰਮ੍ਰਿਤਸਰ ਦੀ ਅਦਾਲਤ ਵਿਚ ਪੇਸ਼ ਕਰਨ ਮਗਰੋਂ ਮੁਲਜ਼ਮਾਂ ਨੂੰ ਲਿਜਾਂਦੀ ਹੋਈ ਪੁਲਿਸ।

**ਚੰਡੀਗੜ੍ਹ, (ਪੰਜਾਬ ਮੇਲ)-** ਅੰਮ੍ਰਿਤਸਰ ਬੰਬ ਧਮਾਕਿਆਂ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਵੱਲੋਂ ਸਿਰਫ਼ ਤਿੰਨ ਬੰਬ ਹੀ ਨਹੀਂ ਸੀ ਸੁੱਟੇ ਗਏ, ਬਲਕਿ ਉਨ੍ਹਾਂ ਨੇ ਬੰਬਾਂ ਨਾਲ ਪੱਤਰ ਵੀ ਸੁੱਟੇ ਸਨ, ਜਿਨ੍ਹਾਂ ਵਿਚ ਉਨ੍ਹਾਂ ਨੇ ਧਮਾਕੇ ਕਰਨ ਪਿਛਲੇ ਆਪਣੇ ਇਰਾਦੇ ਜ਼ਾਹਰ ਕੀਤੇ ਸਨ। ਪੁਲਿਸ ਸੂਤਰਾਂ ਅਨੁਸਾਰ ਪਹਿਲੇ ਦੋ ਬੰਬਾਂ ਨਾਲ ਸੁੱਟੇ ਪੱਤਰ ਪੂਰੀ ਤਰ੍ਹਾਂ ਸੜ ਗਏ ਸਨ ਤੇ ਉਨ੍ਹਾਂ ਦੇ ਬਚੇ ਟੁੱਕੜੇ ਹਵਾ ਵਿਚ ਉੱਡ ਗਏ। ਇਸ ਮਗਰੋਂ ਤੀਜੇ ਬੰਬ ਨਾਲ ਸੁੱਟੇ ਗਏ ਪੱਤਰਾਂ ਦੇ ਕੁਝ ਟੁੱਕੜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮਾਂ ਨੇ ਗੁਰੂ ਰਾਮਦਾਸ ਸਰਾਂ ਦੇ ਪਾਰਕ ਵਿਚੋਂ ਇਕੱਠੇ ਕੀਤੇ ਹਨ। ਇਨ੍ਹਾਂ ਵਿਚ ਮੁਲਜ਼ਮਾਂ ਨੇ ਲੜੀਵਾਰ ਧਮਾਕੇ ਕਰਨ ਪਿਛਲੇ ਆਪਣੇ ਇਰਾਦੇ ਦੱਸੇ ਸਨ।

ਅਧਿਕਾਰੀਆਂ ਅਨੁਸਾਰ ਮੁਲਜ਼ਮ ਆਜ਼ਾਦਵੀਰ ਨੇ ਬੰਬ ਨਾਲ ਸੁੱਟੇ ਗਏ ਪੱਤਰ ਪੰਜਾਬੀ ਵਿਚ ਲਿਖੇ ਸਨ। ਪੱਤਰਾਂ ਮੁਤਾਬਕ ਮੁਲਜ਼ਮ ਉਸ ਬਿਆਨ ਤੋਂ ਪ੍ਰੇਸ਼ਾਨ ਸਨ, ਜਿਸ ਵਿਚ ਕਿਹਾ ਗਿਆ ਸੀ ਪੰਜਾਬ ਭਾਰਤ ਦਾ ਹਿੱਸਾ ਨਹੀਂ ਹੈ। ਇਹ ਬਿਆਨ ਉਸ ਵੇਲੇ ਸਾਹਮਣੇ ਆਏ ਸਨ, ਜਦੋਂ ਇਕ ਲੜਕੀ ਵੱਲੋਂ ਇਹ ਦਾਅਵਾ ਕੀਤਾ ਗਿਆ ਸੀ ਕਿ ਮੂੰਹ 'ਤੇ ਕੌਮੀ ਝੰਡਾ ਬਣਾਉਣ ਕਾਰਨ ਉਸ ਨੂੰ ਸ੍ਰੀ ਦਰਬਾਰ ਸਾਹਿਬ ਵਿਚ ਜਾਣ ਤੋਂ ਰੋਕਿਆ ਗਿਆ। ਇਸ ਤੋਂ ਇਲਾਵਾ ਪੁਲਿਸ ਵੱਲੋਂ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਖ਼ਿਲਾਫ਼ ਕੀਤੀ ਕਾਰਵਾਈ ਨੇ ਉਨ੍ਹਾਂ ਦੇ ਮਨਾਂ ਨੂੰ ਠੇਸ ਪਹੁੰਚਾਈ ਸੀ। ਉਨ੍ਹਾਂ ਲਿਖਿਆ ਕਿ ਉਹ ਕੇਸ ਕਟਵਾਉਣ ਦੇ ਖ਼ਿਲਾਫ਼ ਹਨ ਅਤੇ ਵਾਲਾਂ ਨੂੰ ਕੈਂਚੀ ਲਗਵਾਉਣਾ ਗ਼ਲਤ ਹੈ। ਉਹ ਅੰਮ੍ਰਿਤਸਰ ਵਿਚ ਆਸਾਨੀ ਨਾਲ ਵਿਕ ਰਹੇ ਤੰਬਾਕੂ ਕਾਰਨ ਵੀ ਪ੍ਰੇਸ਼ਾਨ ਸਨ।

ਅਧਿਕਾਰੀਆਂ ਨੇ ਕਿਹਾ ਕਿ ਇਹ ਸਾਰੇ ਮੁਲਜ਼ਮ ਕੁਝ ਸਮਾਂ ਪਹਿਲਾਂ ਕੱਟੜਵਾਦ ਵੱਲ ਆਏ ਲੱਗਦੇ ਹਨ ਕਿਉਂਕਿ ਇਨ੍ਹਾਂ ਖ਼ਿਲਾਫ ਕੋਈ ਵੀ ਗੰਭੀਰ ਅਪਰਾਧਿਕ ਰਿਕਾਰਡ ਨਹੀਂ ਹੈ। ਉਨ੍ਹਾਂ ਕਿਹਾ ਕਿ ਪੱਤਰਾਂ ਦੇ ਸਾਰੇ ਟੁੱਕੜੇ ਨਹੀਂ ਮਿਲ ਸਕੇ ਤੇ ਜੋ ਹਿੱਸੇ ਮਿਲੇ ਹਨ, ਉਨ੍ਹਾਂ ਤੋਂ ਇਹ ਪਤਾ ਨਹੀਂ ਲੱਗਦਾ ਕਿ ਇਸ ਵਿਚ ਕਿਸ ਨੂੰ ਸੰਬੋਧਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮਾਂ ਦੀ ਮਨਸ਼ਾ ਕਿਸੇ ਨੂੰ ਨੁਕਸਾਨ ਪਹੁੰਚਾਉਣ ਦੀ ਨਹੀਂ ਲੱਗ ਰਹੀ ਕਿਉਂਕਿ ਉਨ੍ਹਾਂ ਸਾਰੇ ਬੰਬ ਖਾਲੀ ਥਾਵਾਂ 'ਤੇ ਸੁੱਟੇ ਹੀ ਹਨ। ਉਨ੍ਹਾਂ ਕਿਹਾ ਕਿ ਮੁਲਜ਼ਮਾਂ ਨੇ ਕਿਸੇ ਜਥੇਬੰਦੀ ਨਾਲ ਸਬੰਧਤ ਹੋਣ ਦੀ ਗੱਲ ਨਹੀਂ ਮੰਨੀ।

Global Allianz
ਕਾਨੂੰਨੀ ਸਲਾਹ
LAW FIRM LLP
- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ
Asylum & Deportation Defense

Atul Kapoor
C.E.O

Neat Allen Sawyer
Attorney at law
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਕਬੱਡੀ ਖੇਡ ਦੀਆਂ ਰੰਗਦਾਰ ਤਸਵੀਰਾਂ ਨਾਲ ਕਿਤਾਬ




**ਸਰੀ, (ਪੰਜਾਬ ਮੇਲ)** - ਕੈਨੇਡਾ ਵਿਖੇ ਸਰੀ ਦੇ ਤਾਜ ਬੈਂਕੁਇਟ ਹਾਲ ਵਿਚ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਪ੍ਰੀਮੀਅਰ (ਮੁੱਖ ਮੰਤਰੀ) ਮਾਣਯੋਗ ਡੇਵਿਡ ਈਬੀ ਸਾਹਿਬ ਨੂੰ ਕਬੱਡੀ ਖੇਡ ਬਾਰੇ ਇਕ ਬਹੁਤ ਹੀ ਸ਼ਾਨਦਾਰ ਤੇ ਰੰਗਦਾਰ ਪੁਸਤਕ ਭੇਟ ਕੀਤੀ ਗਈ। ਇਸ ਨਿਵੇਕਲੀ ਪੁਸਤਕ ਵਿਚ ਵਿਸ਼ਵ ਕਬੱਡੀ ਕੱਪ 2020 ਦੇ ਮੁਲਕਾਂ, ਭਾਰਤ, ਪਾਕਿਸਤਾਨ, ਈਰਾਨ, ਕੈਨੇਡਾ, ਆਸਟਰੇਲੀਆ, ਇਗਲੈਂਡ, ਜਰਮਨੀ, ਸਿਆਰਾਲੋਨ, ਕੀਨੀਆ ਤੇ ਅਜਰਬਾਈਜਾਨ ਦੇ ਕਬੱਡੀ ਖਿਡਾਰੀਆਂ, ਰੈਫਰੀਆਂ ਤੇ ਪ੍ਰਬੰਧਕਾਂ ਦੀਆਂ 510 ਦੇ ਲਗਭਗ ਜਾਣਕਾਰੀ ਸਾਹਿਤ ਬਹੁਤ ਹੀ ਸੁੰਦਰ ਤਸਵੀਰਾਂ ਹਨ। ਕਬੱਡੀ ਦਾ ਇਹ ਵਿਸ਼ਵ ਕੱਪ, 9 ਫਰਵਰੀ ਤੋਂ 16 ਫਰਵਰੀ 2020 ਨੂੰ, ਪਾਕਿਸਤਾਨ ਕਬੱਡੀ ਫੈਡਰੇਸ਼ਨ, ਪੰਜਾਬ ਕਬੱਡੀ ਐਸੋਸੀਏਸ਼ਨ, ਪੰਜਾਬ ਸਰਕਾਰ ਤੇ ਪੰਜਾਬ ਸਪੋਰਟਸ ਬੋਰਡ-ਲਾਹੌਰ ਦੇ ਸਹਿਯੋਗ ਨਾਲ, ਪਾਕਿਸਤਾਨ ਦੇ 3 ਸ਼ਹਿਰਾਂ ਲਾਹੌਰ, ਗੁਜਰਾਤ ਤੇ ਲਾਇਲਪੁਰ (ਫੈਸਲਾਬਾਦ) ਦੇ ਸਟੇਡੀਅਮਾਂ ਵਿਚ 70 ਤੋਂ 80 ਹਜ਼ਾਰ ਦਰਸ਼ਕਾਂ ਦੀ ਹਾਜ਼ਰੀ ਵਿਚ ਹੋਇਆ। ਇਸ ਵਿਸ਼ਵ ਕਬੱਡੀ ਕੱਪ ਵਿਚ ਭਾਗ ਲੈਣ ਵਾਲੇ 10 ਮੁਲਕਾਂ ਦੇ ਖਿਡਾਰੀਆਂ, ਰੈਫਰੀਆਂ ਤੇ ਪ੍ਰਬੰਧਕਾਂ ਦੇ ਰਹਿਣ-ਸਹਿਣ ਦਾ ਪ੍ਰਬੰਧ ਲਾਹੌਰ ਦੇ ਬਹੁਤ ਹੀ ਸ਼ਾਨਦਾਰ ਹੋਟਲ "ਆਵਾਰੀ-ਲਾਹੌਰ" ਵਿਚ ਕੀਤਾ ਗਿਆ, ਜੋ ਖ਼ੂਬਸੂਰਤੀ ਪੱਖੋਂ ਏਸ਼ੀਆ ਦਾ ਸਭ ਤੋਂ ਸੋਹਣਾ ਹੋਟਲ ਹੈ।

ਕੈਨੇਡੀਅਨ ਸੂਬੇ ਬੀ.ਸੀ. ਦੇ ਸ਼ਹਿਰ ਸਰੀ ਨਿਵਾਸੀ ਖੇਡ ਫੋਟੋ-ਪੱਤਰਕਾਰ ਸੰਤੋਖ ਸਿੰਘ ਮੰਡੇਰ ਨੇ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦੇ ਖਿਡਾਰੀਆਂ ਤੇ ਪ੍ਰਬੰਧਕਾਂ ਬਾਰੇ ਇਹ ਨਿਵੇਕਲੀ ਕਿਤਾਬ ਸ਼ਾਨਦਾਰ ਰੰਗਦਾਰ ਤਸਵੀਰਾਂ ਸਾਹਿਤ ਤਿਆਰ ਕੀਤੀ ਹੈ। ਚਾਰ ਭਾਸ਼ਾਵਾਂ ਅੰਗਰੇਜ਼ੀ, ਪੰਜਾਬੀ, ਉਰਦੂ ਤੇ ਫਾਰਸੀ ਵਿਚ ਤਿਆਰ ਇਸ ਅਨੋਖੀ "ਕੌਫੀ ਟੇਬਲ ਬੁੱਕ" ਦਾ ਨਾਂ "ਦਾ ਲੀਜੈਂਡਜਸ ਆਫ ਸਪੋਰਟਸ" ਕਬੱਡੀ "ਵਰਲਡ ਕੱਪ-2020, ਪਾਕਿਸਤਾਨ" ਹੈ। ਇਹ ਖ਼ੂਬਸੂਰਤ ਕਿਤਾਬ ਕਬੱਡੀ ਖੇਡ ਖੇਤਰ ਵਿਚ ਦੁਨੀਆਂ ਭਰ ਅੰਦਰ ਆਪਣੀ ਕਿਸਮ ਦੀ ਪਹਿਲੀ ਲਾਸਾਨੀ ਕਿਤਾਬ ਹੈ, ਜੋ 180 ਰੰਗਦਾਰ ਸਫਿਆਂ ਨਾਲ ਤੇ 468 ਤਸਵੀਰਾਂ ਨਾਲ ਭਰੀ ਪਈ ਹੈ। ਇਹ ਕਿਤਾਬ ਜਲਦੀ ਸੰਸਾਰ ਭਰ 'ਚ ਕਬੱਡੀ ਦੇ ਚਹੇਤਿਆਂ ਨੂੰ ਮਿਲ ਸਕੇਗੀ।

ਤਸਵੀਰ ਵਿਚ ਜਨਾਬ ਬਿਲਾਲ ਚੀਮਾ-ਪੌਲਿਟੀਕਲ (ਸਿਆਸੀ) ਲੀਡਰ ਸਰੀ, ਸੰਤੋਖ ਸਿੰਘ ਮੰਡੇਰ-ਕੌਮਾਂਤਰੀ ਫੋਟੋ ਜਰਨਲਿਸਟ, ਡੇਵਿਡ ਈਬੀ-ਪ੍ਰੀਮੀਅਰ ਬੀ.ਸੀ. ਸਰਕਾਰ, ਜਿਨੀ ਸਿਮਸ-ਐੱਮ.ਐੱਲ.ਏ.-ਬੀ.ਸੀ., ਸਰਦਾਰ ਜਗਰੂਪ ਸਿੰਘ ਬਰਾੜ-ਵਪਾਰ ਮੰਤਰੀ ਬੀ.ਸੀ. ਸਰਕਾਰ ਅਤੇ ਹੋਰ ਬਹੁਤ ਸਾਰੇ ਪਤਵੰਤੇ ਸ਼ਾਮਲ ਹੋਏ ਸਨ।

-ਫੋਟੋ ਤੇ ਵੇਰਵਾ: ਸੰਤੋਖ ਸਿੰਘ ਮੰਡੇਰ

# ਤਿਆਗ ਦੀ ਮੂਰਤ, ਤਪੱਸਿਆ ਅਤੇ ਪ੍ਰਮਾਤਮਾ ਦਾ ਦੂਜਾ ਰੂਪ ਹੁੰਦੀਆ ਹਨ ਮਾਵਾਂ : ਡਾ. ਬਿਮਲ ਸ਼ਰਮਾ



**ਬਠਿੰਡਾ, (ਅੰਗਰੇਜ਼ ਸਿੰਘ ਵਿੱਕੀ/ਪੰਜਾਬ ਮੇਲ)**- ਮਾਂ ਦਿਵਸ ਹਰ ਸਾਲ ਮਈ ਮਹੀਨੇ ਦੇ ਦੂਸਰੇ ਐਤਵਾਰ ਨੂੰ ਮਨਾਇਆ ਜਾਂਦਾ ਹੈ ਅਤੇ ਪਹਿਲੀ ਵਾਰ ਮਾਂ ਦਿਵਸ 1908 ਈ: ਵਿਚ ਮਨਾਇਆ ਗਿਆ ਸੀ, ਪਰੰਤੂ ਸਾਡਾ ਹਰ ਦਿਨ ਮਾਂ ਨੂੰ ਹੀ ਸਮਰਪਿਤ ਹੋਣਾ ਚਾਹੀਦਾ ਹੈ ਕਿਉਂਕਿ ਮਾਂ ਹੀ ਸਾਡੇ ਸਾਰੇ ਪਰਿਵਾਰ ਨੂੰ ਇੱਕ ਡੋਰ ਵਿਚ ਪਰੋ ਕੇ ਰੱਖਦੀ ਹੈ। ਮਾਂ ਦਿਵਸ ਸਬੰਧੀ ਗੱਲਬਾਤ ਕਰਦਿਆਂ ਡਾਕਟਰ ਬਿਮਲ ਸ਼ਰਮਾ ਪ੍ਰਿੰਸੀਪਲ ਕਮ ਜੁਆਇੰਟ ਡਾਇਰੈਕਟਰ ਵੈਟਰਨਰੀ ਪੋਲੀਟੈਕਨਿਕ ਕਾਲਜ ਅਤੇ ਖੇਤਰੀ ਖੋਜ ਸਿਖਲਾਈ ਕੇਂਦਰ ਕਾਲਝਰਾਣੀ ਨੇ ਕਿਹਾ ਕਿ ਸਾਨੂੰ ਆਪਣੀ ਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਮਾਂ ਦਾ ਰਿਸ਼ਤਾ ਹੀ ਦੁਨੀਆਂ ਵਿਚ ਸਭ ਰਿਸ਼ਤਿਆਂ ਤੋਂ ਪਵਿੱਤਰ ਅਤੇ ਉੱਚਾ ਰਿਸ਼ਤਾ ਹੈ। ਮਾਂ ਬਾਪ ਸਾਡੇ ਸਮਾਜ ਦਾ ਸਰਮਾਇਆ ਹੁੰਦੇ ਅਤੇ ਘਰ ਦਾ ਜਿੰਦਰਾ ਹੁੰਦੇ ਹਨ ਪ੍ਰੰਤੂ ਬੜੇ ਦੁੱਖ ਦੀ ਗੱਲ ਕੀਤੀ ਕਿ ਮਾਤਾ-ਪਿਤਾ ਦਾ ਸਤਿਕਾਰ ਦਿਨੋਂ-ਦਿਨ ਘੱਟ ਰਿਹਾ ਹੈ ਅਤੇ ਅੱਜਕੱਲ੍ਹ ਦੇ ਬੱਚਿਆਂ ਨੂੰ ਮਾਤਾ-ਪਿਤਾ ਦੀ ਟੋਕਾ-ਟੋਕੀ ਪਸੰਦ ਨਹੀਂ ਅਤੇ ਕਈ ਤਾਂ ਆਪਣੇ ਮਾਤਾ-ਪਿਤਾ ਨੂੰ ਬਿਰਧ ਆਸ਼ਰਮ ਭੇਜਣ ਤੋਂ ਵੀ ਸੰਕੋਚ ਨਹੀਂ ਕਰਦੇ। ਡਾਕਟਰ ਸ਼ਰਮਾ ਨੇ ਕਿਹਾ ਕਿ ਮਾਂ ਆਪਣੇ ਬੱਚਿਆਂ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਆਪਣੇ ਗਲ ਨਾਲ ਲਗਾਉਂਦੀ ਹੈ। ਸਾਨੂੰ ਇੱਕ ਗੱਲ ਕਦੇ ਵੀ ਭੁੱਲਣੀ ਨਹੀਂ ਚਾਹੀਦੀ ਕਿ ਜੇਕਰ ਮਾਂ ਨੇ ਕਿਸੇ ਗੱਲ ਨੂੰ ਹਾਂ ਕਰ ਦਿੱਤੀ, ਤਾਂ ਉਸ ਨੂੰ ਰੱਬ ਵੀ ਨਹੀਂ ਮੋੜ ਸਕਦਾ। ਸਾਨੂੰ ਆਪਣੀ ਮਾਂ ਦਾ ਕਹਿਣਾ ਹਮੇਸ਼ਾ ਮੰਨਣਾ ਚਾਹੀਦਾ ਹੈ। ਮਮਤਾ ਅਤੇ ਪਿਆਰ ਦਾ ਨਿੱਘ ਸਿਰਫ ਮਾਂ ਦੀ ਬੁੱਕਲ ਵਿਚੋਂ ਹੀ ਮਿਲਦਾ ਹੈ। ਮਾਂ ਦੀ ਜਿੰਨੀ ਤਰੀਫ਼ ਕੀਤੀ ਜਾਵੇ, ਓਨੀ ਹੀ ਘੱਟ ਹੈ। ਮਾਵਾਂ ਤਾਂ ਠੰਡੀਆ ਛਾਂਵਾਂ ਹੁੰਦੀਆਂ ਹਨ। ਮਾਂ ਆਪ ਤਕਲੀਫ਼ ਝੱਲ ਕੇ ਬੱਚਿਆਂ ਨੂੰ ਪਾਲਦੀ ਹੈ। ਡਾਕਟਰ ਬਿਮਲ ਸ਼ਰਮਾ ਨੇ ਕਿਹਾ ਕਿ ਪ੍ਰਮਾਤਮਾ ਹਰ ਜਗ੍ਹਾ ਨਹੀਂ ਹੋ ਸਕਦਾ, ਇਸ ਲਈ ਉਸਨੇ ਮਾਂ ਨੂੰ ਦੂਜੇ ਰੂਪ ਵਿਚ ਇਸ ਧਰਤੀ 'ਤੇ ਭੇਜਿਆ ਹੈ। ਮਾਂ ਭਾਵੇਂ ਸਮਾਜਿਕ ਤੌਰ 'ਤੇ ਕਿੰਨੀ ਵੀ ਸਖ਼ਤ ਹੋਵੇ ਪਰ ਉਸਦਾ ਆਪਣੇ ਬੱਚਿਆਂ ਲਈ ਮਨ ਕੋਮਲ ਹੁੰਦਾ ਹੈ। ਮਾਂ ਆਪ ਗਿੱਲੀ ਥਾਂ 'ਤੇ ਪੈਂਦੀ ਹੈ ਅਤੇ ਆਪਣੇ ਬੱਚਿਆਂ ਨੂੰ ਸੁੱਕੀ ਥਾਂ 'ਤੇ ਪਾਉਂਦੀ ਹੈ। ਮਾਂ ਬਿਨਾ ਘਰ ਹਮੇਸ਼ਾ ਸੁੰਨਾ-ਸੁੰਨਾ ਲੱਗਦਾ ਹੈ, ਮਾਂ ਦੇ ਵਿਛੋੜੇ ਦਾ ਦੁੱਖ ਉਹ ਇਨਸਾਨ ਹੀ ਦੱਸ ਸਕਦਾ ਹੈ ਜਿਸ ਦੀ ਮਾਂ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਈ ਹੋਵੇ। ਅਸੀਂ ਸਾਰੀ ਉਮਰ ਆਪਣੀ ਮਾਂ ਦਾ ਕਰਜ਼ ਨਹੀਂ ਉਤਾਰ ਸਕਦੇ। ਅੱਜਕੱਲ੍ਹ ਸਾਰੀ ਦੁਨੀਆਂ ਦੇ ਰਿਸ਼ਤੇ ਮਤਲਬੀ ਹੋ ਗਏ ਹਨ ਪ੍ਰੰਤੂ ਇੱਕ ਮਾਂ ਦਾ ਰਿਸ਼ਤਾ ਹੀ ਹੈ, ਜੋ ਕਿ ਬਿਨਾਂ ਲਾਲਚ, ਮਤਲਬ ਅਤੇ ਸਭ ਤੋਂ ਸੁੱਚਾ ਰਿਸ਼ਤਾ ਹੈ। ਜਿਹੜੇ ਇਨਸਾਨ ਮਾਂ ਦੀ ਕਦਰ ਕਰਦੇ ਹਨ, ਉਹ ਹਮੇਸ਼ਾ ਖ਼ੁਸ਼ ਰਹਿੰਦੇ ਹਨ, ਜਦੋਂ ਸਾਰੀ ਦੁਨੀਆਂ ਇਨਸਾਨ ਨੂੰ ਬੇਗਾਨਾ ਸਮਝਣ ਲੱਗ ਜਾਂਦੀ ਹੈ, ਤਾਂ ਇੱਕ ਮਾਂ ਹੀ ਉਸ ਲਈ ਆਸ ਦੀ ਕਿਰਨ ਹੁੰਦੀ ਹੈ ਅਤੇ ਉਸ ਨੂੰ ਗਲੇ ਲਗਾਉਂਦੀ ਹੈ ਅਤੇ ਦਿਲਾਸਾ ਦਿੰਦੀ ਹੈ। ਡਾਕਟਰ ਸ਼ਰਮਾ ਨੇ ਕਿਹਾ ਕਿ ਮਾਂ ਦਿਵਸ ਦੇ ਸਹੀ ਮਾਹਨੇ ਤਾਂ ਹੀ ਸਾਰਥਕ ਸਿੱਧ ਹੋ ਸਕਦੇ ਹਨ, ਜੇਕਰ ਹਰ ਇਨਸਾਨ ਆਪਣੀ ਮਾਂ ਦਾ ਮਾਣ ਇੱਜ਼ਤ ਕਰੇ, ਜਿਸ ਕਰਕੇ ਹੀ ਅਸੀਂ ਇਸ ਦੁਨੀਆਂ ਵਿਚ ਹਰ ਸੁੱਖ ਮਾਨਣ ਦੇ ਯੋਗ ਹੋਏ ਹਾਂ। ਮੇਰੀ ਤਾਂ ਪ੍ਰਮਾਤਮਾ, ਵਹਿਗੁਰੂ ਅਤੇ ਅੱਲ੍ਹਾ ਅੱਗੇ ਇਹੀ ਪ੍ਰਾਰਥਨਾ ਹੈ ਕਿ ਕਦੇ ਵੀ ਕਿਸੇ ਦੀ ਮਾਂ ਨਾ ਵਿਛੜੇ ਅਤੇ ਸਾਨੂੰ ਸਭ ਨੂੰ ਆਪਣੀ ਮਾਂ ਦਾ ਪਿਆਰ ਅਤੇ ਅਸ਼ੀਰਵਾਦ ਮਿਲਦਾ ਰਹੇ।

# ਜਲੰਧਰ ਤੋਂ ਰਿੰਕੂ ਦੀ ਜਿੱਤ ਨਾਲ ਲੋਕ ਸਭਾ 'ਚ 'ਆਪ' ਦਾ ਮੁੜ ਦਾਖਲਾ



**ਚੰਡੀਗੜ੍ਹ, (ਪੰਜਾਬ ਮੇਲ)**- ਆਮ ਆਦਮੀ ਪਾਰਟੀ ਦੇ ਸੁਸ਼ੀਲ ਕੁਮਾਰ ਰਿੰਕੂ ਵੱਲੋਂ ਜਲੰਧਰ ਲੋਕ ਸਭਾ ਜ਼ਿਮਨੀ ਚੋਣ 'ਚ ਵੱਡੀ ਜਿੱਤ ਨਾਲ ਪਾਰਟੀ ਦਾ ਲੋਕ ਸਭਾ 'ਚ ਮੁੜ ਦਾਖਲਾ ਹੋ ਗਿਆ। ਇਹ ਕਾਂਗਰਸ ਲਈ ਵੱਡਾ ਝਟਕਾ ਹੈ, ਉਸ ਕੋਲ ਇਹ ਸੀਟ 1999 ਤੋਂ ਸੀ। ਕਾਂਗਰਸ ਨੇ ਮਰਹੂਮ ਸੰਤੋਖ ਚੌਧਰੀ ਦੀ ਵਿਧਵਾ ਕਰਮਜੀਤ ਕੌਰ ਨੂੰ ਉਮੀਦਵਾਰ ਬਣਾਇਆ ਸੀ। ਬੀਤੇ ਸਾਲ ਜੂਨ 2022 ਵਿਚ 'ਆਪ' ਨੂੰ ਵੱਡਾ ਝਟਕਾ ਲੱਗਿਆ, ਜਦੋਂ ਅਕਾਲੀ ਦਲ (ਅੰਮ੍ਰਿਤਸਰ) ਦੇ ਸਿਮਰਨਜੀਤ ਸਿੰਘ ਮਾਨ ਨੇ ਸੰਗਰੂਰ ਲੋਕ ਸਭਾ ਸੀਟ ਤੋਂ ਆਪਣੇ ਨੇੜਲੇ ਵਿਰੋਧੀ 'ਆਪ' ਦੇ ਗੁਰਮੇਲ ਸਿੰਘ ਨੂੰ ਮਾਮੂਲੀ ਫਰਕ ਨਾਲ ਹਰਾ ਕੇ ਜਿੱਤ ਪ੍ਰਾਪਤ ਕੀਤੀ। ਸੰਗਰੂਰ ਹਲਕਾ ਕਿਸੇ ਸਮੇਂ 'ਆਪ' ਦਾ ਗੜ੍ਹ ਰਿਹਾ ਹੈ। ਭਗਵੰਤ ਮਾਨ ਇਸ ਸੀਟ ਤੋਂ ਦੋ ਵਾਰ 2014 ਅਤੇ 2019 ਵਿਚ ਨੁਮਾਇੰਦਗੀ ਕਰ ਚੁੱਕੇ ਹਨ। ਉਨ੍ਹਾਂ ਨੇ ਫਰਵਰੀ 2022 ਵਿਚ ਧੂਰੀ ਤੋਂ ਵਿਧਾਨ ਸਭਾ ਚੋਣ ਜਿੱਤਣ ਤੋਂ ਬਾਅਦ ਸੀਟ ਖਾਲੀ ਕਰ ਦਿੱਤੀ ਸੀ। ਜਲੰਧਰ ਦੀ ਜਿੱਤ ਨੇ 'ਆਪ' ਨੂੰ ਜਲਦੀ ਹੀ ਹੋਣ ਵਾਲੀਆਂ ਸਥਾਨਕ ਸਰਕਾਰਾਂ ਚੋਣਾਂ ਲਈ ਹੌਸਲਾ ਦੇ ਦਿੱਤਾ ਹੈ।

# ਵਿਵਾਦਿਤ ਫਿਲਮ 'ਦਿ ਕੇਰਲਾ ਸਟੋਰੀ' ਅਮਰੀਕਾ ਤੇ ਕੈਨੇਡਾ ਦੇ 200 ਤੋਂ ਵੱਧ ਸਿਨੇਮਾਘਰਾਂ 'ਚ ਹੋਈ ਰਿਲੀਜ਼




**ਵਾਸ਼ਿੰਗਟਨ, (ਪੰਜਾਬ ਮੇਲ)**- ਵਿਵਾਦਿਤ ਫਿਲਮ 'ਦਿ ਕੇਰਲਾ ਸਟੋਰੀ' ਅਮਰੀਕਾ ਅਤੇ ਕੈਨੇਡਾ ਦੇ 200 ਤੋਂ ਵੱਧ ਸਿਨੇਮਾਘਰਾਂ 'ਚ ਰਿਲੀਜ਼ ਹੋਈ। ਨਿਰਦੇਸ਼ਕ ਸੁਦੀਪਤੋ ਸੇਨ ਨੇ ਕਿਹਾ ਹੈ ਕਿ ਫਿਲਮ ਮਿਸ਼ਨ ਹੈ, ਜੋ ਸਿਨੇਮਾ ਦੀਆਂ ਰਚਨਾਤਮਕ ਸੀਮਾਵਾਂ ਤੋਂ ਪਾਰ ਜਾਂਦੀ ਹੈ। ਸੇਨ ਨੇ ਡਿਜੀਟਲ ਪ੍ਰੈੱਸ ਕਾਨਫਰੰਸ ਦੌਰਾਨ ਭਾਰਤੀ ਅਤੇ ਅਮਰੀਕੀ ਪੱਤਰਕਾਰਾਂ ਦੇ ਸਮੂਹ ਨੂੰ ਕਿਹਾ, 'ਦੇਸ਼ ਕੇਰਲ ਰਾਜ ਵਿਚ ਲੰਬੇ ਸਮੇਂ ਤੋਂ ਚੱਲੀ ਆ ਰਹੀ ਸਮੱਸਿਆ ਨੂੰ ਨਜ਼ਰਅੰਦਾਜ਼ ਕਰ ਰਿਹਾ ਹੈ।'

ਰੋਜ਼ਵਿਲ ਏਰੀਏ 'ਚ ਖੁੱਲ੍ਹ ਗਿਆ ਹੈ ਪੰਜਾਬੀਆਂ ਦਾ ਆਪਣਾ ਇੰਡੀਅਨ ਗਰੋਸਰੀ ਸਟੋਰ

BHARAT
SPICE BAZAR
1402 Blue Oaks Blvd, Suite# 150,
Roseville, CA 95747
ਭਾਰਤ ਸਪਾਈਸ ਬਜ਼ਾਰ
ਰੋਜ਼ਵਿਲ










ਤੁਸੀਂ ਇਥੋਂ ਹਰ ਤਰ੍ਹਾਂ ਦੀ ਭਾਰਤੀ ਗਰੋਸਰੀ ਦਾ ਸਾਮਾਨ,
ਤਾਜ਼ੀਆਂ ਸਬਜ਼ੀਆਂ, ਆਟਾ, ਚਾਵਲ, ਦਾਲਾਂ,
ਮਸਾਲੇ ਆਦਿ ਵਾਜ਼ਿਬ ਦਾਮਾਂ 'ਤੇ ਖਰੀਦ ਸਕਦੇ ਹੋ।

Follow us on

(916) 886-9089, Fax. (916) 692-2558
CONTACT@BHARATSPICEBAZAR.COM | WWW.BHARATSPICEBAZAR.COM

Designed By Punjab Mail USA

# ਪਹਿਲਵਾਨ ਜਿਨਸੀ ਸ਼ੋਸ਼ਣ ਮਾਮਲਾ: ਪਹਿਲਵਾਨਾਂ ਵੱਲੋਂ ਅੰਦੋਲਨ ਨੂੰ ਆਲਮੀ ਮੰਚ 'ਤੇ ਲਿਜਾਣ ਦੀ ਤਿਆਰੀ

- ਹੋਰਨਾਂ ਮੁਲਕਾਂ ਦੇ ਓਲੰਪੀਅਨਾਂ ਤੇ ਅਥਲੀਟਾਂ ਤੱਕ ਰਸਾਈ ਕਰਨਗੇ ਪਹਿਲਵਾਨ
- 21 ਮਈ ਤੋਂ ਬਾਅਦ ਕੋਈ ਵੱਡਾ ਫੈਸਲਾ ਲੈਣ ਦੀ ਚੇਤਾਵਨੀ



ਕਨਾਟ ਪਲੇਸ ਵੱਲ ਮਾਰਚ ਕਰਦੇ ਹੋਏ ਪਹਿਲਵਾਨ ਅਤੇ ਹੋਰ ਲੋਕ।

**ਨਵੀਂ ਦਿੱਲੀ, (ਪੰਜਾਬ ਮੇਲ)**- ਜੰਤਰ-ਮੰਤਰ 'ਤੇ ਪ੍ਰਦਰਸ਼ਨ ਕਰ ਰਹੇ ਪਹਿਲਵਾਨਾਂ ਨੇ ਆਪਣੇ 'ਅੰਦੋਲਨ ਨੂੰ ਆਲਮੀ ਪੱਧਰ 'ਤੇ' ਲਿਜਾਣ ਲਈ ਹੋਰਨਾਂ ਮੁਲਕਾਂ ਦੇ ਓਲੰਪਿਕ ਤਗ਼ਮਾ ਜੇਤੂਆਂ ਤੇ ਅਥਲੀਟਾਂ ਤੱਕ ਪਹੁੰਚ ਕਰਨ ਦਾ ਫੈਸਲਾ ਕੀਤਾ ਹੈ। ਧਰਨਾਕਾਰੀ ਪਹਿਲਵਾਨਾਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਗ੍ਰਿਫ਼ਤਾਰ ਕੀਤੇ ਜਾਣ ਦੀ ਉਨ੍ਹਾਂ ਦੀ ਮੰਗ ਵੱਲ ਧਿਆਨ ਨਾ ਦਿੱਤਾ, ਉਹ 21 ਮਈ ਮਗਰੋਂ ਕੋਈ ਵੱਡਾ ਫੈਸਲਾ ਲੈਣਗੇ। ਇਸ ਦੌਰਾਨ ਜੰਮੂ ਕਸ਼ਮੀਰ ਦੇ ਸਾਬਕਾ ਰਾਜਪਾਲ ਸਤਿਆਪਾਲ ਮਲਿਕ, ਭਾਜਪਾ ਆਗੂ ਬੀਰੇਂਦਰ ਸਿੰਘ ਅਤੇ ਭੀਮ ਆਰਮੀ ਦੇ ਮੁਖੀ ਚੰਦਰਸ਼ੇਖਰ ਨੇ ਜੰਤਰ-ਮੰਤਰ 'ਤੇ ਪੁੱਜ ਕੇ ਪਹਿਲਵਾਨਾਂ ਨੂੰ ਸਮਰਥਨ ਦਿੱਤਾ ਤੇ ਧਰਨਾਕਾਰੀਆਂ ਨੂੰ ਸੰਬੋਧਨ ਕੀਤਾ। ਸ਼ਾਮ ਨੂੰ ਪਹਿਲਵਾਨਾਂ ਤੇ ਹੋਰ ਲੋਕਾਂ ਕਨਾਟ ਪਲੇਸ ਤੱਕ ਮਾਰਚ ਕੀਤਾ। ਓਲੰਪਿਕ ਤਗ਼ਮਾ ਜੇਤੂ ਬਜਰੰਗ ਪੂਨੀਆ, ਸਾਕਸ਼ੀ ਮਲਿਕ ਤੇ ਏਸ਼ਿਆਈ ਖੇਡਾਂ 'ਚ ਸੋਨ ਤਗ਼ਮਾ ਜਿੱਤਣ ਵਾਲੀ ਵਿਨੇਸ਼ ਫੋਗਾਟ ਸਣੇ ਦੇਸ਼ ਦੇ ਸਿਖਰਲੇ ਪਹਿਲਵਾਨ ਪਿਛਲੇ ਕਈ ਦਿਨਾਂ ਤੋਂ ਜੰਤਰ-ਮੰਤਰ 'ਤੇ ਧਰਨਾ ਲਾਈ ਬੈਠੇ ਹਨ।

ਪਹਿਲਵਾਨ ਜਿਨਸੀ ਸ਼ੋਸ਼ਣ ਮਾਮਲੇ ਵਿਚ ਬ੍ਰਿਜ ਭੂਸ਼ਣ ਨੂੰ ਗ੍ਰਿਫ਼ਤਾਰ ਕੀਤੇ ਜਾਣ ਦੀ ਮੰਗ 'ਤੇ ਬਜ਼ਿੱਦ ਹਨ। ਚੇਤੇ ਰਹੇ ਕਿ ਇਕ ਨਾਬਾਲਗ ਸਣੇ ਸੱਤ ਮਹਿਲਾ ਪਹਿਲਵਾਨਾਂ ਨੇ ਸਿੰਘ 'ਤੇ ਜਿਨਸੀ ਸ਼ੋਸ਼ਣ ਦੇ ਦੋਸ਼ ਲਾਏ ਸਨ। ਵਿਨੇਸ਼ ਫੋਗਾਟ ਨੇ ਕਿਹਾ, "ਅਸੀਂ ਆਪਣੇ ਪ੍ਰਦਰਸ਼ਨ ਨੂੰ ਆਲਮੀ ਮੰਚ 'ਤੇ ਲਿਜਾਵਾਂਗੇ। ਅਸੀਂ ਹੋਰਨਾਂ ਮੁਲਕਾਂ ਦੇ ਓਲੰਪੀਅਨਾਂ ਤੇ ਓਲੰਪਿਕ ਤਗ਼ਮਾ ਜੇਤੂਆਂ ਤੱਕ ਪਹੁੰਚ ਕਰਾਂਗੇ।

# ਭਾਰਤੀ ਕੌਂਸਲੇਟ ਜਨਰਲ ਵੈਨਕੂਵਰ ਵੱਲੋਂ ਰਾਬਿੰਦਰਨਾਥ ਟੈਗੋਰ 162ਵੀਂ ਜਯੰਤੀ ਮਨਾਈ



**ਸਰੀ, (ਹਰਦਮ ਮਾਨ/ਪੰਜਾਬ ਮੇਲ)**- ਵੈਨਕੂਵਰ ਵਿਚ ਭਾਰਤੀ ਕੌਂਸਲੇਟ ਜਨਰਲ ਵੱਲੋਂ ਨੋਬਲ ਪੁਰਸਕਾਰ ਜੇਤੂ ਗੁਰੂਦੇਵ ਰਾਬਿੰਦਰਨਾਥ ਟੈਗੋਰ 162ਵੀਂ ਜਯੰਤੀ ਮਨਾਉਣ ਲਈ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ (ਯੂ.ਬੀ.ਸੀ.) ਵਿਚ ਇੱਕ ਸਮਾਰੋਹ ਕਰਵਾਇਆ ਗਿਆ। "ਅਜ਼ਾਦੀ ਕਾ ਅੰਮ੍ਰਿਤ ਮਹੋਤਸਵ" ਤਹਿਤ ਕਰਵਾਏ ਗਏ ਇਸ ਸਮਾਗਮ ਵਿਚ ਕੌਂਸਲੇਟ ਜਨਰਲ ਦੇ ਅਧਿਕਾਰੀਆਂ, ਯੂ.ਬੀ.ਸੀ. ਦੇ ਏਸ਼ੀਅਨ ਸਟੱਡੀਜ਼ ਵਿਭਾਗ ਦੇ ਫੈਕਲਟੀ ਮੈਂਬਰਾਂ, ਭਾਰਤੀ ਡਾਇਸਪੋਰਾ ਦੇ ਮੈਂਬਰਾਂ ਅਤੇ ਯੂ.ਬੀ.ਸੀ. ਦੇ ਵਿਦਿਆਰਥੀਆਂ ਨੇ ਰਾਬਿੰਦਰਨਾਥ ਟੈਗੋਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਉਨ੍ਹਾਂ ਦੇ ਜੀਵਨ ਅਤੇ ਯੋਗਦਾਨ ਬਾਰੇ ਗੱਲ ਕੀਤੀ।

# ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਵਿਚਾਲੇ ਗੱਠਜੋੜ ਹੋਣ ਦੀ ਸੰਭਾਵਨਾ ਦੀ ਮੁੜ ਛਿੜੀ ਚਰਚਾ

- ਜ਼ਿਮਨੀ ਚੋਣ ਦੇ ਨਤੀਜੇ ਮਗਰੋਂ ਅਟਕਲਾਂ ਤੇਜ਼ ਹੋਈਆਂ
- ਭਾਜਪਾ ਪੇਂਡੂ ਤੇ ਸ਼੍ਰੋਮਣੀ ਅਕਾਲੀ ਦਲ ਸ਼ਹਿਰੀ ਖੇਤਰ 'ਚ ਰਿਹਾ ਕਮਜ਼ੋਰ

**ਚੰਡੀਗੜ੍ਹ, (ਪੰਜਾਬ ਮੇਲ)**-ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦਰਮਿਆਨ ਗੱਠਜੋੜ ਹੋਣ ਦੀ ਸੰਭਾਵਨਾ ਦੀ ਮੁੜ ਚਰਚਾ ਛਿੜੀ ਹੈ। ਜਲੰਧਰ ਚੋਣ 'ਚ ਦੋਵਾਂ ਧਿਰਾਂ ਨੂੰ ਮਿਲੀ ਹਾਰ ਪਿੱਛੋਂ ਸਿਆਸੀ ਹਲਕਿਆਂ 'ਚ ਘੁਸਰ-ਮੁਸਰ ਸ਼ੁਰੂ ਹੋ ਗਈ ਹੈ। ਐਤਵਾਰ ਪੂਰਾ ਦਿਨ ਅਟਕਲਾਂ ਤੇਜ਼ ਰਹੀਆਂ ਕਿ ਜਲੰਧਰ ਚੋਣ ਦੇ ਨਤੀਜੇ ਨੂੰ ਦੇਖਦੇ ਹੋਏ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਕੋਲ ਹੁਣ ਗੱਠਜੋੜ ਤੋਂ ਬਿਨਾਂ ਕੋਈ ਚਾਰਾ ਨਹੀਂ ਬਚਿਆ ਹੈ। ਸ਼੍ਰੋਮਣੀ ਅਕਾਲੀ ਦਲ ਨੇ 1996 ਵਿਚ ਭਾਜਪਾ ਨਾਲ ਬਿਨਾਂ ਸ਼ਰਤ ਗੱਠਜੋੜ ਕੀਤਾ ਸੀ। ਤਿੰਨ ਖੇਤੀ ਕਾਨੂੰਨਾਂ ਦੇ ਵਿਰੋਧ 'ਚ ਸ਼੍ਰੋਮਣੀ ਅਕਾਲੀ ਦਲ ਨੇ ਭਾਜਪਾ ਨਾਲੋਂ ਨਾਤਾ ਤੋੜ ਲਿਆ ਸੀ।

ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਵਿਧਾਨ ਸਭਾ ਚੋਣਾਂ ਕਾਫ਼ੀ ਅਰਸੇ ਬਾਅਦ ਵੱਖੋ-ਵੱਖ ਲੜੀਆਂ ਸਨ। ਸ਼੍ਰੋਮਣੀ ਅਕਾਲੀ ਦਲ ਦੇ ਤਿੰਨ ਅਤੇ ਭਾਜਪਾ ਦੇ ਦੋ ਉਮੀਦਵਾਰ ਚੋਣ ਜਿੱਤ ਸਕੇ ਸਨ। ਉਸ ਮਗਰੋਂ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੇ ਪੰਜਾਬ ਵਿਚ ਪਾਰਟੀ ਨੂੰ ਆਜ਼ਾਦਾਨਾ ਤੌਰ 'ਤੇ ਖੜ੍ਹਾ ਕਰਨ ਲਈ ਪੂਰਾ ਤਾਣ ਲਾਉਣਾ ਸ਼ੁਰੂ ਕਰ ਦਿੱਤਾ। ਭਾਜਪਾ ਨੇ ਕਾਫ਼ੀ ਸਿੱਖ ਚਿਹਰਿਆਂ ਨੂੰ ਪਾਰਟੀ ਵਿਚ ਸ਼ਾਮਲ ਕੀਤਾ ਅਤੇ ਕਾਂਗਰਸ ਦੇ ਕਈ ਸਾਬਕਾ ਵਜ਼ੀਰਾਂ ਨੇ ਵੀ ਭਾਜਪਾ ਦਾ ਪੱਲਾ ਫੜ ਲਿਆ। ਭਾਜਪਾ ਜਲੰਧਰ ਚੋਣ ਵਿਚ ਚੌਥੇ ਨੰਬਰ 'ਤੇ ਆਈ ਹੈ ਪਰ ਉਂਜ ਭਾਜਪਾ ਨੇ ਜਲੰਧਰ ਕੇਂਦਰੀ ਅਤੇ ਜਲੰਧਰ ਉੱਤਰੀ ਵਿਧਾਨ ਸਭਾ ਹਲਕੇ ਵਿਚ ਲੀਡ ਲਈ ਹੈ, ਜਿੱਥੇ ਪਾਰਟੀ ਨੂੰ ਧਰਵਾਸ ਬੱਝ ਰਿਹਾ ਹੈ। ਭਾਜਪਾ ਨੇ ਕੁੱਲ 1,34,800 ਵੋਟਾਂ ਹਾਸਲ ਕੀਤੀਆਂ ਹਨ, ਇਨ੍ਹਾਂ 'ਚੋਂ 28.40 ਫ਼ੀਸਦੀ ਵੋਟਾਂ ਪਿੰਡਾਂ 'ਚੋਂ ਪਈਆਂ ਹਨ। ਪੰਜ ਪੇਂਡੂ ਹਲਕਿਆਂ ਵਿਚ ਭਾਜਪਾ ਨੂੰ ਢੁੱਕਵਾਂ ਹੁੰਗਾਰਾ ਨਹੀਂ ਮਿਲਿਆ ਹੈ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਨੂੰ ਕੁੱਲ 1,58,445 ਵੋਟਾਂ ਪ੍ਰਾਪਤ ਹੋਈਆਂ ਹਨ ਜਿਨ੍ਹਾਂ 'ਚੋਂ 20.14 ਫ਼ੀਸਦੀ ਵੋਟਾਂ ਸ਼ਹਿਰੀ ਖੇਤਰ ਦੀਆਂ ਹਨ।

ਇਕ ਗੱਲ ਨਿੱਤਰ ਕੇ ਸਾਹਮਣੇ ਆ ਗਈ ਹੈ ਕਿ ਭਾਜਪਾ ਪੇਂਡੂ ਖੇਤਰਾਂ ਵਿਚ ਆਪਣੇ ਪੈਰ ਨਹੀਂ ਜਮਾ ਸਕੀ ਹੈ, ਜਦੋਂਕਿ ਸ਼੍ਰੋਮਣੀ ਅਕਾਲੀ ਦਲ ਸ਼ਹਿਰੀ ਖੇਤਰ ਵਿਚ ਆਧਾਰ ਬਣਾਉਣ ਵਿਚ ਅਸਫ਼ਲ ਰਿਹਾ ਹੈ।

# ਸੰਗਰੂਰ ਅਦਾਲਤ ਵੱਲੋਂ ਮਾਣਹਾਨੀ ਮਾਮਲੇ 'ਚ ਖੜਗੇ ਨੂੰ ਸੰਮਨ ਜਾਰੀ

- 10 ਜੁਲਾਈ ਨੂੰ ਪੇਸ਼ ਹੋਣ ਲਈ ਕਿਹਾ

**ਸੰਗਰੂਰ, (ਪੰਜਾਬ ਮੇਲ)**- ਇਥੋਂ ਦੀ ਅਦਾਲਤ ਨੇ ਮਾਣਹਾਨੀ ਮਾਮਲੇ ਵਿਚ ਕਾਂਗਰਸ ਦੇ ਕੌਮੀ ਪ੍ਰਧਾਨ ਮਲਿਕਾਰੁਜਨ ਖੜਗੇ ਨੂੰ ਸੰਮਨ ਜਾਰੀ ਕਰਕੇ 10 ਜੁਲਾਈ ਨੂੰ ਪੇਸ਼ ਹੋਣ ਲਈ ਕਿਹਾ ਹੈ। ਇਹ ਸੰਮਨ ਹਿੰਦੂ ਸੁਰੱਖਿਆ ਪਰਿਸ਼ਦ ਬਜਰੰਗ ਦਲ ਹਿੰਦ ਦੇ ਬਾਨੀ ਹਿਤੇਸ਼ ਭਾਰਦਵਾਜ ਵੱਲੋਂ ਦਾਇਰ ਪਟੀਸ਼ਨ 'ਤੇ ਜਾਰੀ ਕੀਤਾ ਗਿਆ ਹੈ। ਸਿਵਲ ਜੱਜ (ਸੀਨੀਅਰ ਡਵੀਜ਼ਨ) ਰਮਨਦੀਪ ਕੌਰ ਨੇ ਇਹ ਸੰਮਨ ਜਾਰੀ ਕੀਤੇ ਹਨ। ਪਟੀਸ਼ਨਰ ਦਾ ਦਾਅਵਾ ਹੈ ਕਿ ਕਰਨਾਟਕ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਬਜਰੰਗ ਦਲ ਖ਼ਿਲਾਫ਼ ਕਥਿਤ ਅਪਮਾਣਜਨਕ ਟਿੱਪਣੀਆਂ ਕੀਤੀਆਂ ਗਈਆਂ ਹਨ, ਜਿਸ ਕਾਰਨ ਸ਼੍ਰੀ ਖੜਗੇ ਖ਼ਿਲਾਫ਼ ਇਕ ਅਰਬ ਰੁਪਏ ਦਾ ਮਾਣਹਾਨੀ ਕੇਸ ਦਾਇਰ ਕੀਤਾ ਗਿਆ ਹੈ। ਸ਼੍ਰੀ ਭਾਰਦਵਾਜ ਨੇ ਕਿਹਾ ਕਿ ਜਦੋਂ ਉਨ੍ਹਾਂ ਨੇ ਕਾਂਗਰਸ ਦੇ ਚੋਣ ਮਨੋਰਥ ਪੱਤਰ ਵਿਚ ਪਾਰਟੀ ਵੱਲੋਂ ਬਜਰੰਗ ਦਲ ਦੀ ਤੁਲਨਾ ਕਥਿਤ ਤੌਰ 'ਤੇ ਦੇਸ਼ ਵਿਰੋਧੀ ਸੰਗਠਨਾਂ ਨਾਲ ਕੀਤੀ ਦੇਖੀ, ਤਾਂ ਉਨ੍ਹਾਂ ਅਦਾਲਤ ਦਾ ਬੂਹਾ ਖੜਕਾ ਦਿੱਤਾ।










DR. TAKHAR'S
MEDICAL SPA
Experience Sacramento's Top Medical Spa
(916) 688-9994
Our multi-cultural staff will welcome you to our spa and put together a treatment plan that meets your lifestyle and budget.
Free Consultations!
Before
After
Cheek Filler Treatment for Facial Volume Loss
Before
After
Frown Line and forehead Line Treatment with Dysport
BEFORE
AFTER
Double Chin Treatment with Kybella
Under Arm Laser Hair Removal
ਡਾ. ਤੱਖਰ ਮੈਡਿਕਲ ਸਪਾ
www.takharmedicalspa.com
8191 Timberlake Way Suite 350
Sacramento, CA 95823
(916) 688-9994
info@takharmedicalspa.com
Mon-Sat: 9:00AM to 7:00 PM Sun: By Appointment Only
Designed By Punjab Mail USA




ਅਸੀਂ ਤੁਹਾਡਾ ਕ੍ਰੈਡਿਟ ਰਿਪੇਅਰ ਕਰਦੇ ਹਾਂ।
FREEMAN
FINANCIAL SERVICES
ਆਪਣਾ ਕ੍ਰੈਡਿਟ ਠੀਕ ਕਰਵਾਉਣ ਲਈ ਸਾਡੇ ਨਾਲ ਸੰਪਰਕ ਕਰੋ।
CONTACT US
(916) 465-3200
(916) 471-5505
WHAT WE DO
BOOSTING YOUR CREDIT SCORE
ਅਸੀਂ ਤੁਹਾਡਾ ਕ੍ਰੈਡਿਟ ਸਕੋਰ ਵਧਾ ਸਕਦੇ ਹਾਂ।
WE CAN HELP WITH
COLLECTIONS
LATE PAYMENTS
HARD INQUIRIES
CHARGED OFF
AND MORE.....
VISIT MORE
www.freemanfinsvcs.com
FREEMAN CREDIT COUNSELING
FREEMANCREDIT.COM

PUNJAB MAIL USA
TV Channel, Newspaper, Radio
All over America, Canada, Australia & Europe
24 Hours 7 Days
Gold # 2867, Gem # 375, TV Zon # 6888,
Glow TV # 1828, Real TV etc.
You can also watch on our website: PunjabMailUSA.com
For any Information & Advertisement Call at
+1-916-280-8811 or +1-916-320-9444
E-mail: punjabmailtv@gmail.com Web: punjabmailusa.com

# ਕਿਸ ਸੇ ਪਤਾ ਪੂਛੇਂ ਮੰਜ਼ਿਲੇ ਜਾ ਕੇ, ਜਿਸ ਕੋ ਖਬਰ ਥੀ ਤੇਰੀ ਵੋਹ ਬੇਖਬਰ ਮਿਲਾ

- ਦਰਬਾਰ ਸਾਹਿਬ ਸਮੂਹ 'ਚ ਧਮਾਕੇ ਅਤੇ ਦੁਖਨਿਵਾਰਨ ਵਿਚ ਬੇਅਦਬੀ
- ਰਾਘਵ ਤੇ ਪ੍ਰਣੀਤੀ ਦੀ ਕੁੜਮਾਈ 'ਤੇ ਗਏ ਜਥੇਦਾਰ ਦੀ ਕਿਰਕਰੀ
- ਮਹਾਂਰਾਸ਼ਟਰ, ਦਿੱਲੀ ਅਤੇ ਕਾਰਨਾਟਕ ਵਿਚ ਭਾਜਪਾ ਨੂੰ ਝਟਕੇ
- ਜੰਤਰ-ਮੰਤਰ 'ਤੇ ਬੈਠੀਆਂ ਪਹਿਲਵਾਨ ਬੀਬੀਆਂ ਦੀ ਦੁਹਾਈ

ਕੁਲਵੰਤ ਸਿੰਘ ਢੇਸੀ
ਯੂ.ਕੇ.
kulwantsinghdhesi@hotmail.com
(Punjab Mail USA)





ਦਰਬਾਰ ਸਾਹਿਬ ਸਮੂਹ ਦੇ ਗਲਿਆਰੇ ਵਿਚ ਹੋਏ ਧਮਾਕਿਆਂ ਦੇ ਸਬੰਧ ਵਿਚ ਸ਼੍ਰੋਮਣੀ ਕਮੇਟੀ ਦੀ ਸੀ.ਸੀ.ਟੀ.ਵੀ. ਫੁਟੇਜ 'ਤੇ ਆਧਾਰਿਤ ਵਿਅਕਤੀ ਗ੍ਰਿਫਤਾਰ ਕੀਤੇ ਗਏ ਹਨ, ਜੋ ਕਿ ਪੁਲਿਸ ਤਫਤੀਸ਼ ਮੁਤਾਬਕ ਆਪਣਾ ਸਬੰਧ ਭਾਈ ਅਮ੍ਰਿਤਪਾਲ ਸਿੰਘ ਦੀ ਜਥੇਬੰਦੀ 'ਵਾਰਿਸ ਪੰਜਾਬ ਦੇ' ਦੇ ਨਾਲ ਹੋ ਸਕਦੇ ਹਨ। ਦੋ ਧਮਾਕੇ ਦਰਬਾਰ ਸਾਹਿਬ ਦੇ ਵਿਰਾਸਤੀ ਗਲਿਆਰੇ ਵਿਚ ਹੋਏ ਅਤੇ ਤੀਜਾ ਧਮਾਕਾ ਗੁਰੂ ਰਾਮਦਾਸ ਸਰਾਂ ਦੇ ਮਗਰਲੇ ਪਾਸੇ ਹੋਇਆ। ਇਹ ਧਮਾਕੇ ਬੁੱਧਵਾਰ 8 ਮਈ ਅਤੇ 10 ਮਈ ਨੂੰ ਰਾਤ ਸਾਢੇ ਬਾਰਾਂ ਵਜੇ ਹੋਏ ਦੱਸੇ ਜਾਂਦੇ ਹਨ। ਪਿਛਲੇ ਦਿਨਾਂ ਵਿਚ ਤਿੰਨ ਧਮਾਕੇ ਹੋਏ, ਜਿਨ੍ਹਾਂ ਨਾਲ ਕੋਈ ਜਾਨੀ ਨੁਕਸਾਨ ਤਾਂ ਨਹੀਂ ਹੋਇਆ ਪਰ ਇਨ੍ਹਾਂ ਘਟਨਾਵਾਂ ਨੇ ਦੁਨੀਆਂ ਭਰ ਦੇ ਸਿੱਖਾਂ ਦੇ ਦਿਲਾਂ ਨੂੰ ਜ਼ਖਮੀ ਕੀਤਾ ਹੈ। ਇਸ ਮਾਮਲੇ ਵਿਚ ਡੀ.ਜੀ.ਪੀ. ਗੌਰਵ ਯਾਦਵ ਨੇ ਪੰਜ ਵਿਅਕਤੀ ਗ੍ਰਿਫਤਾਰ ਕਰਨ ਦਾ ਖੁਲਾਸਾ ਕੀਤਾ ਹੈ। ਪੁਲਿਸ ਵਲੋਂ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੇ ਨਾਮ ਅਜ਼ਾਦਬੀਰ ਸਿੰਘ, ਅਮਰੀਕ ਸਿੰਘ, ਸਾਹਿਬਬੀਰ ਸਿੰਘ, ਧਰਮਿੰਦਰ ਸਿੰਘ ਅਤੇ ਹਰਜੀਤ ਸਿੰਘ ਦੱਸੇ ਜਾਂਦੇ ਹਨ। ਇਸ ਮਾਮਲੇ ਦੀ ਤਹਿ ਤੱਕ ਜਾਣ ਲਈ ਪੁਲਿਸ ਵਲੋਂ 'ਐੱਸ.ਆਈ.ਟੀ.' ਦਾ ਗਠਿਨ ਕੀਤਾ ਹੈ। ਡੀ.ਜੀ.ਪੀ. ਦੇ ਦੱਸਣ ਮੁਤਾਬਕ ਧਮਾਕਾਖੇਜ਼ ਸਮੱਗਰੀ ਅਜ਼ਾਦਬੀਰ ਸਿੰਘ ਅਤੇ ਧਰਮਿੰਦਰ ਸਿੰਘ ਨੇ ਮੁਹੱਈਆ ਕਰਵਾਈ ਗਈ ਦੱਸੀ ਜਾਂਦੀ ਹੈ। ਇਨ੍ਹਾਂ ਤੋਂ ਇਲਾਵਾ ਹਰਜੀਤ ਸਿੰਘ ਕੋਲ ਪਟਾਕਿਆਂ ਦਾ ਲਇਸੈਂਸ ਹੈ ਅਤੇ ਉਹ ਰਾਜਸਥਾਨ ਦਾ ਰਹਿਣ ਵਾਲਾ ਹੈ। ਇਨ੍ਹਾਂ ਵਿਅਕਤੀਆਂ ਕੋਲੋਂ ਇੱਕ ਕਿੱਲੋ ਬਾਰੂਦ ਪ੍ਰਾਪਤ ਹੋਇਆ ਦੱਸਿਆ ਜਾਂਦਾ ਹੈ। ਇਸ ਸਕੈਂਡਲ ਦਾ ਮੁੱਖ ਦੋਸ਼ੀ ਅਮਰੀਕ ਸਿੰਘ ਗੁਰਦਾਸਪੁਰ ਦੇ ਪਿੰਡ ਆਦੀਆਂ ਦਾ ਰਹਿਣ ਵਾਲਾ ਦੱਸਿਆ ਜਾਂਦਾ ਹੈ।

ਇੱਕ ਵਿਅਕਤੀ ਗੁਰੂ ਰਾਮਦਾਸ ਸਰਾਂ ਦੀ ਦੂਜੀ ਮੰਜ਼ਿਲ ਤੋਂ ਗ੍ਰਿਫਤਾਰ ਕੀਤਾ ਗਿਆ, ਜੋ ਕਿ ਇਹ ਕੁਕਰਮ ਕਰਕੇ ਸਰਾਂ ਦੇ ਬਰਾਂਡੇ ਵਿਚ ਆ ਕੇ ਸੌਂ ਗਿਆ ਸੀ। ਇਸੇ ਸਬੰਧ ਵਿਚ ਇੱਕ ਵਿਆਹੁਤਾ ਜੋੜੇ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਜੋ ਕਿ 225 ਨੰਬਰ ਕਮਰੇ ਵਿਚ ਠਹਿਰਿਆ ਹੋਇਆ ਸੀ। ਇੱਕ ਵਿਅਕਤੀ 40 ਕੁ ਵਰ੍ਹੇ ਦੀ ਉਮਰ ਦਾ ਅਤੇ ਦੋ ਇਸ ਤੋਂ ਘੱਟ ਉਮਰ ਦੇ ਦੱਸੇ ਜਾਂਦੇ ਹਨ। ਘਟਨਾ ਵਾਲੇ ਸਥਾਨ ਤੋਂ ਇੱਕ ਬੈਗ ਅਤੇ ਕੁਝ ਕਾਗਜ਼ ਵੀ ਮਿਲੇ ਦੱਸੇ ਜਾਂਦੇ ਹਨ। ਜੋ ਵਿਅਕਤੀ ਵਿਆਹਿਆ ਦੱਸਿਆ ਜਾਂਦਾ ਹੈ, ਉਹ ਘਰੋਂ ਬਾਹਰ ਰਹਿੰਦਾ ਹੈ ਕਿਉਂਕਿ ਉਸ ਦੀ ਘਰ ਵਾਲਿਆਂ ਨਾਲ ਬਣਦੀ ਨਹੀਂ ਹੈ। ਅਮਰੀਕ ਸਿੰਘ ਜਵੰਦੀਆਂ ਪਿੰਡ ਦਾ ਸੀ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਸ 'ਤੇ ਚੋਰੀ ਚਕਾਰੀ ਦੇ ਕੇਸ ਪਹਿਲਾਂ ਵੀ ਸਨ।

ਅੱਜ ਇਹ ਗੱਲ ਹਰ ਵਿਅਕਤੀ ਦੇ ਮਨ ਨੂੰ ਖਟਕਦੀ ਹੈ ਕਿ ਜੇਕਰ ਇਨ੍ਹਾਂ ਵਿਅਕਤੀਆਂ ਨੇ ਭਾਈ ਅੰਮ੍ਰਿਤਪਾਲ ਦੀ ਗ੍ਰਿਫਤਾਰੀ ਦੇ ਰੋਸ ਵਿਚ ਬਲਾਸਟ ਕਰਨੇ ਸੀ, ਤਾਂ ਕੀ ਉਨ੍ਹਾਂ ਨੂੰ ਇਸ ਕਰਤੂਤ ਵਾਸਤੇ ਦਰਬਾਰ ਸਾਹਿਬ ਸਮੂਹ ਹੀ ਮਿਲਿਆ ਸੀ? ਸਬੰਧਤ ਵਿਅਕਤੀ ਸਿੱਖੀ ਸਰੂਪ ਵਾਲੇ ਦੱਸੇ ਜਾਂਦੇ ਹਨ।

## ਧਮਾਕੇ ਕਦੋਂ ਤੇ ਕਿੱਥੇ ਹੋਏ

ਪਹਿਲਾ ਧਮਾਕਾ ਦਰਬਾਰ ਸਾਹਿਬ ਵਿਰਾਸਤੀ ਗਲਿਆਰੇ ਵਿਚ 6 ਮਈ ਸ਼ਨਿੱਚਰਵਾਰ ਨੂੰ ਹੋਇਆ। ਇਸ ਧਮਾਕੇ ਬਾਰੇ ਇਹ ਹੀ ਸਮਝਿਆ ਗਿਆ ਸੀ ਕਿ ਇਹ ਧਮਾਕਾ ਹਲਵਾਈ ਦੀ ਦੁਕਾਨ ਦੀ ਚਿਮਨੀ ਦੇ ਗਰਮ ਹੋਣ ਨਾਲ ਸ਼ੀਸ਼ਾ ਟੁੱਟਣ ਕਰਕੇ ਹੋਇਆ ਸੀ। ਪਰ ਜਦੋਂ ਪੁਲਿਸ ਨੂੰ ਘਟਨਾ ਸਥਾਨ ਤੋਂ ਕੁਝ ਸ਼ੱਕੀ ਸੰਕੇਤ ਅਤੇ ਚੀਜ਼ਾਂ ਮਿਲੀਆਂ, ਤਾਂ ਮੁਹਾਲੀ ਤੋਂ ਜਾਂਚ ਲਈ ਮਾਹਰ ਬੁਲਾਏ ਗਏ। ਇਸ ਧਮਾਕੇ ਵਿਚ ਇੱਕ ਵਿਅਕਤੀ ਨੂੰ ਕੁਝ ਸੱਟਾਂ ਲੱਗੀਆਂ ਸਨ।

ਦੂਜਾ ਧਮਾਕਾ ਸੋਮਵਾਰ ਸਵੇਰੇ ਹੋਇਆ। 8 ਮਈ ਨੂੰ ਹੋਇਆ ਦੂਜਾ ਧਮਾਕਾ ਵੀ ਵਿਰਾਸਤੀ ਗਲਿਆਰੇ ਵਿਚ ਸਾਰਾਗੜ੍ਹੀ ਪਾਰਕਿੰਗ ਵਿਚ ਹੋਇਆ। ਤੀਜਾ ਧਮਾਕਾ ਗੁਰੂ ਰਾਮਦਾਸ ਸਰਾਂ ਦੇ ਮਗਰਲੇ ਪਾਸੇ ਰਾਤ ਸਾਢੇ ਬਾਰਾਂ ਵਜੇ ਹੋਇਆ ਦੱਸਿਆ ਜਾਂਦਾ ਹੈ। ਇਨ੍ਹਾਂ ਧਮਾਕਿਆਂ ਵਿਚ ਕਾਫੀ ਸਾਰਾ ਧੂੰਆ ਹੋਇਆ ਅਤੇ ਕੁਝ ਇਮਾਰਤਾਂ ਦੇ ਸ਼ੀਸ਼ੇ ਵੀ ਟੁੱਟੇ। ਡੀ.ਜੀ.ਪੀ. ਮੁਤਾਬਕ ਇਹ ਘੱਟ ਤੀਬਰਤਾ ਵਾਲੇ ਧਮਾਕੇ ਸਨ। ਖਿਆਲ ਕਰਨ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਧਮਾਕਿਆਂ ਨੇ ਜੋ ਸਦਮਾ ਸਿੱਖਾਂ ਨੂੰ ਲਾਇਆ ਹੈ ਕੀ ਸਰਕਾਰ, ਪੁਲਿਸ ਜਾਂ ਜਸੂਸੀ ਵਿਭਾਗ ਉਸ ਦੀ ਤੀਬਰਤਾ ਨੂੰ ਮਹਿਸੂਸ ਕਰਕੇ ਇਨ੍ਹਾਂ ਘਟਨਾਵਾਂ ਖਿਲਾਫ ਲੋੜੀਂਦੇ ਕਦਮ ਚੁੱਕਣਗੇ? ਇਨ੍ਹਾਂ ਘਟਨਾਵਾਂ ਵਲੋਂ ਐੱਨ.ਆਈ.ਏ., ਐੱਨ.ਐੱਸ. ਜਾਂ ਹੋਰ ਏਜੰਸੀਆਂ ਵਲੋਂ ਕੀਤੀ ਜਾ ਰਹੀ ਪੜਤਾਲ ਘਟਨਾਕ੍ਰਮ ਦੀਆਂ ਕੜੀਆਂ ਜੋੜਨ ਵਿਚ ਕੁਸ਼ਲ ਦਿਖਾਈ ਨਹੀਂ ਦੇ ਰਹੀਆਂ।

## ਦਰਬਾਰ ਸਾਹਿਬ ਦੀ ਵਧਦੀ ਜਾ ਰਹੀ ਮਾਨਤਾ ਪ੍ਰਤੀ ਸ਼ਰੀਕਾ ਅਤੇ ਦੁਸ਼ਮਣੀ

ਜਦੋਂ ਤੋਂ ਦਰਬਾਰ ਸਾਹਿਬ ਵਿਚ ਕੀਰਤਨ ਦੀ ਕਵਰੇਜ ਹੋਣ ਲੱਗੀ ਹੈ, ਉਦੋਂ ਤੋਂ ਦੁਨੀਆਂ ਭਰ ਵਿਚ ਦਰਬਾਰ ਸਾਹਿਬ ਦੀ ਮਹਿਮਾ ਦੂਣ ਸਵਾਈ ਹੋਈ ਹੈ। ਦੁਨੀਆਂ ਭਰ ਤੋਂ ਨਾਮਵਰ ਹਸਤੀਆਂ ਆ ਕੇ ਦਰਬਾਰ ਸਾਹਿਬ ਨਤਮਸਤਕ ਹੋ ਰਹੇ ਹਨ। ਭਾਰਤ ਭਰ ਵਿਚੋਂ ਗੈਰ ਸਿੱਖ ਭਾਈਚਾਰਾ ਭਾਰੀ ਗਿਣਤੀ ਵਿਚ ਦਰਬਾਰ ਸਾਹਿਬ ਆ ਰਿਹਾ ਹੈ। ਜ਼ਾਹਿਰ ਹੈ ਕਿ ਕਿਤੇ ਨਾ ਕਿਤੇ ਦਰਬਾਰ ਸਾਹਿਬ ਦੀ ਵਧਦੀ ਜਾ ਰਹੀ ਮਹਿਮਾ ਪ੍ਰਤੀ ਈਰਖਾ ਅਤੇ ਦੁਸ਼ਮਣੀ ਵੀ ਪ੍ਰਬਲ ਹੁੰਦੀ ਜਾ ਰਹੀ ਹੈ। ਇਸ ਦੇ ਨਾਲ-ਨਾਲ ਭਾਈ ਅੰਮ੍ਰਿਤਪਾਲ ਸਿੰਘ ਵਲੋਂ ਚਲਾਈ ਖਾਲਸਾ ਵਹੀਰ ਹੁਣ ਜਿਥੇ ਪੰਜਾਬ ਵਿਚ ਮੁੜ ਸਰਗਰਮ ਹੋਈ ਹੈ, ਉਥੇ ਇਹ ਲਹਿਰ ਪ੍ਰਦੇਸਾਂ ਤੱਕ ਫੈਲਦੀ ਨਜ਼ਰ ਆ ਰਹੀ ਹੈ। ਸਬੰਧਤ ਘਟਨਾਵਾਂ ਨੂੰ ਭਾਈ ਅੰਮ੍ਰਿਤਪਾਲ ਸਿੰਘ ਦੇ ਨਾਮ ਨਾਲ ਜੋੜਨ ਨਾਲ ਉਸ ਦਾ ਸਤਿਕਾਰ ਸਗੋਂ ਸਿੱਖ ਸਮੂਹ ਵਿਚ ਹੋਰ ਵਧਿਆ ਪ੍ਰਤੀਤ ਹੁੰਦਾ ਹੈ।

## ਬੇਅਦਬੀਆਂ ਦੀਆਂ ਘਟਨਾਵਾਂ ਸਬੰਧੀ ਸਰਕਾਰ ਤੇ ਪੁਲਿਸ ਦੀ ਕਾਰਵਾਈ ਢਿੱਲੀ

ਪਿਛਲੇ ਕਈ ਸਾਲਾਂ ਤੋਂ ਪੰਜਾਬ ਵਿਚ ਗੁਰਬਾਣੀ ਅਤੇ ਗੁਰ ਅਸਥਾਨਾਂ ਵਿਚ ਬੇਅਦਬੀ ਦੀਆਂ ਘਟਨਾਵਾਂ ਹੋ ਰਹੀਆਂ ਹਨ ਅਤੇ ਅਜੇ ਤੱਕ ਅਜਿਹੀਆਂ ਘਟਨਾਵਾਂ ਪ੍ਰਤੀ ਕੀਤੀ ਗਈ ਹਰ ਕਾਰਵਾਈ ਠੰਢੇ ਬਸਤੇ ਵਿਚ ਪਾਈ ਗਈ ਹੈ। ਇੱਕ ਪਾਸੇ ਤਾਂ ਸਿੱਖ ਨੌਜਵਾਨਾਂ ਨੂੰ ਯੂ.ਏ.ਪੀ.ਏ. ਦੇ ਮੁਕੱਦਮੇ ਪਾ ਕੇ ਦੇਸ਼ ਧ੍ਰੋਹੀ ਗਰਦਾਨਣ ਦੀ ਕਾਰਵਾਈ ਤੇਜ ਹੁੰਦੀ ਜਾ ਰਹੀ ਹੈ ਅਤੇ ਦੂਜੇ ਪਾਸੇ ਹਰ ਬੇਅਦਬੀ ਵਿਚ ਦੋਸ਼ੀਆਂ ਖਿਲਾਫ ਪੁਲਿਸ ਦੀ ਕਾਰਵਾਈ ਗੋਂਗਲੂਆਂ ਤੋਂ ਮਿੱਟੀ ਝਾੜਨ ਵਾਲੀ ਹੁੰਦੀ ਹੈ। ਬੇਅਦਬੀਆਂ ਸਬੰਧੀ ਗ੍ਰਿਫਤਾਰ ਵਿਅਕਤੀ ਨੂੰ ਅਕਸਰ ਮੰਦ ਬੁੱਧ ਕਹਿ ਕੇ ਮਾਮਲੇ ਨੂੰ ਰਫਾ-ਦਫਾ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜਾਂ ਪੁਲਿਸ ਹਿਰਾਸਤ ਵਿਚ ਦੋਸ਼ੀ ਨੂੰ ਖਤਮ ਕਰਕੇ ਸਾਰੇ ਸਬੂਤ ਨਸ਼ਟ ਕਰ ਦਿੱਤੇ ਜਾਂਦੇ ਹਨ। ਇਨ੍ਹਾਂ ਘਟਨਾਵਾਂ ਪ੍ਰਤੀ ਸਿੱਖਾਂ ਦੇ ਅੰਦਰ ਰੋਸ ਅਤੇ ਰੋਹ ਦਿਨੋਂ-ਦਿਨ ਵਧਦਾ ਜਾ ਰਿਹਾ ਹੈ ਅਤੇ ਜੇਕਰ ਸਰਕਾਰ ਨੇ ਇਸ ਪਾਸੇ ਉਚੇਚਾ ਧਿਆਨ ਨਾ ਦਿੱਤਾ, ਤਾਂ ਭਵਿੱਖ ਵਿਚ ਵਧੇਰੇ ਤਬਾਹਕੁੰਨ ਨਤੀਜੇ ਨਿਕਲ ਸਕਦੇ ਹਨ।

## ਪਟਿਆਲੇ ਦੇ ਗੁਰਦੁਆਰਾ ਦੁੱਖ ਨਿਵਾਰਨ ਵਿਚ ਔਰਤ ਵਲੋਂ ਬੇਅਦਬੀ

ਦਰਬਾਰ ਸਾਹਿਬ ਸਮੂਹ ਵਿਚ ਹੋਏ ਧਮਾਕਿਆਂ ਦੀਆਂ ਖਬਰਾਂ ਦੀ ਅਜੇ ਸਿਆਹੀ ਵੀ ਨਹੀਂ ਸੀ ਸੁੱਕੀ ਕਿ ਦੁੱਖ ਨਿਵਾਰਨ ਗੁਰਦੁਆਰਾ ਪਟਿਆਲਾ ਦੇ ਸਰੋਵਰ ਨੇੜੇ ਸ਼ਰਾਬ ਪੀ ਰਹੀ ਔਰਤ ਦੀ ਖਬਰ ਨੇ ਤਹਿਲਕਾ ਮਚਾ ਦਿੱਤਾ। ਪਰਵਿੰਦਰ ਕੌਰ ਨਾਮ ਦੀ ਇਹ ਔਰਤ ਪਟਿਆਲੇ ਦੀ ਵਾਸੀ ਕਹੀ ਜਾਂਦੀ ਹੈ। ਇਹ ਘਟਨਾ ਐਤਵਾਰ 14 ਮਈ ਦੀ ਸ਼ਾਮ ਨੂੰ ਕਰੀਬ ਅੱਠ ਵਜੇ ਦੀ ਹੈ। ਇਹ ਔਰਤ ਜਿਸ ਵੇਲੇ ਸਰੋਵਰ ਦੀਆਂ ਪੌੜੀਆਂ ਕੋਲ ਸ਼ਰਾਬ ਪੀ ਰਹੀ ਸੀ, ਤਾਂ ਸੇਵਾਦਾਰਾਂ ਨੇ ਜਦੋਂ ਇਸ ਦੀ ਪੁੱਛ ਪੜਤਾਲ ਕੀਤੀ, ਤਾਂ ਇਸ ਨੇ ਮੌਕੇ 'ਤੇ ਹੀ ਸ਼ਰਾਬ ਦੀ ਸ਼ੀਸ਼ੀ ਤੋੜ ਦਿੱਤੀ ਅਤੇ ਸੇਵਾਦਾਰਾਂ ਨਾਲ ਝਗੜਨ ਲੱਗ ਪਈ। ਸੇਵਾਦਾਰਾਂ ਨੇ ਇਸ ਨੂੰ ਫੜ ਕੇ ਮੈਨੇਜਰ ਦੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ। ਤੁਰੰਤ ਹੀ ਪੁਲਿਸ ਬੁਲਾ ਲਈ ਗਈ ਪਰ ਜਦੋਂ ਇਸ ਔਰਤ ਨੂੰ ਫੜ ਕੇ ਪੁਲਿਸ ਲਿਜਾ ਰਹੀ ਸੀ, ਤਾਂ ਸੰਗਤ ਵਿਚੋਂ ਨਿਰਮਲਜੀਤ ਸਿੰਘ ਸੈਣੀ ਨਾਮ ਦੇ ਵਿਅਕਤੀ ਨੇ ਆਪਣੇ ਲਾਇਸੈਂਸੀ ਰਿਵਾਲਵਰ ਨਾਲ ਇਸ ਔਰਤ ਦੇ ਪੰਜ ਗੋਲੀਆਂ ਮਾਰੀਆਂ, ਜਿਨ੍ਹਾਂ ਵਿਚੋਂ ਤਿੰਨ ਗੋਲੀਆਂ ਇਸ ਔਰਤ ਦੇ ਲੱਗੀਆਂ ਅਤੇ ਇਹ ਮੌਕੇ 'ਤੇ ਹੀ ਦਮ ਤੋੜ ਗਈ। ਚਲਾਈਆਂ ਗਈਆਂ ਗੋਲੀਆਂ ਨਾਲ ਇੱਕ ਸਾਗਰ ਮਲਹੋਤਰਾ ਨਾਮ ਦਾ ਲੜਕਾ ਵੀ ਜ਼ਖਮੀ ਹੋ ਗਿਆ, ਜਿਸ ਦੀ ਹਾਲਤ ਹੁਣ ਖਤਰੇ 'ਚੋਂ ਬਾਹਰ ਹੈ। ਪਰਵਿੰਦਰ ਨਾਮ ਦੀ ਔਰਤ ਬਾਰੇ ਕਿਹਾ ਜਾਂਦਾ ਹੈ ਕਿ ਉਸ ਨੂੰ ਨਸ਼ੇ ਦੀ ਲੱਤ ਲੱਗੀ ਹੋਈ ਸੀ ਅਤੇ ਉਸ ਦੇ ਪਰਸ ਵਿਚੋਂ ਪਟਿਆਲੇ ਦੇ ਇੱਕ ਡੀ ਅਡੈਕਸ਼ਨ ਸੈਂਟਰ ਦੀ ਪਰਚੀ, ਜਰਦੇ ਦੀਆਂ ਪੁੜੀਆਂ ਅਤੇ ਨਸ਼ੇ ਦੀਆਂ ਗੋਲੀਆਂ ਮਿਲੀਆਂ ਹਨ। ਇਹ ਜਾਣਕਾਰੀ ਛਪਣ ਤੱਕ ਇਸ ਔਰਤ ਨਾਲ ਸਬੰਧਤ ਅਜੇ ਤੱਕ ਕੋਈ ਵੀ ਵਿਅਕਤੀ ਸਾਹਮਣੇ ਨਹੀਂ ਆਇਆ।

ਜੋ ਸਵਾਲ ਜਵਾਬ ਮੰਗਦਾ ਹੈ, ਉਹ ਇਹ ਹੀ ਹੈ ਕਿ ਨਸ਼ੇ ਦੀ ਲੱਤ ਵਾਲੇ, ਡਰੱਗੀ ਅਤੇ ਮਾਨਸਿਕ ਤੌਰ 'ਤੇ ਪੀੜਤ ਲੋਕ ਆਖਰ ਗੁਰਦੁਅਰਿਆਂ ਵਿਚ ਜਾ ਕੇ ਬੇਅਦਬੀਆਂ ਕਿਉਂ ਕਰਦੇ ਹਨ ਅਤੇ ਪੁਲਿਸ ਜਾਂ ਗੁਪਤਚਰ ਵਿਭਾਗ ਹਾਲੇ ਤੱਕ ਹੋ ਰਹੀਆਂ ਬੇਅਦਬੀ ਦੀਆਂ ਘਟਨਾਵਾਂ ਦੀ ਤਹਿ ਤੱਕ ਕਿਉਂ ਨਹੀਂ ਪਹੁੰਚੇ?

## ਜਥੇਦਾਰ ਅਕਾਲ ਤਖਤ ਦੀ ਕਿਰਕਰੀ

ਇਨ੍ਹੀਂ ਦਿਨੀਂ ਜਥੇਦਾਰ ਅਕਾਲ ਤਖਤ ਗਿਆਨੀ ਹਰਪ੍ਰੀਤ ਸਿੰਘ ਪੰਜਾਬ ਤੋਂ ਭਾਜਪਾ ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਅਤੇ ਬੌਲੀਵੁੱਡ ਅਦਾਕਾਰਾ ਪ੍ਰਣੀਤੀ ਚੋਪੜਾ ਦੀ ਕੁੜਮਾਈ ਵਿਚ ਜਾਣ ਕਰਕੇ ਬੁਰੀ ਤਰ੍ਹਾਂ ਚਰਚਾ ਵਿਚ ਹੈ। ਇਸ ਕੁੜਮਾਈ ਵਿਚ ਰਾਘਵ ਤੇ ਪ੍ਰਣੀਤੀ ਇੱਕ ਸੋਫੇ 'ਤੇ ਬੈਠੇ ਦਖਾਈ ਦੇ ਰਹੇ ਹਨ, ਜਦਕਿ ਸਾਹਮਣੇ ਕੀਰਤਨੀ ਜਥਾ ਕੀਰਤਨ ਕਰ ਰਿਹਾ ਹੈ। ਇਸ ਕੁੜਮਾਈ ਵਿਚ ਜਥੇਦਾਰ ਦਾ ਜਾਣਾ ਵੱਡੇ ਵਿਰੋਧ ਦਾ ਕਾਰਨ ਬਣ ਰਿਹਾ ਹੈ। ਲੋਕ ਪੁੱਛਦੇ ਹਨ ਇਸ ਤਰ੍ਹਾਂ ਦਾ ਜਥੇਦਾਰ ਇਸ ਸੰਕਟ ਦੀ ਘੜੀ ਵਿਚ ਪੰਥ ਦੀ ਕੀ ਅਗਵਾਈ ਕਰੇਗਾ, ਜੋ ਖੁਦ ਗੈਰ ਜ਼ਿੰਮੇਦਰਾਨਾ ਹਰਕਤਾਂ ਕਰ ਰਿਹਾ ਹੈ? ਇਸ ਤੋਂ ਪਹਿਲਾਂ ਜਦੋਂ ਇਸੇ ਜਥੇਦਾਰ ਨੇ ਕਾਂਗਰਸੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਗੈਰ ਅੰਮ੍ਰਿਤਧਾਰੀ ਮੁੰਡੇ ਦੇ ਵਿਆਹ 'ਤੇ ਜਾ ਕੇ ਅਰਦਾਸ ਕੀਤੀ ਸੀ, ਤਾਂ ਵੀ ਇਸ ਦੀ ਕਾਫੀ ਚਰਚਾ ਹੋਈ ਸੀ।

ਇਸ ਕੁੜਮਾਈ ਵਿਚ ਪਹੁੰਚੇ ਭਾਈ ਜਸਵੰਤ ਸਿੰਘ ਦੇ ਕੀਰਤਨੀ ਜਥੇ ਪ੍ਰਤੀ ਵੀ ਲੋਕਾਂ ਦੇ ਮਨਾਂ ਵਿਚ ਬਹੁਤ ਰੋਸ ਹੈ। ਭਾਈ ਜਸਕਰਨ ਸਿੰਘ ਨੇ ਕਿਹਾ ਕਿ ਅਸੀਂ ਤਾਂ ਮੰਤਰੀਆਂ ਸੰਤਰੀਆਂ ਦੇ ਅਕਸਰ ਜਾਂਦੇ ਹੀ ਹਾਂ ਪਰ ਜਦ ਉਸ ਤੋਂ ਪੁੱਛਿਆ ਕਿ ਤੁਸੀਂ ਰਾਘਵ ਤੇ ਪ੍ਰਣੀਤੀ ਦਾ ਸੋਫੇ 'ਤੇ ਬੈਠਣ ਕਰਕੇ ਵਿਰੋਧ ਕਿਉਂ ਨਾ ਕੀਤਾ, ਤਾਂ ਜਸਵੰਤ ਸਿੰਘ ਨੇ ਕਿਹਾ ਕਿ ਅਸੀਂ ਜਥੇਦਾਰ ਜੀ ਦੀ ਸ਼ਮੂਲੀਅਤ ਕਾਰਨ ਕੁਝ ਬੋਲਣਾ ਮੁਨਾਸਿਬ ਨਾ ਸਮਝਿਆ। ਲੋਕਾਂ ਦੇ ਰੋਸ ਨੂੰ ਦੇਖਦਿਆਂ ਭਾਈ ਜਸਵੰਤ ਸਿੰਘ ਨੇ ਸੰਗਤਾਂ ਤੋਂ ਮੁਆਫੀ ਵੀ ਮੰਗ ਲਈ ਹੈ ਪਰ ਇਸ ਸਬੰਧੀ ਜਥੇਦਾਰ ਹਰਪ੍ਰੀਤ ਸਿੰਘ ਦਾ ਕੋਈ ਵੀ ਸਪੱਸ਼ਟੀਕਰਨ ਸੁਣਨ ਵਿਚ ਨਹੀਂ ਆਇਆ। ਪੰਥ ਦੇ ਜ਼ਿੰਮੇਵਾਰ ਵਿਅਕਤੀਆਂ ਨੂੰ ਲਿਫਾਫਾ ਕਲਚਰ ਅਤੇ ਸਿਫਾਰਸ਼ ਕਲਚਰ ਤੋਂ ਮੁਕਤ ਹੋਣ ਦੀ ਲੋੜ ਹੈ। ਜੇਕਰ ਪੰਥ ਦੇ ਜਥੇਦਾਰ ਹੀ ਇਸ ਜਿੱਲਣ ਵਿਚ ਫਸੇ ਹੋਣਗੇ, ਤਾਂ ਉਹ ਪੰਥ ਨੂੰ ਨੁਕਸਾਨ ਪਹੁੰਚਾ ਰਹੇ ਲੀਹੋਂ ਲੱਥੇ ਰਾਗੀਆਂ, ਢਾਡੀਆਂ, ਕਥਾਵਾਚਕਾਂ, ਗ੍ਰੰਥੀਆਂ ਅਤੇ ਰਾਜਨੀਤਕਾਂ ਦੀ ਕਿਵੇਂ ਜਵਾਬਦੇਹੀ ਕਰ ਸਕਦੇ ਹਨ?

## ਭਾਜਪਾ ਨੂੰ ਝਟਕੇ ਤੇ ਝਟਕੇ

ਭਾਜਪਾ ਅਤੇ ਆਰ.ਐੱਸ.ਐੱਸ. ਦੀ ਪੁਰਜ਼ੋਰ ਕੋਸ਼ਿਸ਼ ਹੈ ਕਿ ਕੇਂਦਰੀਕਰਨ ਦੇ ਨਾਅਰੇ ਹੇਠ ਭਾਜਪਾ ਵਿਰੋਧੀ ਰਾਜ ਸਰਕਾਰਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਢਾਅ ਲਾਈ ਜਾਵੇ ਅਤੇ ਕੇਂਦਰ ਨੂੰ ਉਨ੍ਹਾਂ 'ਤੇ ਹਾਵੀ ਕੀਤਾ ਜਾਵੇ। ਭਾਜਪਾ ਅਤੇ ਦਿੱਲੀ ਦੀ ਕੇਜਰੀਵਾਲ ਸਰਕਾਰ ਦਰਮਿਆਨ ਸਟੇਟ ਦੇ ਅਧਿਕਾਰਾਂ ਨੂੰ ਲੈ ਕੇ ਜੋ ਸੁਣਵਾਈ ਸੁਪਰੀਮ ਕੋਰਟ ਵਿਚ ਚੱਲ ਰਹੀ ਸੀ, ਉਸ ਨੇ ਭਾਜਪਾ ਨੂੰ ਰਗੜੇ ਲਾਏ ਹਨ। ਸੁਪਰੀਮ ਕੋਰਟ ਨੇ ਸਪੱਸ਼ਟ ਫੈਸਲਾ ਕੀਤਾ ਹੈ ਕਿ ਦਿੱਲੀ ਵਿਚ ਜਨਤਾ ਨੇ ਜੋ ਵੋਟਾਂ ਪਾ ਕੇ ਸਰਕਾਰ ਬਣਾਈ ਹੈ, ਦਿੱਲੀ ਦੇ ਪ੍ਰਸ਼ਾਸਨਕ ਅਤੇ ਨੌਕਰਸ਼ਾਹੀ ਦੇ ਸਾਰੇ ਅਧਿਕਾਰ ਉਸ ਸਰਕਾਰ ਹੇਠ ਹੋਣਗੇ। ਸੁਪਰੀਮ ਕੋਰਟ ਨੇ ਕਿਹਾ ਹੈ ਕਿ ਲੈਫਟੀਨੈਂਟ ਗਵਰਨਰ ਨੂੰ ਕੇਜਰੀਵਾਲ ਸਰਕਾਰ ਦੇ ਫੈਸਲੇ ਮੰਨਣੇ ਪੈਣਗੇ। ਗਵਰਨਰ ਕੋਲ ਕੇਵਲ ਅਮਨ-ਕਾਨੂੰਨ, ਜ਼ਮੀਨ-ਜਾਇਦਾਦ ਅਤੇ ਪੁਲਿਸ ਦੇ ਅਧਿਕਾਰ ਹਨ, ਨਾ ਕਿ ਆਮ ਵਿਧਾਨਕ ਅਧਿਕਾਰ।

ਇਸੇ ਤਰ੍ਹਾਂ ਮਹਾਂਰਾਸ਼ਟਰ ਵਿਚ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਉਥੇ ਉਧਵ ਠਾਕਰੇ ਸਰਕਾਰ ਨੂੰ ਮੁੜ ਬਹਾਲ ਨਹੀਂ ਕੀਤਾ ਜਾ ਸਕਦਾ ਕਿਉਂਕਿ ਠਾਕਰੇ ਨੇ ਆਪਣੀ ਮਰਜ਼ੀ ਨਾਲ ਅਸਤੀਫਾ ਦਿੱਤਾ ਸੀ।

ਕਰਨਾਟਕ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਦੀ ਹੂੰਝਾ ਫੇਰ ਜਿੱਤ ਨੇ, ਜਿਥੇ ਭਾਜਪਾ ਦੇ ਪੈਰਾਂ ਹੇਠਲੀ ਜ਼ਮੀਨ ਨੂੰ ਹਿਲਾਇਆ ਹੈ, ਉਥੇ ਜਲੰਧਰ ਦੀ ਲੋਕ ਸਭਾ ਜ਼ਿਮਨੀ ਚੋਣ ਵਿਚ ਆਮ ਆਦਮੀ ਪਾਰਟੀ ਦੇ ਸੁਸ਼ੀਲ ਕੁਮਾਰ ਰਿੰਕੂ ਦੀ ਜਿੱਤ ਨੇ ਵੀ ਭਾਜਪਾ ਦੇ ਭਵਿੱਖ 'ਤੇ ਨਿਸ਼ਾਨੀਆ ਚਿੰਨ੍ਹ ਲਾਏ ਹਨ।

ਇਹ ਗੱਲ ਗੌਰ ਕਰਨ ਵਾਲੀ ਹੈ ਕਿ ਭਾਰਤ ਵਿਚ ਭਾਜਪਾ ਦੀ ਤਰਜ 'ਤੇ ਹਿੰਦੂ ਰਾਜ ਸਥਾਪਤ ਹੋ ਚੁੱਕਾ ਹੈ ਅਤੇ ਹੁਣ ਕੇਂਦਰੀਕਰਨ ਦੇ ਨਾਅਰੇ ਹੇਠ ਨਾ ਕੇਵਲ ਦੇਸ਼ ਦਾ ਪੁਲਿਸ ਪ੍ਰਸ਼ਾਸਨ ਹੀ, ਸਗੋਂ ਧਰਮ, ਬੋਲੀ, ਵਿੱਦਿਆ ਅਤੇ ਸਮਾਜਿਕ ਵਰਤਾਰੇ ਦਾ ਮੁਕੰਮਲ ਤੌਰ 'ਤੇ ਭਗਵਾਂ-ਕਰਨ ਕੀਤਾ ਜਾ ਰਿਹਾ ਹੈ। ਵਿੱਦਿਅਕ ਖੇਤਰ ਵਿਚ ਵਿਦਿਆਰਥੀਆਂ ਦੀਆਂ ਪਾਠ ਪੁਸਤਕਾਂ ਨੂੰ ਆਰ.ਐੱਸ.ਐੱਸ. ਅਨੁਸਾਰੀ ਕੀਤਾ ਜਾ ਰਿਹਾ ਹੈ। ਭਾਜਪਾ ਦੀ ਕੋਸ਼ਿਸ਼ ਹੈ ਕਿ ਦੇਸ਼ ਵਿਚ ਇੱਕ ਧਰਮ, ਇੱਕ ਬੋਲੀ ਦੇ ਨਾਅਰੇ ਹੇਠ ਭਾਜਪਾ ਦੇ ਰਾਜਨੀਤਿਕ ਵਿਰੋਧੀਆਂ ਅਤੇ ਘੱਟਗਿਣਤੀਆਂ ਦੇ ਰਾਜਨੀਤਿਕ ਅਧਿਕਾਰ ਜ਼ਬਤ ਕਰ ਲਏ ਜਾਣ।

## ਜੰਤਰ-ਮੰਤਰ 'ਤੇ ਬੈਠੀਆਂ ਪਹਿਲਵਾਨ ਬੀਬੀਆਂ ਦੀ ਦੁਹਾਈ

ਦਿੱਲੀ ਦੇ ਜੰਤਰ-ਮੰਤਰ 'ਤੇ ਪਹਿਲਵਾਨ ਔਰਤਾਂ ਵਲੋਂ ਦਿੱਤੇ ਜਾ ਰਹੇ ਧਰਨੇ ਦੇ ਤੇਵਰ ਦਿਨੋਂ-ਦਿਨ ਤਿੱਖੇ ਹੁੰਦੇ ਜਾ ਰਹੇ ਹਨ। ਇਨ੍ਹਾਂ ਮਹਿਲਾ ਪਹਿਲਵਾਨਾਂ ਵਲੋਂ ਭਾਰਤੀ ਕੁਸ਼ਤੀ ਮਹਾਂਸੰਘ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ 'ਤੇ ਪਹਿਲਵਾਨ ਔਰਤਾਂ ਨਾਲ ਛੇੜਛਾੜ ਅਤੇ ਸਾਜ਼ਿਸ਼ਾਂ ਰਚਣ ਦੇ ਦੋਸ਼ ਹਨ। ਹੈਰਾਨੀ ਦੀ ਗੱਲ ਹੈ ਕਿ ਇਨਸਾਫ ਲਈ ਮਹਿਲਾ ਪਹਿਲਵਾਨਾਂ ਨੂੰ ਸੁਪਰੀਮ ਕੋਰਟ ਦਾ ਦਰ ਖੜਕਾਉਣਾ ਪਿਆ। ਹਾਲ ਹੀ ਵਿਚ ਜਦੋਂ ਇਹ ਰੋਹ ਤਿੱਖਾ ਹੋ ਗਿਆ ਅਤੇ ਵਿਦਿਆਰਥੀ ਵੀ ਪਹਿਲਵਾਨਾਂ ਦੇ ਹੱਕ ਵਿਚ ਆ ਨਿੱਤਰੇ, ਤਾਂ ਰਾਤ ਦੇ ਸਮੇਂ ਇਸ ਧਰਨੇ ਨੂੰ ਖਦੇੜਨ ਲਈ ਪੁਲਿਸ ਨੇ ਬੁਰੀ ਤਰ੍ਹਾਂ ਨਾਲ ਖਿੱਚ ਧੂਹ ਕੀਤੀ, ਜੋ ਕਿ ਮੀਡੀਏ ਦੀਆ ਸੁਰਖੀਆਂ ਬਣੀ ਹੋਈ ਹੈ। ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾਂ ਵਲੋਂ ਵੀ ਇਸ ਧਰਨੇ ਨੂੰ ਹਿਮਾਇਤ ਦੇਣ ਦਾ ਐਲਾਨ ਕਿਤਾ ਗਿਆ ਹੈ ਅਤੇ ਇਸ ਦੇ ਨਾਲ ਹੀ ਦੂਜੇ ਸੂਬਿਆਂ ਦੀਆਂ ਕਿਸਾਨ ਜਥੇਬੰਦੀਆਂ ਅਤੇ ਖਾਪ ਪੰਚਾਇਤਾਂ ਵੀ ਇਸ ਧਰਨੇ ਦੀ ਹਿਮਾਇਤ 'ਤੇ ਆ ਗਈਆਂ ਹਨ।

23 ਅਪ੍ਰੈਲ ਤੋਂ ਇਹ ਪਹਿਲਵਾਨ ਔਰਤਾਂ ਧਰਨੇ 'ਤੇ ਬੈਠੀਆਂ ਹਨ। ਜ਼ਿਕਰਯੋਗ ਹੈ ਕਿ ਰੈਸਲਿੰਗ ਫੈਡਰੇਸ਼ਨ ਆਫ ਇੰਡੀਆ ਦੇ ਮੁਖੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਯੂ.ਪੀ. ਤੋਂ ਭਾਜਪਾ ਦਾ ਸਾਂਸਦ ਮੈਂਬਰ ਵੀ ਹੈ, ਜਿਸ ਦੇ ਖਿਲਾਫ ਗੰਭੀਰ ਜਿਨਸੀ ਸ਼ੋਸ਼ਣ ਦੇ ਦੋਸ਼ ਹਨ। ਜਦੋਂ ਪਹਿਲਵਾਨਾਂ ਨਾਲ ਪੁਲਿਸ ਨੇ ਦੁਰਵਿਵਹਾਰ ਕੀਤਾ, ਤਾਂ ਇਸ ਧਰਨੇ ਦੀਆਂ ਆਗੂ ਪਹਿਲਵਾਨ ਵਿਨਾਸ਼ ਫੋਗਾਟ ਅਤੇ ਬਜਰੰਗ ਪੂਨੀਆਂ ਨੇ ਪਹਿਲਵਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਪੁਲਿਸ ਦੇ ਖਿਲਾਫ ਰੋਸ ਵਜੋਂ ਆਪਣੇ ਤਮਗੇ ਵਾਪਸ ਕਰ ਦੇਣ। ਓਲੰਪਿਕ ਕਾਂਸੀ ਤਮਗਾ ਜੇਤੂ ਬਜਰੰਗ ਪੂਨੀਆ ਨੇ ਕਿਹਾ ਹੈ ਕਿ ਅਸੀਂ ਭਾਵੇਂ ਪਦਮ ਸ੍ਰੀ ਪੁਰਸਕਾਰ ਜੇਤੂ ਹਾਂ ਪਰ ਹੁਣ ਜਦੋਂ ਸਰਕਾਰ ਸੜਕਾਂ 'ਤੇ ਰੁਲ ਰਹੀਆਂ ਆਪਣੀਆਂ ਖਿਡਾਰਨ ਧੀਆਂ ਦੇ ਦੁੱਖ ਨੂੰ ਅੱਖੋਂ-ਪਰੋਖੇ ਕਰ ਰਹੀ ਹੈ ਅਤੇ ਸਰਕਾਰ ਦੀ ਪੁਲਿਸ ਸਾਡੇ ਨਾਲ ਅਣਮਨੁੱਖੀ ਵਿਵਹਾਰ ਕਰ ਰਹੀ ਹੈ, ਤਾਂ ਅਸੀਂ ਇਨ੍ਹਾਂ ਤਮਗਿਆਂ ਅਤੇ ਪੁਰਸਕਾਰਾਂ ਨੂੰ ਕੀ ਕਰਨਾ ਹੈ?

ਪੁਲਿਸ ਨੇ ਬ੍ਰਿਜ ਭੂਸ਼ਣ ਖਿਲਾਫ ਇੱਕ ਐੱਫ.ਆਈ.ਆਰ. ਨਾਬਾਲਗ ਪਹਿਲਵਾਨ ਮਹਿਲਾ ਵਲੋਂ ਅਤੇ ਦੂਜੀ ਐੱਫ.ਆਈ.ਆਰ. ਬਾਲਗ ਮਹਿਲਾਵਾਂ ਵਲੋਂ ਦਰਜ ਕੀਤੀ ਹੈ ਪਰ ਪਹਿਲਵਾਨਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਇਹ ਧਰਨਾ ਉਦੋਂ ਤੱਕ ਨਹੀਂ ਚੁੱਕਣਾ, ਜਦ ਤੱਕ ਕਿ ਬ੍ਰਿਜ ਭੂਸ਼ਣ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਂਦਾ। ਪੁਲਿਸ ਨੇ ਇਸ ਮਾਮਲੇ ਦੀ ਪੜਤਾਲ ਲਈ ਇੱਕ ਮਹਿਲਾ ਡੀ.ਜੀ.ਪੀ. ਦੀ ਅਗਵਾਈ ਵਿਚ ਕੁਝ ਪੜਤਾਲੀਆ ਟੀਮਾਂ ਗਠਿਤ ਕੀਤੀਆਂ ਹਨ। ਇਸ ਮਾਮਲੇ ਦੀ ਪੜਤਾਲ ਲਈ ਗਠਿਤ ਐੱਸ.ਆਈ.ਟੀ. ਹੁਣ ਬ੍ਰਿਜ ਭੂਸ਼ਣ ਤੋਂ ਉਸ ਦੇ ਮੋਬਾਇਲ ਦਾ ਡੇਟਾ ਅਤੇ ਲੋੜੀਂਦੀਆਂ ਵੀਡੀਓ ਪ੍ਰਾਪਤ ਕਰਨ ਦੀ ਕੋਸ਼ਿਸ਼ ਵਿਚ ਹੈ। ਬ੍ਰਿਜ ਭੂਸ਼ਣ ਨੇ ਆਪਣੇ 'ਤੇ ਲੱਗੇ ਇਲਜ਼ਾਮਾਂ ਤੋਂ ਇਨਕਾਰ ਕੀਤਾ ਹੈ। ਕਿਸਾਨਾਂ ਅਤੇ ਖਾਪ ਪੰਚਾਇਤਾਂ ਨੇ ਪਹਿਲਵਾਨਾਂ ਨਾਲ ਮੁਲਾਕਾਤ ਕਰਨ ਮਗਰੋਂ ਸਰਕਾਰ ਨੂੰ 21 ਮਈ ਤੱਕ ਦਾ ਅਲਟੀਮੇਟਮ ਦਿੱਤਾ ਹੈ। ਜੇਕਰ ਸਰਕਾਰ 21 ਮਈ ਤੱਕ ਮਸਲਾ ਹੱਲ ਨਹੀਂ ਕਰਦੀ, ਤਾਂ ਉਸ ਤੋਂ ਬਾਅਦ ਅਗਲੀ ਰਣਨੀਤੀ ਦਾ ਐਲਾਨ ਕੀਤਾ ਜਾਵੇਗਾ।

## ਚੋਣ ਵਾਇਦੇ ਅਤੇ ਤੋਹਫੇ

# ਲੋਕਤੰਤਰ ਲਈ ਕਿੰਨੀ ਕੁ ਥਾਂ ਬਚੇਗੀ ?



ਗੁਰਮੀਤ ਸਿੰਘ ਪਲਾਹੀ

# ਮੋਬਾਈਲ : 98158-02070

(Punjab Mail USA)



ਲੋਕਤੰਤਰੀ ਦੇਸ਼ ਭਾਰਤ ਚੋਣਾਂ ਦਾ ਦੇਸ਼ ਹੈ। ਇੱਕ ਆਮ ਚੋਣ ਮੁੱਕਦੀ ਹੈ, ਦੂਜੀ ਆ ਖੜ੍ਹੀ ਹੁੰਦੀ ਹੈ। ਕੌਂਸਲ, ਕਾਰਪੋਰੇਸ਼ਨ, ਪੰਚਾਇਤ, ਸੰਮਤੀਆਂ, ਪੰਚਾਇਤਾਂ ਦੀਆਂ ਆਮ ਚੋਣਾਂ ਅਤੇ ਫਿਰ ਮੱਧਕਾਲੀ ਚੋਣਾਂ ਜਾਂ ਫਿਰ ਚੁਣੇ ਉਮੀਦਵਾਰ ਦੇ ਮਰਨ ਜਾਂ ਕਿਸੇ ਹੋਰ ਕਾਰਨ ਖ਼ਾਲੀ ਹੋਈ ਸੀਟ ਦੇ ਮੁੜ ਸੀਟ ਭਰਨ ਲਈ ਚੋਣਾਂ। ਇਹ ਚੋਣਾਂ ਨੇਤਾਵਾਂ ਲਈ ਤਾਂ ਜਿਵੇਂ ਵਿਆਹ ਦੀ ਖ਼ੁਸ਼ੀ ਸਮਾਨ ਹਨ, ਪਰ ਆਮ ਲੋਕਾਂ ਲਈ ਤਾਂ ਹਨ ਕਈ ਹਾਲਤਾਂ ਵਿਚ ਦਿੱਕਤਾਂ ਦਾ ਕਾਰਨ।

ਦਿਨ ਪ੍ਰਤੀ ਵੱਧਦੀ ਮਹਿੰਗਾਈ, ਆਰਥਿਕ ਕਾਣੀ ਵੰਡ, ਭ੍ਰਿਸ਼ਟਾਚਾਰ ਅਤੇ ਧੱਕੇ-ਧੌਂਸ ਤੋਂ ਪ੍ਰੇਸ਼ਾਨ ਆਮ ਲੋਕ ਚੋਣਾਂ ਤੋਂ ਮੁੱਖ ਮੋੜਦੇ ਦਿੱਸਦੇ ਹਨ ਅਤੇ "ਕਿਸੇ ਨੂੰ ਵੀ ਵੋਟ ਨਹੀਂ ਦਾ ਰੁਝਾਨ" ਇਨ੍ਹਾਂ ਚੋਣਾਂ 'ਚ ਵੱਧਦਾ ਜਾ ਰਿਹਾ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਚੋਣਾਂ ਤੋਂ ਪਹਿਲਾ ਸਿਆਸੀ ਪਾਰਟੀਆਂ ਵਲੋਂ ਲੋਕਾਂ ਲਈ ਤੋਹਫਿਆਂ, ਰਿਆਇਤਾਂ ਸਬਸਿਡੀਆਂ ਦੇ ਐਲਾਨ ਦੀ ਝੜੀ ਲਗਾ ਦਿੱਤੀ ਜਾਂਦੀ ਹੈ ਅਤੇ ਲੋਕ ਵੋਟਾਂ ਨੂੰ ਖਿੱਚਣ ਲਈ "ਕਲਿਆਣਕਾਰੀ ਯੋਜਨਾਵਾਂ" ਸਾਲ ਦਰ ਸਾਲ ਵੱਧਦੀਆਂ ਜਾ ਰਹੀਆਂ ਹਨ। ਇਨ੍ਹਾਂ ਮੁਫ਼ਤ ਸੁਵਿਧਾਵਾਂ, ਬਨਾਮ ਜਨ ਕਲਿਆਣ ਦੇ ਲਈ ਸਰਕਾਰ ਅਤੇ ਵਿਰੋਧੀ ਧਿਰ ਦੀਆਂ ਆਪੋ-ਆਪਣੀਆਂ ਦਲੀਲਾਂ ਹਨ। ਸਿਆਸੀ ਵਿਸ਼ਲੇਸ਼ਕ, ਅਰਥ ਸ਼ਾਸਤਰੀ ਅਤੇ ਸਮਾਜ ਵਿਗਿਆਨੀ ਇਨ੍ਹਾਂ ਨੂੰ ਮੁਫ਼ਤਖੋਰੀ, ਵੋਟਰਾਂ ਨੂੰ ਰਿਸ਼ਵਤ ਦੇਣਾ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਲਈ ਖ਼ਤਰਾ ਦੱਸਦੇ ਹਨ।

ਗਰੀਬਾਂ ਦੇ ਕਲਿਆਣ ਲਈ ਮੁਫ਼ਤ ਤੋਹਫੇ ਜਾਂ ਸਹਾਇਤਾ ਜ਼ਰੂਰੀ ਹੁੰਦੇ ਹਨ, ਜੋ ਉਨ੍ਹਾਂ ਦੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਕਰ ਸਕਦੇ ਹਨ। ਪਰ ਕਈ ਹਾਲਤਾਂ ਵਿਚ ਇਹ ਦੇਸ਼ ਦੀ ਅਰਥ ਵਿਵਸਥਾ ਉੱਤੇ ਭਾਰ ਬਣੇ ਦਿੱਸਦੇ ਹਨ। ਇਹ ਗੱਲ ਸਮਝਣ ਵਾਲੀ ਹੈ ਕਿ ਜਨ ਕਲਿਆਣਕਾਰੀ ਯੋਜਨਾਵਾਂ ਅਤੇ ਮੁਫ਼ਤ ਤੋਹਫਿਆਂ ਵਿਚ ਫ਼ਰਕ ਦੀ ਇਕ ਬਰੀਕ ਰੇਖਾ ਹੈ। ਉਂਜ ਵੀ ਕਲਿਆਣਕਾਰੀ ਯੋਜਨਾਵਾਂ ਅਤੇ ਮੁਫ਼ਤ ਦੀਆਂ ਰਿਉੜੀਆਂ ਵੰਡਣ ਵਿਚ ਫ਼ਰਕ ਸਮਝਣ ਦੀ ਲੋੜ ਹੈ। ਇਸ ਫ਼ਰਕ ਨੂੰ ਸਮਝਦਿਆਂ ਲੋਕ ਹਿੱਤ ਵਿਚ ਕੀਤੀਆਂ ਰਿੱਟਾਂ ਆਦਿ 'ਚ ਅਦਾਲਤਾਂ ਨੇ ਸਪੱਸ਼ਟ ਨਿਸ਼ਾਨਦੇਹੀ ਤਾਂ ਕੀਤੀ ਹੀ ਹੈ, ਪਰ ਭਾਰਤੀ ਰਿਜ਼ਰਵ ਬੈਂਕ ਨੇ ਵੀ ਆਪਣੀ ਇੱਕ ਰਿਪੋਰਟ ਵਿਚ ਇਨ੍ਹਾਂ ਮੁਫ਼ਤ ਸੁਵਿਧਾਵਾਂ ਨੂੰ ਫਜ਼ੂਲ ਖ਼ਰਚੀ ਕਰਾਰ ਦਿੱਤਾ ਹੈ। ਰਿਪੋਰਟ ਅਨੁਸਾਰ ਇਨ੍ਹਾਂ ਬੇਲੋੜੀਆਂ ਫਜ਼ੂਲ ਖ਼ਰਚੀਆਂ ਕਾਰਨ ਸੂਬਿਆਂ ਦੇ ਵਿੱਤੀ ਹਾਲਾਤ ਖਸਤਾ ਹੋ ਰਹੇ ਹਨ ਅਤੇ ਸੂਬੇ ਕਰਜ਼ਾਈ ਹੋ ਰਹੇ ਹਨ।

ਸਾਲ 2020-21 ਵਿਚ ਛਪੀ ਭਾਰਤੀ ਰਿਜ਼ਰਵ ਬੈਂਕ ਦੀ ਰਿਪੋਰਟ ਇਹ ਵੀ ਕਹਿੰਦੀ ਹੈ ਕਿ ਭਾਰੀ ਕਰਜ਼ਦਾਰ ਰਾਜਾਂ ਵਿਚ ਜੀ.ਡੀ.ਐੱਸ.ਪੀ. ਦੇ ਅਧਾਰ ਉਤੇ ਵਿੱਤੀ ਹਾਲਤ ਬਹੁਤ ਹੀ ਖਸਤਾ ਹੈ। ਪੰਜਾਬ 'ਚ ਜੀ.ਡੀ.ਐੱਸ.ਪੀ. 53 ਫ਼ੀਸਦੀ ਹੈ, ਜੋ ਚਿੰਤਾ ਦਾ ਵਿਸ਼ਾ ਹੈ।

ਇਸੇ ਤਰ੍ਹਾਂ ਰਾਜਸਥਾਨ ਵਿਚ 39.5 ਫ਼ੀਸਦੀ, ਬਿਹਾਰ 'ਚ 38.6, ਕੇਰਲ 'ਚ 37 ਫ਼ੀਸਦੀ, ਉਤਰਪ੍ਰਦੇਸ਼ 'ਚ 34.9 ਪੱਛਮੀ ਬੰਗਾਲ 34.2, ਝਾਰਖੰਡ 33.0 ਆਂਧਰਾ ਪ੍ਰਦੇਸ਼ ਵਿਚ 32.5, ਮੱਧ ਪ੍ਰਦੇਸ਼ ਵਿਚ 31.3 ਅਤੇ ਹਰਿਆਣਾ ਵਿਚ 29 ਫ਼ੀਸਦੀ ਦੇ ਨਾਲ ਵੱਡੇ ਜੀ.ਡੀ.ਪੀ.ਐੱਸ. ਵਾਲੇ ਰਾਜ ਹਨ।

ਮੁਫ਼ਤ ਸੁਵਿਧਾਵਾਂ ਦੇ ਕੁਝ ਵਿਸ਼ੇਸ਼ ਪਹਿਲੂ ਹਨ। ਨੈਤਿਕ ਪਹਿਲੂ ਇਹ ਹੈ ਕਿ ਜਦ ਸਿਆਸੀ ਦਲਾਂ ਨੂੰ ਚੁਣਨ ਦੀ ਗੱਲ ਤੁਰਦੀ ਹੈ, ਤਾਂ ਇਹ ਇਸ ਗੱਲ ਉੱਤੇ ਟਿਕ ਜਾਂਦੀ ਹੈ ਕਿ ਕੌਣ ਕਿੰਨਾ ਮੁਫ਼ਤ ਤੋਹਫਾ ਦੇਣ ਦੀ ਘੋਸ਼ਣਾ ਕਰਦਾ ਹੈ। ਆਰਥਿਕ ਘਰੇਲੂ ਇਹ ਹੈ ਕਿ ਸਰਕਾਰੀ ਖ਼ਜ਼ਾਨੇ ਤੋਂ ਮੁਫ਼ਤ ਉਪਹਾਰ ਰਾਜ ਦੀ ਆਰਥਿਕ ਬੇਹਤਰੀ ਲਈ ਕਿੰਨਾ ਬੇਹਤਰ ਅਤੇ ਟਿਕਾਊ ਹੈ।

ਉਂਜ ਇਹ ਗੱਲ ਵੀ ਬਹੁਤ ਸਪੱਸ਼ਟ ਹੈ ਕਿ ਸਿਆਸੀ ਦਲਾਂ ਦੇ ਤਰਕਹੀਣ ਚੋਣਾਂ ਦੇ ਨਫੇ-ਨੁਕਸਾਨ ਵਾਲੇ ਵਾਅਦੇ ਸਮਾਜਿਕ-ਆਰਥਿਕ ਵਿਕਾਸ ਦੀਆਂ ਸੰਭਾਵਨਾਵਾਂ ਨੂੰ ਧੁੰਦਲਾ ਕਰਦੇ ਹਨ।

ਮੁਫ਼ਤ ਤੋਹਫੇ ਵੰਡਣ ਦੇ ਹੱਕ ਵਿਚ ਭੁਗਤਣ ਵਾਲੇ ਲੋਕ ਇਨ੍ਹਾਂ ਤੋਹਫਿਆਂ ਜਾਂ ਸੇਵਾਵਾਂ ਸਰਕਾਰੀ ਖ਼ਜ਼ਾਨੇ ਵਿਚੋਂ ਦਿੱਤੀਆਂ ਜਾਂਦੀਆਂ ਹਨ। ਪਰ ਸਮਝਣ ਵਾਲੀ ਗੱਲ ਤਾਂ ਇਹ ਹੈ ਕਿ ਮੁਫ਼ਤ ਨੂੰ ਕੀ ਕਲਿਆਣਕਾਰੀ ਮੰਨਿਆ ਜਾ ਸਕਦਾ ਹੈ ?

ਅਸਲ ਵਿਚ ਕਲਿਆਣਕਾਰੀ ਯੋਜਨਾਵਾਂ ਵਿਚ ਸਾਰਵਜਨਿਕ ਵੰਡ ਪ੍ਰਣਾਲੀ, ਰੋਜ਼ਗਾਰ ਗਰੰਟੀ ਯੋਜਨਾਵਾਂ ਤਾਂ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ, ਸਿੱਖਿਆ ਅਤੇ ਸਿਹਤ ਸਹੂਲਤਾਂ ਵੀ ਕਲਿਆਣਕਾਰੀ ਯੋਜਨਾਵਾਂ ਦਾ ਅੰਗ ਹਨ, ਪਰ ਮੁਫ਼ਤ ਬਿਜਲੀ, ਪਾਣੀ, ਮੁਫ਼ਤ ਬੱਸ ਸੇਵਾ, ਕਰਜ਼ਾ ਮੁਆਫ਼ੀ ਆਦਿ ਨੂੰ ਕਲਿਆਣਕਾਰੀ ਮੰਨਣ ਲਈ ਵਿਰੋਧ ਵਿਖਾਈ ਦਿੰਦਾ ਹੈ। ਉਂਜ ਭਾਰਤੀ ਅਰਥ ਵਿਵਸਥਾ ਵਿਚ ਗਰੀਬੀ ਅਤੇ ਗਰੀਬ-ਅਮੀਰ ਦੀ ਆਮਦਨ 'ਚ ਪਾੜਾ ਵੇਖਦਿਆਂ ਮੁਫ਼ਤ ਤੋਹਫੇ ਉਚਿਤ ਦਿਖਾਈ ਦਿੰਦੇ ਹਨ, ਕਿਉਂਕਿ ਇਹ ਜਨਤਾ ਨੂੰ ਅਸਥਾਈ ਰੂਪ ਵਿਚ ਰਾਹਤ ਦਿੰਦੇ ਹਨ। ਪਰ ਇਹ ਕਿਹਾ ਜਾਣ ਲੱਗ ਪਿਆ ਹੈ ਕਿ ਇਹ ਮੁਫ਼ਤ ਤੋਹਫੇ ਦੇਸ਼ ਦੇ ਆਰਥਿਕ ਵਿਨਾਸ਼ ਦਾ ਕਾਰਨ ਬਣ ਸਕਦੇ ਹਨ। ਫਿਰ ਵੀ ਹੁਣ ਭਾਰਤ ਵਿਚ ਸਥਿਤੀ ਇਹ ਬਣ ਚੁੱਕੀ ਹੈ ਕਿ ਹਰ ਵਰਗ ਦੇ ਲੋਕ ਚੋਣਾਂ ਤੋਂ ਪਹਿਲਾਂ ਵੱਡੀਆਂ ਰਿਆਇਤਾਂ ਦੇ ਐਲਾਨਾਂ ਦੀ ਉਡੀਕ ਕਰਦੇ ਹਨ।

ਦੇਸ਼ ਦੇ ਮਹਾਂਲੇਖਾਕਾਰ ਵਲੋਂ ਜਾਰੀ ਅੰਕੜਿਆਂ ਅਨੁਸਾਰ ਸੂਬਿਆਂ ਦੀਆ ਸਰਕਾਰਾਂ ਨੇ 2020-21 ਅਤੇ ਸਾਲ 2021-22 ਦੌਰਾਨ ਸਬਸਿਡੀ ਦਾ ਭਾਰ 12.9 ਫ਼ੀਸਦੀ ਅਤੇ 11.2 ਫ਼ੀਸਦੀ ਵਧਿਆ ਹੈ। ਰਾਜਾਂ ਨੇ ਜੋ ਕੁਝ ਕਮਾਇਆ ਹੈ, ਉਸ ਉੱਤੇ ਸਾਲ 2019-20 ਦੀ ਸਬਬਿਡੀ 7 ਫ਼ੀਸਦੀ ਤੋਂ ਵਧਕੇ 2021-22 ਵਿਚ 8.2 ਫ਼ੀਸਦੀ ਹੋ ਗਈ। ਇਹ ਸੂਬੇ ਦੇ ਆਰਥਿਕ ਪ੍ਰਬੰਧਨ ਦੀ ਬੁਨਿਆਦ ਨੂੰ ਕਮਜ਼ੋਰ ਕਰਦਾ ਹੈ। ਪੰਜਾਬ ਦੇ ਮਾਮਲੇ 'ਚ ਅੰਦਾਜ਼ਾ ਹੈ ਕਿ ਮੁਫ਼ਤ ਤੋਹਫਿਆਂ ਦਾ ਵਾਅਦਾ ਜੀ.ਐੱਸ.ਡੀ.ਐੱਸ. ਉੱਤੇ ਤਿੰਨ ਫ਼ੀਸਦੀ ਦਾ ਵਾਧੂ ਬੋਝ ਪਾ ਸਕਦਾ ਹੈ। ਇਸ ਨਾਲ ਸਿੱਧੇ ਰੂਪ 'ਚ ਸੂਬੇ 'ਚ ਸਮਾਜਿਕ, ਆਰਥਿਕ ਨਾਬਰਾਬਰੀ 'ਚ ਹੋਰ ਵਾਧਾ ਹੋਵੇਗਾ। ਇਸ ਕਾਰਨ ਅਰਥ ਵਿਵਸਥਾ ਹੋਰ ਵੀ ਖ਼ਰਾਬ ਹੋਵੇਗੀ।

ਦੇਸ਼ ਦੇ ਸਿਆਸੀ ਦਲਾਂ 'ਚ ਲੋਕਾਂ ਨੂੰ ਭਰਮਿਤ ਕਰਕੇ ਵੋਟਾਂ ਲੈਣ ਦਾ ਰੁਝਾਣ ਵੱਧ ਰਿਹਾ ਹੈ। ਇਸ ਸਬੰਧ ਵਿਚ ਦੇਸ਼ ਦੀ ਸੁਪਰੀਮ ਕੋਰਟ ਨੇ ਇਸ ਨੂੰ ਦੇਸ਼ ਲਈ ਇੱਕ ਗੰਭੀਰ ਸਮੱਸਿਆ ਗਰਦਾਨਿਆ ਹੈ। ਸੁਪਰੀਮ ਕੋਰਟ ਨੇ ਕਿਹਾ ਹੈ ਕਿ ਜਦੋਂ ਦੇਸ਼ ਦਾ ਬਜਟ ਬਣਦਾ ਹੈ, ਤਾਂ ਦੇਸ਼ ਦੀਆਂ ਸਿਆਸੀ ਧਿਰਾਂ ਨੂੰ ਇੱਕ ਹੋਰ ਮੁਫ਼ਤ ਖੋਰਾ ਬਜਟ ਬਨਾਉਣ ਤੋਂ ਗੁਰੇਜ ਕਰਨਾ ਚਾਹੀਦਾ ਹੈ।

ਸਿਆਸੀ ਧਿਰਾਂ ਚੋਣਾਂ ਵੇਲੇ ਵੋਟਰਾਂ ਨੂੰ ਮੁਫ਼ਤ ਲੈਪਟੌਪ, ਬਾਈਸਾਈਕਲ, ਸਮਾਰਟਫੋਨ, ਮੁਫ਼ਤ ਬਿਜਲੀ, ਮੁਫ਼ਤ ਬੱਸ ਸੇਵਾ ਦਾ ਵਾਇਦਾ ਕਰਦੀਆਂ ਹਨ। ਪਰ ਇਹ ਸਾਰੀਆਂ ਸਹੂਲਤਾਂ ਜਾਂ ਇਨ੍ਹਾਂ ਵਿਚੋਂ ਬਹੁਤੀਆਂ ਸਹੂਲਤਾਂ ਸਮਾਜ ਦੇ ਕਮਜ਼ੋਰ ਵਰਗ ਤੱਕ ਕੀ ਪੁੱਜਦੀਆਂ ਹਨ ?

ਅਸਲ ਵਿਚ ਦੇਸ਼ ਦੇ ਇਸ ਸਮੇਂ ਦੇ ਜੋ ਹਾਲਾਤ ਹਨ, ਉਸ ਅਨੁਸਾਰ ਬੇਰੁਜ਼ਗਾਰਾਂ ਨੂੰ ਨੌਕਰੀ ਦੇਣਾ, ਬੁਢਾਪੇ 'ਚ ਸਮਾਜਿਕ ਸੁਰੱਖਿਆ, ਬੱਚਿਆਂ ਲਈ ਸਕੂਲਾਂ 'ਚ ਭੋਜਨ ਮੁਹੱਈਆ ਕਰਨ, ਕਿਸੇ ਵੀ ਆਫ਼ਤ ਵੇਲੇ ਮੁਫ਼ਤ ਦਵਾਈਆਂ ਤੇ ਹੋਰ ਸਹੂਲਤਾਂ ਦੇਣਾ ਜਾਇਜ਼ ਮੰਨਿਆ ਜਾ ਸਕਦਾ ਹੈ। ਨਾਗਰਿਕਾਂ ਲਈ ਬਰਾਬਰ ਦੀ ਸਿੱਖਿਆ ਸਹੂਲਤਾਂ, ਸਿਹਤ ਸਹੂਲਤਾਂ ਮੁਹੱਈਆ ਕਰਨਾ ਵੀ ਕਲਿਆਣਕਾਰੀ ਅਤੇ ਤੋਹਫਾ ਹੋ ਸਕਦਾ ਹੈ, ਪਰ ਸਿਰਫ਼ ਚੋਣਾਂ ਦੌਰਾਨ ਵੋਟਾਂ ਬਟੋਰਨ ਲਈ ਕੀਤੇ ਜਾਂਦੇ ਅਸਥਾਈ ਵਾਅਦੇ ਭਾਵੇਂ ਉਹ ਸਿਆਸੀ ਲੋਕ ਬਾਅਦ 'ਚ ਪੂਰੇ ਕਰਨ ਜਾਂ ਨਾ ਕਰਨ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਠਹਿਰਾਏ ਜਾ ਸਕਦੇ।

ਦੇਸ਼ ਵਿਚ ਚੋਣਾਵੀ ਮੌਸਮ 'ਚ ਮੁਫ਼ਤ ਸੁਵਿਧਾਵਾਂ ਦੀ ਰਾਜਨੀਤੀ ਚੋਣ ਮੁਹਿੰਮ ਦਾ ਅਨਿੱਖੜਵਾਂ ਅੰਗ ਬਣ ਗਈ ਹੈ। ਸਿਆਸੀ ਲੋਕਾਂ ਦੀ ਇਹ ਦਲੀਲ ਹੈ ਕਿ ਵੋਟਰਾਂ ਲਈ ਇਹ ਜਾਨਣਾ ਜ਼ਰੂਰੀ ਹੈ ਕਿ ਸੱਤਾਧਾਰੀ ਲੋਕਾਂ ਨੂੰ ਕੀ ਸੁੱਖ ਸਹੂਲਤਾਂ ਦੇਣਗੇ। ਪਰ ਆਮ ਤੌਰ 'ਤੇ ਇਹ ਚੋਣ ਵਾਇਦੇ ਬਿਨ੍ਹਾਂ ਸੋਚੇ ਸਮਝੇ ਸਿਰਫ਼ ਤਾਕਤ ਹਥਿਆਉਣ ਲਈ ਲੋਕਾਂ ਨੂੰ ਭਰਮਿਤ ਕਰਨ ਲਈ ਹੁੰਦੇ ਹਨ।

ਕੀ ਹਰ ਬੈਂਕ ਖਾਤੇ 'ਚ ਲੱਖਾਂ ਰੁਪਏ ਕਾਲੇ ਧਨ ਨੂੰ ਚਿੱਟਾ ਧਨ ਕਰਕੇ ਪਾਉਣ ਦਾ ਵਾਇਦਾ ਜਾਇਜ਼ ਹੈ ? ਪੰਜ ਸਾਲਾਂ 'ਚ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਇਦਾ ਜਾਂ ਤੋਹਫਾ ਠੀਕ ਹੈ ? ਵਾਇਦਿਆਂ ਤੋਂ ਅੱਗੇ "ਗਰੰਟੀਆਂ" ਦੇਣ ਦੀ ਪਰੰਪਰਾ ਤੇ ਹੋੜ ਕੀ ਲੋਕਾਂ ਨੂੰ ਸਿਰਫ਼ ਵਿਹਲੜ ਬਣਕੇ ਰਹਿਣ ਵੱਲ ਰੁਚਿਤ ਨਹੀਂ ਕਰੇਗੀ ? ਸਵਾਲ ਵੱਡੇ ਹਨ, ਜਿਨ੍ਹਾਂ ਦੇ ਹੱਲ ਵੀ ਉਤਨੇ ਹੀ ਵੱਡੇ ਲੱਭਣੇ ਪੈਣਗੇ ਹਨ।

ਸਵਾਲਾਂ ਤੋਂ ਵੀ ਵੱਡਾ ਸਵਾਲ ਇਹ ਹੈ ਕਿ ਚੋਣਾਂ ਵਿਚ ਤੋਹਫੇ ਵੰਡਣ ਲਈ ਨਕਦੀ, ਸ਼ਰਾਬ, ਨਸ਼ੀਲੇ ਪਦਾਰਥ, ਕੀਮਤੀ ਚੀਜ਼ਾਂ ਅਤੇ ਕਰੋੜਾਂ ਰੁਪਏ ਦੇ ਤੋਹਫੇ ਵੰਡਣ ਦੀਆਂ ਕਰਨਾਟਕ ਵਿਧਾਨ ਸਭਾ ਚੋਣਾਂ ਵੇਲੇ ਖ਼ਬਰਾਂ ਆਈਆਂ ਹਨ। ਸਾਲ 2018 'ਚ ਚੋਣਾਂ ਵੇਲੇ ਜੋ ਬਰਾਮਦਗੀ ਇਨ੍ਹਾਂ ਵਸਤਾਂ ਦੀ ਕਰਨਾਟਕ ਵਿਚ ਕੀਤੀ ਗਈ ਸੀ, ਉਸ ਨਾਲੋਂ ਸਾਢੇ ਚਾਰ ਗੁਣਾ ਵੱਧ ਦੀ ਬਰਾਮਦਗੀ ਚੋਣ ਕਮਿਸ਼ਨ ਵਲੋਂ ਇਸ ਵੇਰ ਕੀਤੀ ਗਈ ਹੈ।

ਸਵਾਲ ਇਹ ਹੈ ਕਿ ਬਾਵਜੂਦ ਕੋਸ਼ਿਸ਼ਾਂ ਦੇ ਇਹ ਤੋਹਫੇ ਵੰਡਕੇ ਵੋਟ ਪ੍ਰਾਪਤ ਕਰਨ ਦਾ ਰੁਝਾਨ ਵਧ ਰਿਹਾ ਹੈ। ਪਰ ਕਿਸੇ ਵੀ ਸਿਆਸੀ ਦਲ ਵਲੋਂ ਇਸ ਨੂੰ ਰੋਕਣ ਜਾਂ ਠੱਲ੍ਹ ਪਾਉਣ ਲਈ ਕੋਈ ਅਵਾਜ਼ ਨਹੀਂ ਉਠਾਈ ਗਈ।

ਆਖ਼ਿਰ ਇਹ ਕਿਉਂ ਹੈ ਕਿ ਚੋਣ ਆਯੋਗ ਅਤੇ ਹੋਰ ਮਹਿਕਮੇ ਇਨ੍ਹਾਂ ਗੈਰ ਕਾਨੂੰਨੀ ਗਤੀਵਿਧੀਆਂ ਨੂੰ ਰੋਕਣ 'ਚ ਨਾਕਾਮਯਾਬ ਹਨ। ਜੇਕਰ ਇਹ ਰੁਝਾਣ ਵਧਦਾ ਰਿਹਾ ਤਾਂ ਲੋਕਤੰਤਰ ਦੇ ਲਈ ਅਸਲ 'ਚ ਕਿੰਨੀ ਕੁ ਥਾਂ ਬਚੇਗੀ ਦੇਸ਼ ਵਿਚ ?

Do you know how to plan & secure your finances?

Book your free consultations for

- Tax free Retirement Planning
- College Education Planning
- Proper Protection
- Health & Disability (Long Term Care Planning)
- Annuities
- Will & Trust (Discounted for a limited time with conditions applied)
- Building Legacy



Harsimran Bajwa

Lic# 4267166

Call/Text: (916) 479-4783

Email: bajwahgi@gmail.com

Let's do the needful to secure our life and our family's future!

# ਜਲੰਧਰ ਦੀ ਜਿੱਤ ਮਗਰੋਂ 'ਆਪ' ਨੂੰ ਖੁਸ਼ ਘੱਟ ਗੰਭੀਰ ਵੱਧ ਹੋਣ ਦੀ ਲੋੜ

ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀ'
ਯੂਬਾ ਸਿਟੀ, ਕੈਲੀਫੋਰਨੀਆ (ਅਮਰੀਕਾ)
ਫੋਨ: +1-360-448-1989



(Punjab Mail USA)

ਜਲੰਧਰ ਦੀ ਲੋਕ ਸਭਾ ਸੀਟ ਉਥੋਂ ਦੇ ਲੋਕਾਂ ਨੇ ਆਪ ਪਾਰਟੀ ਦੀ ਝੋਲੀ ਪਾ ਕੇ ਇਹ ਤਾਂ ਜ਼ਰੂਰ ਸਾਬਿਤ ਕਰ ਦਿੱਤਾ ਕਿ ਭਗਵੰਤ ਮਾਨ ਸਰਕਾਰ ਦੂਜੀਆਂ ਪਾਰਟੀਆਂ ਦੇ ਮੁਕਾਬਲੇ ਵਧੀਆ ਕੰਮ ਕਰ ਰਹੀ ਹੈ ਪਰ ਇਸ ਸਰਕਾਰ ਨੂੰ ਬਹੁਤ ਜ਼ਿਆਦਾ ਖੁਸ਼ ਹੋਣ ਦੀ ਵੀ ਲੋੜ ਨਹੀਂ ਕਿਉਂਕਿ ਇਸ ਜਿੱਤ ਨੇ ਆਪ ਪਾਰਟੀ ਨੂੰ ਅੱਗੇ ਤੋਂ ਹੋਰ ਗੰਭੀਰ ਹੋਣ ਦੀ ਚਿਤਾਵਨੀ ਵੀ ਦਿੱਤੀ ਹੈ। ਅਗਲੇ ਸਾਲ ਪੂਰੇ ਦੇਸ਼ ਵਿਚ ਲੋਕ ਸਭਾ ਦੀਆਂ ਚੋਣਾਂ ਹੋਣ ਜਾ ਰਹੀਆਂ ਹਨ, ਉਨ੍ਹਾਂ ਚੋਣਾਂ ਦੇ ਮੱਦੇਨਜ਼ਰ ਇਸ ਸਰਕਾਰ ਨੂੰ ਹਰ ਕਦਮ ਫੂਕ-ਫੂਕ ਕੇ ਰੱਖਣ ਦੀ ਲੋੜ ਹੈ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਜਲੰਧਰ ਦੇ ਲੋਕਾਂ ਨੇ ਸੰਗਰੂਰ ਦੇ ਲੋਕਾਂ ਵਾਂਗ ਕਿਸੇ ਭਾਵੁਕਤਾ ਦੇ ਵਹਿਣ ਵਿਚ ਬਹਿਕੇ ਵੋਟਾਂ ਨਹੀਂ ਪਾਈਆਂ, ਸਗੋਂ ਆਪਣੀ ਸੂਝਬੂਝ ਤੋਂ ਕੰਮ ਲੈ ਕੇ ਆਪ ਪਾਰਟੀ ਦੇ ਉਮੀਦਵਾਰ ਨੂੰ ਜਿਤਾਇਆ ਹੈ। ਜਲੰਧਰ ਦੀ ਇਹ ਜ਼ਿਮਨੀ ਚੋਣ ਸਾਰੀਆਂ ਪਾਰਟੀਆਂ ਲਈ ਵਕਾਰ ਦਾ ਸਵਾਲ ਬਣੀ ਹੋਈ ਸੀ। ਹਰ ਇੱਕ ਪਾਰਟੀ ਦੇ ਸੀਨੀਅਰ ਲੀਡਰ ਲੋਕਾਂ ਨੂੰ ਆਪਣੇ ਵੱਲ੍ਹ ਖਿੱਚਣ ਲਈ ਪੂਰਾ ਤਾਣ ਲਾ ਰਹੇ ਸਨ, ਜੋ ਕਿ ਬਣਦਾ ਵੀ ਸੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਭਗਵੰਤ ਮਾਨ ਸਰਕਾਰ ਪਹਿਲੀਆਂ ਸਰਕਾਰਾਂ ਦੀ ਤੁਲਨਾ ਵਿਚ ਚੰਗੇ ਕੰਮ ਕਰ ਰਹੀ ਹੈ ਪਰ ਇਸ ਸਰਕਾਰ ਵਲੋਂ ਕਈ ਜ਼ਿਆਦਾ ਕਾਹਲੀ ਵਿਚ ਲਏ ਗਏ ਫੈਸਲੇ ਨੁਕਸਾਨਦੇਹ ਵੀ ਹੋ ਰਹੇ ਹਨ। ਉਦਾਹਰਣ ਦੇ ਤੌਰ 'ਤੇ ਸਕੂਲ ਆਫ ਐਮੀਨੈਂਸ ਬਣਾਉਣ ਦਾ ਫੈਸਲਾ ਵੇਖਣ ਨੂੰ ਤਾਂ ਭਾਵੇਂ ਚੰਗਾ ਲੱਗਦਾ ਹੈ ਪਰ ਜਿਹੜੇ ਸਕੂਲਾਂ ਨੂੰ ਇਹ ਦਰਜਾ ਦਿੱਤਾ ਗਿਆ ਹੈ, ਉਨ੍ਹਾਂ ਸਕੂਲਾਂ ਵਿਚ ਇਸ ਸਬੰਧੀ ਕੋਈ ਵੀ ਯੋਗ ਪ੍ਰਬੰਧ ਨਹੀਂ ਕੀਤੇ ਗਏ। ਨਾ ਕੋਈ ਨਵਾਂ ਸਟਾਫ, ਨਾ ਕੋਈ ਇਨਫਰਾਸਟਰੱਕਚਰ, ਨਾ ਕੋਈ ਛੇਵੀਂ ਜਮਾਤ ਦੇ ਨਵੇਂ ਵਿਦਿਆਰਥੀਆਂ ਲਈ ਲਾਗਲੇ ਸਕੂਲਾਂ ਵਿਚ ਪ੍ਰਬੰਧ ਕੀਤਾ ਗਿਆ ਹੈ। ਸਰਕਾਰ ਦੇ ਇਸ ਫੈਸਲੇ ਦੇ ਵਿਰੋਧ ਵਿਚ ਅਧਿਆਪਕ ਜਥੇਬੰਦੀਆਂ ਲਗਾਤਾਰ ਸੰਘਰਸ਼ ਵਿੱਢੀ ਬੈਠੀਆਂ ਹਨ। ਚੰਗਾ ਹੁੰਦਾ, ਜੇ ਸਿੱਖਿਆ ਦਾ ਪ੍ਰਬੰਧ ਸੁਧਾਰਨ ਲਈ ਸਜਿਤਾ ਤੋਂ ਕੰਮ ਲਿਆ ਜਾਂਦਾ। ਕਿਸੇ ਵੀ ਸਰਕਾਰ ਨੂੰ ਇਹ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਅਧਿਆਪਕ ਵਰਗ ਕਿਸੇ ਵੀ ਪਾਰਟੀ ਦੀ ਜਿੱਤ-ਹਾਰ ਵਿਚ ਵੱਡਾ ਰੋਲ ਅਦਾ ਕਰਦਾ ਹੈ।

ਆਪ ਸਰਕਾਰ ਕੋਲ 92 ਵਿਧਾਇਕ ਹਨ। ਇਹਦੇ ਵਿਚ ਬਹੁਤ ਸਾਰੇ ਦੂਜੀਆਂ ਪਾਰਟੀਆਂ ਵਿਚੋਂ ਵੀ ਆਏ ਹੋਏ ਹਨ, ਜਿਨ੍ਹਾਂ ਦਾ ਪਿਛੋਕੜ ਬਹੁਤਾ ਵਧੀਆ ਨਹੀਂ ਹੈ। ਇਸ ਪਾਰਟੀ ਦੇ ਕਈ ਵਿਧਾਇਕਾਂ 'ਤੇ ਉਂਗਲੀਆਂ ਉੱਠ ਰਹੀਆਂ ਹਨ, ਉਨ੍ਹਾਂ ਵਿਧਾਇਕਾਂ 'ਤੇ ਵੀ ਕਾਰਵਾਈ ਕਰਨ ਦੀ ਲੋੜ ਹੈ। ਜੇ ਆਉਣ ਵਾਲੇ ਦਿਨਾਂ ਵਿਚ ਵੀ ਉਨ੍ਹਾਂ ਦੀ ਪੁਸ਼ਤਪਨਾਹੀ ਕੀਤੀ ਜਾਂਦੀ ਰਹੀ, ਤਾਂ ਆਪ ਪਾਰਟੀ ਦਾ ਅਕਸ ਲੋਕਾਂ ਵਿਚ ਖਰਾਬ ਹੋਵੇਗਾ, ਜੋ ਕਿ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਲਈ ਨੁਕਸਾਨਦੇਹ ਹੋ ਸਕਦਾ ਹੈ। ਸਿਆਣੇ ਕਹਿੰਦੇ ਨੇ ਕਿ ਜਦੋਂ ਕੁੱਤੇ ਨੂੰ ਹੱਡੀ ਚੱਬਣ ਦੀ ਆਦਤ ਪੈ ਜਾਵੇ, ਤਾਂ ਉਹ ਦੰਦ ਤਾਂ ਤੁੜਵਾ ਲੈਂਦਾ ਹੈ ਪਰ ਹੱਡੀ ਚੱਬਣੋਂ ਨਹੀਂ ਹਟਦਾ। ਕੁੱਝ ਇਹੋ ਜਿਹਾ ਹੀ ਹਾਲ ਮਨੁੱਖ ਦਾ ਹੁੰਦਾ ਹੈ। ਸੱਤਾ ਦਾ ਨਸ਼ਾ ਬਹੁਤ ਕੁੱਝ ਭੁਲਾ ਦਿੰਦਾ ਹੈ। ਆਪ ਪਾਰਟੀ ਦੇ ਵੀ ਕਈ ਵਿਧਾਇਕ ਇਸ ਲੜੀ ਵਿਚ ਸ਼ਾਮਲ ਨੇ।

ਜਿਹੜੀਆਂ ਵਿਰੋਧੀ ਪਾਰਟੀਆਂ ਭਗਵੰਤ ਮਾਨ ਨੂੰ ਅਨਾੜੀ ਅਤੇ ਬੇਤਜ਼ਰਬੇਕਾਰ ਕਹਿ ਕੇ ਭੰਡਦੀਆਂ ਹਨ, ਉਨ੍ਹਾਂ ਨੂੰ ਇਨ੍ਹਾਂ ਸ਼ਬਦਾਂ ਦੀ ਵਰਤੋਂ ਨਹੀਂ ਕਰਨੀ ਚਾਹੀਦਾ ਕਿਉਂਕਿ ਤਜ਼ਰਬਾ ਕੰਮ ਕਰਨ ਨਾਲ ਹੀ ਆਉਂਦਾ ਹੈ, ਮਾਂ ਦੇ ਪੇਟ ਵਿਚੋਂ ਤਜ਼ਰਬਾ ਲੈ ਕੇ ਕੋਈ ਨਹੀਂ ਜੰਮਦਾ। ਜਲੰਧਰ ਦੇ ਲੋਕਾਂ ਨੂੰ ਮੈਂ ਮੁੜ ਵਧਾਈ ਦਿੰਦਾ ਹਾਂ, ਜਿਨ੍ਹਾਂ ਨੇ ਆਪ ਪਾਰਟੀ ਦਾ ਸਾਂਸਦ ਜਿਤਾ ਕੇ ਲੋਕ ਸਭਾ ਵਿਚ ਭੇਜਿਆ ਹੈ। ਇਸ ਸਾਂਸਦ ਸੁਸ਼ੀਲ ਰਿੰਕੂ ਨੂੰ ਚਾਹੀਦਾ ਹੈ ਕਿ ਜਿੰਨਾ ਸਮਾਂ ਉਸ ਨੂੰ ਮਿਲਿਆ ਹੈ, ਉਸ ਸਮੇਂ ਵਿਚ ਦਿਨ-ਰਾਤ ਮਿਹਨਤ ਕਰਕੇ ਆਪਣੇ ਹਲਕੇ ਦੇ ਲੋਕਾਂ ਦੇ ਵਿਕਾਸ ਲਈ ਪੂਰਾ ਤਾਣ ਲਾਵੇ। ਕੇਂਦਰ ਸਰਕਾਰ ਤੋਂ ਜੋ ਵੀ ਫੰਡ ਵਗੈਰਾ ਮਿਲਦਾ ਹੈ, ਉਸਦੀ ਸਹੀ ਵਰਤੋਂ ਕਰਕੇ ਇਲਾਕੇ ਦਾ ਵਿਕਾਸ ਕਰਵਾਵੇ। ਇਹ ਸਮਾਂ ਸੁਸ਼ੀਲ ਰਿੰਕੂ ਅਤੇ ਸਮੁੱਚੀ ਆਪ ਪਾਰਟੀ ਲਈ ਪਰਖ ਦਾ ਸਮਾਂ ਹੈ। ਇਸ ਸਮੇਂ ਵਿਚ ਇਹ ਸਰਕਾਰ ਜੇ ਲੋਕ ਹਿੱਤਾਂ ਲਈ ਵਧੀਆ ਕੰਮ ਕਰਕੇ ਵਿਖਾਵੇਗੀ, ਤਾਂ ਅਗਲੇ ਸਾਲ ਲੋਕ ਸਭਾ ਚੋਣਾਂ ਵਿਚ ਬਿਨਾਂ ਸ਼ੱਕ ਕੋਈ ਵੱਡਾ ਮਾਅਰਕਾ ਮਾਰ ਸਕਦੀ ਹੈ।



# ਦੱਸ ਮੇਰਾ ਕੀ ਕਸੂਰ..

## (ਕਹਾਣੀ)

-ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ
559-285-0841



(Punjab Mail USA)

ਲੰਘੇ ਦਿਨੀਂ ਅਮਰੀਕਾ ਦੀ ਧਰਤੀ 'ਤੇ ਇਕ ਉਸ ਭਲੇ ਪੁਰਸ਼ ਦੇ ਨਾਲ ਮੁਲਾਕਾਤ ਦੌਰਾਨ ਬਹੁਤ ਕੁਝ ਅਜਿਹਾ ਸਾਹਮਣੇ ਆਇਆ ਹੈ, ਜਿਸ ਨੂੰ ਸੁਣ ਕੇ ਕਿਸੇ ਵੀ ਕਿਸੇ ਵੀ ਇਨਸਾਨ ਦੇ ਲੂੰ ਕੰਡੇ ਖੜ੍ਹੇ ਹੋ ਜਾਣ ਕਿਉਂਕਿ ਸਾਡੇ ਸਮਾਜ ਅੰਦਰ ਵਿਚਰਦੇ ਹੋਏ ਬਹੁਤ ਸਾਰੀਆਂ ਗੱਲਾਂ ਅਜਿਹੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਵੇਖ ਕੇ ਉਨ੍ਹਾਂ ਪ੍ਰਤੀ ਬਹੁਤ ਹੀ ਭਾਵੁਕਤਾ ਭਰਪੂਰ ਮਾਹੌਲ ਵਿਚ ਸੋਚਣਾ ਪੈਂਦਾ ਹੈ। ਭਾਵੇਂ ਇਹ ਕਹਾਣੀ ਕਿਸੇ ਇੱਕ ਵੀ ਇਨਸਾਨ ਦੀ ਨਹੀਂ ਹੈ, ਬਹੁਤ ਸਾਰੇ ਕੇਸ ਅਜਿਹੇ ਹਨ, ਜਿੱਥੇ ਪਰਿਵਾਰਕ ਕਲੇਸ਼ ਦੇ ਚੱਲਦਿਆਂ ਘਰ ਦਾ ਮਾਹੌਲ ਵਿਗੜਿਆ ਪਿਆ ਹੈ, ਤੇ ਔਲਾਦ ਕਹਿਣ ਤੋਂ ਬਾਹਰ ਹੋ ਚੁੱਕੀਆਂ ਹਨ। ਇਨਸਾਨ ਦੁੱਖ ਨਾਲ ਭਰੇ ਪਏ ਹਨ। ਇਨਸਾਨ ਦਿਖਾਵੇ ਦੇ ਬਣਕੇ ਰਹਿ ਚੁੱਕੇ ਹਨ, ਸਿਰਫ ਫੋਕੀ ਚੌਧਰ ਅਤੇ ਡੁਕਰੇ ਬਾਜ਼ੀ ਨੇ ਸਾਡਾ ਕਚੂਮਰ ਕੱਢ ਕੇ ਰੱਖ ਦਿੱਤਾ ਹੈ।

ਅਜਿਹੀਆਂ ਕਿੰਨੀਆਂ ਹੀ ਦਾਸਤਾਨਾਂ ਸਾਡੇ ਉਨ੍ਹਾਂ ਇਨਸਾਨਾਂ ਦੀਆਂ ਹਨ, ਜਿਨ੍ਹਾਂ ਨੂੰ ਸੁਣ ਕੇ ਕਾਲਜੇ ਦਾ ਰੁੱਗ ਭਰਿਆ ਜਾਂਦਾ ਹੈ ਕਿ ਇਹ ਇਨਸਾਨ ਧੰਨ ਹਨ। ਜਿਹੜੇ ਜ਼ਿੰਦਗੀ ਨਾਲ ਦੋ-ਚਾਰ ਹੁੰਦੇ ਹਾਂ, ਆਪਣੀ ਮੁਸ਼ਕਲਾਂ ਭਰੀ ਜ਼ਿੰਦਗੀ ਨੂੰ ਜਿਉਣ-ਜੋਗੀ ਕਰਦਿਆਂ ਫਖਰ ਮਹਿਸੂਸ ਕਰਦੇ ਹਨ। ਇਹ ਦਾਸਤਾਨ ਕਿਸੇ ਇੱਕ ਇਨਸਾਨ ਦੀ ਨਹੀਂ ਹੈ ਕਿਉਂਕਿ ਅੱਜ ਸਾਡੇ ਸਮਾਜ ਅੰਦਰ ਮੁਸ਼ਕਲਾਂ ਭਰਿਆ ਦੌਰ ਚੱਲ ਰਿਹਾ, ਇਸ ਲਈ ਜ਼ਰੂਰੀ ਹੈ ਕਿ ਬਹੁਤ ਸਾਰੇ ਪਹਿਲੂਆਂ ਤੋਂ ਜੇਕਰ ਕਿਸੇ ਵੀ ਗੱਲ ਨੂੰ ਵਾਚਣਾ ਹੋਵੇ, ਤਾਂ ਬਹੁਤ ਸਾਰੀਆਂ ਗੱਲਾਂ ਸਾਹਮਣੇ ਆ ਕੇ ਖੜ੍ਹ ਜਾਂਦੀਆਂ ਹਨ। ਹਰ ਇਨਸਾਨ ਦੁੱਖੀ ਹੋ ਕੁਝ ਲੋਕ ਗਰੀਬੀ ਦੀ ਵਜ੍ਹਾ ਕਾਰਨ ਦੁਖੀ ਹਨ ਅਤੇ ਕੁਝ ਹਾਲਾਤ ਦੀ ਮਾੜੀ ਸੰਗਤ ਨੇ ਕੱਖੋਂ ਹੌਲੇ ਕਰ ਦਿੱਤਾ ਹੈ। ਕੁਝ ਪੈਸੇ ਦੀ ਘਾਟ ਨੂੰ ਲੈ ਕੇ ਜੂਝ ਰਹੇ ਹਨ ਅਤੇ ਬਹੁਤ ਸਾਰੇ ਬਿਮਾਰੀ ਦੀ ਹਾਲਤ ਵਿਚ ਦਿਨ ਕਟੀ ਕਰ ਰਹੇ ਹਨ।

ਚਾਰ-ਚੁਫੇਰੇ ਹਨੇਰਾ ਪਸਰਿਆ ਵਿਖਾਈ ਦਿੰਦਾ ਹੈ। ਬਹੁਤੇ ਲੋਕਾਂ ਦੀ ਜ਼ਿੰਦਗੀ ਨੂੰ ਨੇੜਿਓਂ ਵੇਖ ਕੇ ਜੇਕਰ ਸੋਚੀਏ ਤਾਂ ਕੋਈ ਵੀ ਰਾਹ ਨਹੀਂ ਹੁੰਦਾ, ਉਨ੍ਹਾਂ ਲੋਕਾਂ ਲਈ ਪਰ ਉਹ ਫਿਰ ਵੀ ਜ਼ਿੰਦਗੀ ਨੂੰ ਜਿਊਂਦੇ ਹਨ। ਗੱਲ ਕਰ ਰਹੇ ਸੀ ਉਹ ਭਲੇ ਇਨਸਾਨ ਦੀ, ਜਿਸ ਨੇ ਆਪਣਾ ਦੁਖੀ ਦਿਲ ਅਤੇ ਸੱਚ ਨੂੰ ਫਰੋਲਦਿਆਂ ਮੇਰੇ ਕੋਲ ਆ ਕੇ ਹੌਲਾ ਕੀਤਾ ਕਿ ਕਿੰਝ ਉਸ ਨੇ ਅਮਰੀਕਾ ਆ ਕੇ ਹੱਡ-ਭੰਨਵੀਂ ਮਿਹਨਤ ਕਰਨ ਤੋਂ ਬਾਅਦ ਆਪਣੇ ਪੰਜਾਬ ਵਿਚਲੇ ਘਰ ਨੂੰ ਮਹਿਲ ਵਰਗਾ ਬਣਾਇਆ ਅਤੇ ਉਸ ਨੇ ਪੰਜਾਬ ਵਿਚ ਜੋ ਗਰੀਬੀ ਦੇ ਦਿਨ ਹੰਢਾਏ ਸਨ, ਉਹ ਵੀ ਅਜੇ ਤੱਕ ਉਸ ਦੇ ਚੇਤੇ ਵਿਚੋਂ ਨਹੀਂ ਬਿਸਰੇ। ਉਹ ਦਿਨ-ਰਾਤ ਧੰਨਵਾਦ ਕਰਦਾ ਸੀ ਉਸ ਰਿਸ਼ਤੇਦਾਰ ਦਾ, ਜਿਸ ਨੇ ਉਸ ਨੂੰ ਅਮਰੀਕਾ ਵਿਚ ਪਹੁੰਚਣ 'ਚ ਮਦਦ ਕੀਤੀ ਸੀ।

ਪਿਤਾ ਦਾ ਸਾਇਆ ਵੀ ਉਸ ਇਨਸਾਨ ਦੇ ਸਿਰ ਤੋਂ ਉੱਠ ਚੁੱਕਿਆ ਸੀ ਅਤੇ ਭਾਈ-ਭੈਣ ਵਿਆਹ ਕੇ ਆਪਣੇ ਘਰ ਪਹੁੰਚ ਗਏ ਸਨ ਅਤੇ ਸੁੱਖੀ-ਸਾਂਦੀ ਵਸ ਰਹੇ ਸਨ। ਉਸ ਦਾ ਅਮਰੀਕਾ ਵਿਚ ਆਪਣਾ ਚੰਗਾ ਖਾਸਾ ਕਾਰੋਬਾਰ ਹੈ। ਕਿਉਂਕਿ ਉਸ ਨੇ ਆਪਣੀ ਜ਼ਿੰਦਗੀ ਵਿਚ ਬਹੁਤ ਸਖਤ ਮਿਹਨਤ ਕਰਨ ਤੋਂ ਬਾਅਦ ਧਰਤੀ ਉੱਤੇ ਪੈਰ ਟਿਕਾਏ ਸਨ। ਗਰੀਬੀ ਨੂੰ ਹੰਢਾਉਂਦਿਆਂ ਉਸ ਨੇ ਇਕ ਤਹੱਈਆ ਕੀਤਾ ਸੀ ਕਿ ਜ਼ਿੰਦਗੀ ਅੰਦਰ ਉਹ ਕੁਝ ਬਣ ਕੇ ਦਿਖਾਵੇਗਾ। ਉਸ ਨੇ ਸਖ਼ਤ ਮਿਹਨਤ ਕਰਦਿਆਂ ਆਪਣੇ ਪਰਿਵਾਰ ਦੇ ਸਿਰ 'ਤੇ ਚੜ੍ਹਿਆ ਕਰਜ਼ਾ ਵੀ ਲਾਹ ਦਿੱਤਾ ਕਿ ਸ਼ਾਇਦ ਉਸ ਦਾ ਪਿਛਲਾ ਪਰਿਵਾਰ ਵੀ ਚੰਗੀ ਜ਼ਿੰਦਗੀ ਦਾ ਸੁੱਖ ਮਾਣ ਸਕੇ। ਹੌਲੀ-ਹੌਲੀ ਸਮਾਂ ਬੀਤਦਾ ਰਿਹਾ ਅਤੇ ਦਿਨ ਲੰਘਦੇ ਗਏ। ਫੇਰ ਉਸ ਇਨਸਾਨ ਦਾ ਆਪਣਾ ਵਿਆਹ ਹੋਇਆ, ਕਬੀਲਦਾਰੀਆਂ ਵੱਧ ਗਈਆਂ ਖਰਚੇ ਵਧ ਗਏ।

ਰੁਝੇਵਿਆਂ ਨੇ ਜ਼ਿੰਦਗੀ ਅੰਦਰ ਆਪਣੀ ਖਾਸ ਥਾਂ ਬਣਾ ਲਈ ਸੀ। ਸਮਾਂ ਬੀਤਦਾ ਜਾ ਰਿਹਾ ਸੀ ਕਿਉਂਕਿ ਉਸ ਦੇ ਆਪਣੇ ਵੀ ਬੱਚੇ ਸਨ। ਉਸ ਇਨਸਾਨ ਨੇ ਆਪਣੇ ਪਰਿਵਾਰ ਦੇ ਪਾਲਣ-ਪੋਸ਼ਣ ਤੋਂ ਬਾਅਦ ਪਿੰਡ ਸਮਾਂ ਦੇਖ ਕੇ ਚੰਗੀ ਕੋਠੀ ਪਾ ਲਈ ਅਤੇ ਆਪਣੇ ਭਰਾ ਦੇ ਪਰਿਵਾਰ ਨੂੰ ਪਾਲਣਾ ਸ਼ੁਰੂ ਕੀਤਾ, ਉਸ ਦੇ ਬੱਚੇ ਜੁਆਨ ਹੁੰਦੇ ਗਏ। ਪਿੰਡ ਜਿਹੜੀ ਲੱਖਾਂ ਦੀ ਲਾਗਤ ਨਾਲ ਕੋਠੀ ਪਾਈ ਸੀ, ਖੁਸ਼ੀ ਨਾਲ ਭਰਾ ਦੇ ਸਪੁਰਦ ਕਰ ਦਿੱਤੀ। ਉਸ ਦੇ ਬੱਚੇ ਵੀ ਪੜ੍ਹਾਏ, ਮਾਤਾ ਦੀ ਸੇਵਾ ਵੀ ਕੀਤੀ। ਕਦੇ ਵੀ ਭਰਾ ਦਾ ਕਹਿਣਾ ਨਹੀਂ ਮੋੜਿਆ। ਪਰ ਆਖ਼ਿਰ ਉਹ ਹੀ ਹੋਇਆ, ਜੋ ਹੁੰਦਾ ਆਇਆ ਹੈ। ਭਰਾ ਅਤੇ ਉਸਦੇ ਪਰਿਵਾਰ ਨਾਲ ਅੰਤਾਂ ਦੇ ਪਿਆਰ ਤੋਂ ਬਾਅਦ ਹੌਲੀ-ਹੌਲੀ ਉਸਦੇ ਨਾਲ ਹੀ ਦੂਰੀਆਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਜਿਹੜੇ ਫੋਨ ਰੋਜ਼ ਹੁੰਦੇ ਸਨ, ਉਨ੍ਹਾਂ ਦੀ ਗਿਣਤੀ ਹੌਲੀ-ਹੌਲੀ ਘੱਟਦੀ ਚਲੀ ਗਈ। ਫਿਰ ਅਲਾਂਭਿਆਂ ਦਾ ਦੌਰ ਸ਼ੁਰੂ ਹੋਇਆ ਕਿ ਵਿਦੇਸ਼ ਵਸਦਾ ਭਰਾ ਸਾਡਾ ਤਾਂ ਕੁਝ ਕਰਦਾ ਹੀ ਨਹੀਂ। ਇਹੋ ਹੀ ਗੱਲਾਂ ਲੋਕਾਂ ਦੇ ਢਹੇ ਚੜ੍ਹ ਗਈਆਂ।

ਬੱਚੇ ਗਲਤੀਆਂ ਕਰਦੇ ਗਏ ਅਤੇ ਪਰਿਵਾਰ ਵਿਚ ਦਰਾੜ ਵੱਧਦੀ ਗਈ। ਬੱਚੇ ਕਹਿਣਾ ਮੰਨਣੋਂ ਹਟ ਗਏ। ਖੇਤੀ ਕਰਨ ਲਈ ਭਰਾ ਨੂੰ ਲੱਖਾਂ ਦੀ ਲੈ ਕੇ ਦਿੱਤੀ ਮਸ਼ੀਨਰੀ ਅਤੇ ਪਾਈ ਕੋਠੀ ਵੀ ਉਨ੍ਹਾਂ ਨੂੰ ਬੋਝ ਲੱਗਣ ਲੱਗ ਪਈ ਹੋਵੇ। ਜਿਵੇਂ 15-20 ਵਰ੍ਹਿਆਂ ਦੀ ਕੀਤੀ ਮਿਹਨਤ ਅਤੇ ਭਰਾ ਦਾ ਪਾਲਿਆ ਪਰਿਵਾਰ ਹੁਣ ਉਸ ਦੀ ਨੁਕਤਾਚੀਨੀ ਕਰਨ ਲੱਗਿਆ ਸੀ ਕਿ ਲਓ ਜੀ, ਸਾਡੇ ਲਈ ਤਾਂ ਉਸ ਨੇ ਕੀਤਾ ਹੀ ਕੁਝ ਨਹੀਂ। ਸਾਡੇ ਬੱਚੇ ਤਾਂ ਵੇਹਲੇ ਫਿਰ ਰਹੇ ਹਨ। ਆਪਣਾ ਕਾਰੋਬਾਰ ਸੈਟ ਕਰ ਲਿਆ। ਪਰ ਉਸ ਵਿਦੇਸ਼ ਵਿਚ ਵੱਸਦੇ ਭਰਾ ਦੇ ਮਨ ਵਿਚ ਅਜੇ ਵੀ ਆਪਣੇ ਭਰਾ ਅਤੇ ਉਸਦੇ ਪਰਿਵਾਰ ਅਤੇ ਬੱਚਿਆਂ ਲਈ ਇੱਕ ਪਿਆਰ ਸੀ ਪਰ ਉਹ ਉਹ ਹੁਣ ਚਾਹ ਕੇ ਵੀ ਕੁਝ ਨਹੀਂ ਸੀ ਕਰ ਸਕਦਾ। ਕਿਉਂਕਿ ਪਾਣੀ ਸਿਰ ਤੋਂ ਲੰਘ ਚੁੱਕਿਆ ਸੀ।

ਸਖਤ ਮਿਹਨਤ ਕਰਦਿਆਂ ਕਰਜ਼ਾ ਚੁੱਕ ਕੇ ਆਪਣੇ ਭਰਾ ਅਤੇ ਉਸਦੇ ਪਰਿਵਾਰ ਨੂੰ ਸੈੱਟ ਕਰਨ ਲਈ ਉਸ ਨੇ ਪੂਰਾ ਜ਼ੋਰ ਲਗਾਇਆ ਗੱਲ ਨਾ ਬਣ ਸਕੀ, ਜਿਵੇਂ ਸਿਆਣੇ ਕਹਿੰਦੇ ਨੇ ਕਿ ਕਈ ਗੱਲਾਂਬਾਤਾਂ 'ਤੇ ਕਿਸਮਤ ਲੜਦੀ ਹੈ, ਉਹੀ ਕੁਝ ਉਸ ਵਿਦੇਸ਼ ਵਾਲੇ ਇਨਸਾਨ ਦੇ ਭਰਾ ਨਾਲ ਵਾਪਰ ਰਿਹਾ ਸੀ ਪਰ ਉਸ ਪੰਜਾਬ ਬੈਠੇ ਭਰਾ ਨੂੰ ਇੰਜ ਪ੍ਰਤੀਤ ਹੁੰਦਾ ਸੀ, ਜਿਵੇਂ ਸਭ ਕਾਸੇ ਦਾ ਦੋਸ਼ੀ ਉਸ ਦਾ ਵਿਦੇਸ਼ ਵਿਚਲਾ ਭਰਾ ਹੀ ਹੋਵੇ। ਬਹੁਤ ਚਿਰ ਸੋਚਣ ਤੋਂ ਬਾਅਦ ਵਿਦੇਸ਼ ਵਸਦੇ ਉਸ ਭਲੇ ਪੁਰਸ਼ ਦੇ ਸੀਨੇ ਵਿਚੋਂ ਸਿਰਫ ਇਕ ਹੀ ਗੱਲ ਨਿਕਲਦੀ ਸੀ ਕਿ ਆਖਰ ਉਸ ਦਾ ਕਸੂਰ ਕੀ, ਸੀ ਕੀ ਕਸੂਰ ਸੀ ਉਸਦਾ ਜਿਹੜਾ ਉਸ ਨੂੰ ਦੋਸ਼ੀ ਠਹਿਰਾਇਆ ਜਾ ਰਿਹਾ ਸੀ, ਉਹ ਵੀ ਆਪਣਿਆਂ ਵੱਲੋਂ। ਆਖਰ ਬਹੁਤ ਚਿਰ ਸੋਚਣ ਤੋਂ ਬਾਅਦ ਸਿਰਫ ਇਕ ਹੀ ਗੱਲ ਸਾਹਮਣੇ ਆਉਂਦੀ ਸੀ, ਸ਼ਾਇਦ ਕੁਦਰਤ ਨੂੰ ਇਹ ਮਨਜ਼ੂਰ ਸੀ। ਪਰ ਅੰਦਰਲੀ ਗੱਲ ਦਾ ਕਿਸੇ ਨੂੰ ਸ਼ਾਇਦ ਹੀ ਪਤਾ ਹੈ।

# ਸੱਚੀ ਸਲਾਹ




ਬਲਰਾਜ ਸਿੰਘ ਸਿੱਧੂ ਕਮਾਂਡੈਂਟ.
ਪੰਡੋਰੀ ਸਿੱਧਵਾਂ 95011-00062
(Punjab Mail USA)



ਭਾਰਤ ਵਿਚ ਸਰਕਾਰੀ ਨੌਕਰੀ ਬਹੁਤ ਮੁਸ਼ਕਲ ਅਤੇ ਮਿਹਨਤ ਨਾਲ ਮਿਲਦੀ ਹੈ। ਪੇਪਰ ਅਤੇ ਇੰਟਰਵਿਊ ਦੇ ਦੇ ਕੇ ਚੱਪਲਾਂ ਘੱਸ ਜਾਂਦੀਆਂ ਹਨ। ਅਫਸਰ ਰੈਂਕ ਵਿਚ ਭਰਤੀ ਹੋਣ ਲਈ ਤਾਂ ਹੋਰ ਵੀ ਕਰੜੀ ਮਿਹਨਤ ਕਰਨੀ ਪੈਂਦੀ ਹੈ। ਸਰਕਾਰੀ ਕਰਮਚਾਰੀ ਜ਼ਿਆਦਾਤਰ ਗਰੀਬ ਜਾਂ ਮੱਧਵਰਗੀ ਪਰਿਵਾਰਾਂ ਵਿਚੋਂ ਆਉਂਦੇ ਹਨ। ਟਾਟੇ-ਬਿਰਲੇ ਦੇ ਮੁੰਡੇ ਨੂੰ ਤਾਂ ਨੌਕਰੀ ਕਰਨ ਦੀ ਜ਼ਰੂਰਤ ਨਹੀਂ ਹੈ। ਪਰ ਵੇਖਿਆ ਗਿਆ ਹੈ ਕਿ ਅਫਸਰ ਬਣਦੇ ਸਾਰ ਬਹੁਤਿਆਂ ਦੀਆਂ ਅੱਖਾਂ ਮੱਥੇ ਨੂੰ ਜਾ ਲੱਗਦੀਆਂ ਹਨ ਤੇ ਪੈਰ ਜ਼ਮੀਨ ਤੋਂ ਚੁੱਕੇ ਜਾਂਦੇ ਹਨ। ਆਪਣੇ ਵਰਗੇ ਲੋਕਾਂ ਤੋਂ ਹੀ ਮੁਸ਼ਕ ਆਉਣ ਲੱਗ ਜਾਂਦੀ ਹੈ। ਕਈ ਤਾਂ ਅਜਿਹੇ ਸੂਰਮੇ ਹਨ, ਜੋ ਆਪਣੇ ਅਨਪੜ੍ਹ ਗਰੀਬ ਮਾਪਿਆਂ, ਭੈਣਾਂ-ਭਰਾਵਾਂ ਤੋਂ ਵੀ ਰਿਸ਼ਤਾ ਤੋੜ ਲੈਂਦੇ ਹਨ। ਅਫਸਰ ਬਣ ਕੇ ਜ਼ਿਆਦਾਤਰਾਂ ਦਾ ਮੋਟੇ ਦਹੇਜ਼ ਦੇ ਲਾਲਚ ਕਾਰਨ ਅਮੀਰ ਖਾਨਦਾਨਾਂ ਵਿਚ ਵਿਆਹ ਹੋ ਜਾਂਦਾ ਹੈ। ਵੱਡੇ ਘਰਾਂ ਦੀਆਂ ਕੁੜੀਆਂ ਪਤੀ ਦੇ ਗਰੀਬ ਰਿਸ਼ਤੇਦਾਰਾਂ ਨੂੰ ਬਰਦਾਸ਼ਤ ਨਹੀਂ ਕਰਦੀਆਂ, ਕਿਤੇ ਸੁਸਾਇਟੀ ਵਿਚ ਬੇਇੱਜ਼ਤੀ ਨਾ ਹੋ ਜਾਵੇ। ਬਹੁਤੇ ਆਪਣੇ ਆਪ ਨੂੰ ਰਾਜਿਆਂ-ਜਗੀਰਦਾਰਾਂ ਦੇ ਖਾਨਦਾਨ ਦਾ ਦੱਸਣ ਲੱਗ ਜਾਂਦੇ ਹਨ। ਪਾਕਿਸਤਾਨ ਵਿਚ ਰਹਿ ਗਏ ਸੈਂਕੜੇ ਏਕੜਾਂ ਅਤੇ ਸ਼ਾਹਾਨਾ ਹਵੇਲੀਆਂ ਬਾਰੇ ਗੱਲਾਂ ਸੁਣਾਈਆਂ ਜਾਂਦੀਆਂ ਹਨ (ਪਰ ਅਸਲ ਵਿਚ ਸਭ ਨੂੰ ਇੱਕ ਦੂਸਰੇ ਦੀ ਔਕਾਤ ਪਤਾ ਹੀ ਹੁੰਦੀ ਹੈ)।

ਮੈਂ ਪੰਜਾਬ ਪੁਲਿਸ ਵਿਚ ਇੰਸਪੈਕਟਰ ਭਰਤੀ ਹੋਇਆ ਸੀ ਤੇ ਟਰੇਨਿੰਗ ਕਰਨ ਤੋਂ ਬਾਅਦ ਤਿੰਨ ਮਹੀਨੇ ਲਈ ਇੱਕ ਥਾਣੇ ਵਿਚ ਮੁੱਢਲੀ ਸਿਖਲਾਈ ਹਾਸਲ ਕਰ ਰਿਹਾ ਸੀ। ਏ.ਐੱਸ.ਆਈ., ਇੰਸਪੈਕਟਰ, ਡੀ.ਐੱਸ.ਪੀ. ਅਤੇ ਆਈ.ਪੀ.ਐੱਸ. ਅਫਸਰਾਂ ਨੂੰ ਫੀਲਡ ਵਿਚ ਤਾਇਨਾਤ ਕਰਨ ਤੋਂ ਪਹਿਲਾਂ ਸਰਕਾਰੀ ਵਕੀਲ, ਥਾਣੇ ਦੇ ਮੁੰਨਸ਼ੀ, ਤਫਤੀਸ਼ੀ ਅਤੇ ਐੱਸ.ਐੱਚ.ਉ. ਆਦਿ ਦਾ ਕੰਮ ਸਿਖਾਇਆ ਜਾਂਦਾ ਹੈ। ਐੱਸ.ਐੱਚ.ਉ. ਆਮ ਤੌਰ ’ਤੇ ਸਬ ਇੰਸਪੈਕਟਰ ਜਾਂ ਇੰਸਪੈਕਟਰ ਰੈਂਕ ਦਾ ਅਫਸਰ ਹੁੰਦਾ ਹੈ। ਥਾਣੇ ਵਿਚ ਮੈਂ ਤੇ ਤਿੰਨ ਹੋਰ ਥਾਣੇਦਾਰ ਇੱਕ ਹੀ ਕਵਾਟਰ ਵਿਚ ਰਹਿੰਦੇ ਸੀ। ਸਾਰਿਆਂ ਦੀ ਆਪਸ ਵਿਚ ਬਹੁਤ ਬਣਦੀ ਸੀ। ਇੱਕ ਦਿਨ ਅਸੀਂ ਮੈੱਸ ਵਿਚ ਬੈਠੇ ਦਾਲ-ਰੋਟੀ ਛਕ ਰਹੇ ਸੀ ਕਿ ਵਾਇਰਲੈੱਸ ਉਪਰੇਟਰ ਭੱਜਿਆ ਆਇਆ। ਉਸ ਨੇ ਸਾਡੇ ਵਿਚੋਂ ਇੱਕ ਛੱਜਾ ਸਿੰਘ (ਕਾਲਪਨਿਕ ਨਾਮ) ਨੂੰ ਖਿੱਚ ਕੇ ਸਲੂਟ ਮਾਰਿਆ ਤੇ ਦੱਸਿਆ ਕਿ ਪਹਿਲੇ ਐੱਸ.ਐੱਚ.ਉ. ਦੀ ਬਦਲੀ ਪੁਲਿਸ ਲਾਈਨ ਦੀ ਹੋ ਗਈ ਹੈ ਤੇ ਉਸ ਨੂੰ ਇਸੇ ਥਾਣੇ ਦਾ ਐੱਸ.ਐੱਚ.ਉ. ਲੱਗਾ ਦਿੱਤਾ ਗਿਆ ਹੈ। ਬਾਕੀ ਥਾਣੇਦਾਰ ਅੰਦਰੋਂ ਸੜ ਕੇ ਕੋਲਾ ਹੋ ਗਏ ਪਰ ਉੱਪਰੋਂ ਝੂਠੀ ਜਿਹੀ ਖੁਸ਼ੀ ਜ਼ਾਹਰ ਕਰਦੇ ਹੋਏ ਉਸ ਨੂੰ ਵਧਾਈਆਂ ਦੇਣ ਲੱਗੇ। ਛੱਜਾ ਸਿੰਘ ਦੇ ਤਾਂ ਪਲਾਂ ਵਿਚ ਹੀ ਤੌਰ ਬਦਲ ਗਏ। ਉਹ ਇੱਕ ਦਮ ਰੋਟੀ ਛੱਡ ਕੇ ਖੜ੍ਹਾ ਹੋ ਗਿਆ ਤੇ ਮੁੱਛਾਂ ’ਤੇ ਹੱਥ ਫੇਰਦਿਆਂ ਗੁੱਗੂ ਗਿੱਲ ਵਾਂਗ ਚੱਬ ਕੇ ਡਾਇਲਾਗ ਬੋਲਿਆ, “ਠੀਕ ਆ ਆਪਾਂ ਕਈ ਮਹੀਨੇ ‘ਕੱਠੇ ਰਹੇ ਆਂ, ਪਰ ਹੁਣ ਮੇਰੇ ਨਾਲ ਗੱਲਬਾਤ ਜ਼ਰਾ ਹਿਸਾਬ ਨਾਲ ਕਰਿਉ। ਮੈਂ ਹੁਣ ਐੱਸ.ਐੱਚ.ਉ. ਆਂ, ਐੱਸ.ਐੱਚ.ਉ.।” ਉਸ ਨੂੰ ਇੱਕ ਦਮ ਗਿਰਗਿਟ ਵਾਂਗ ਰੰਗ ਬਦਲਦਾ ਵੇਖ ਕੇ ਸਾਰਿਆਂ ਦੇ ਮੂੰਹ ਟੱਡੇ ਗਏ।

ਸਿਖਲਾਈ ਪੂਰੀ ਹੋਣ ’ਤੇ ਮੇਰੀ ਪੋਸਟਿੰਗ ਵੀ ਇੱਕ ਥਾਣੇ ਵਿਚ ਐੱਸ.ਐੱਚ.ਉ. ਵਜੋਂ ਹੋ ਗਈ। ਇੱਕ ਤਾਂ ਛੋਟੀ ਉਮਰ ਵਿਚ ਐੱਸ.ਐੱਚ.ਉ. ਲੱਗ ਗਿਆ ਤੇ ਦੂਸਰੇ ਮੈਨੂੰ ਸਲਾਹਕਾਰ ਵੀ “ਵਧੀਆ” ਖਰਲ ਕੀਤੇ ਹੋਏ ਮਿਲ ਗਏ। ਉਨ੍ਹਾਂ ਨੇ ਮੇਰੇ ਵਰਗੇ ਪਤਾ ਨਹੀਂ ਕਿੰਨੇ ਕੁ ਐੱਸ.ਐੱਚ.ਉ. ਭੁਗਤਾਏ ਹੋਏ ਸਨ। ਛੋਟੇ ਮੁਲਾਜ਼ਮ ਆਮ ਤੌਰ ’ਤੇ ਆਸ-ਪਾਸ ਦੇ ਪਿੰਡਾਂ ਦੇ ਹੁੰਦੇ ਹਨ ਤੇ ਥਾਣੇ ਵਿਚ ਕਈ ਕਈ ਸਾਲਾਂ ਤੱਕ ਲੱਗੇ ਰਹਿੰਦੇ ਹਨ, ਪਰ ਐੱਸ.ਐੱਚ.ਉ. ਦੀ ਬਦਲੀ ਸਾਲ-ਛੇ ਮਹੀਨੇ ਬਾਅਦ ਹੋ ਜਾਂਦੀ ਹੈ। ਇਲਾਕੇ ’ਚੋਂ ਬਦਮਾਸ਼ੀ ਖਤਮ ਕਰਨ ਦੇ ਜੋਸ਼ ਵਿਚ ਮੈਂ ਕੁਝ ਜ਼ਿਆਦਾ ਹੀ ਸਖਤੀ ਸ਼ੁਰੂ ਕਰ ਦਿੱਤੀ। ਪੁਰਾਣੇ ਮੁਲਾਜ਼ਮ ਮੈਨੂੰ ਹੋਰ ਫੂਕ ਛਕਾਉਣ ਲੱਗੇ, “ਜਨਾਬ, ਝੋਟੇ ਕੁੱਟ ਠਾਣੇਦਾਰ ਤੋਂ ਬਾਅਦ ਤੁਸੀਂ ਹੀ ਸਭ ਤੋਂ ਘੈਂਟ ਅਫਸਰ ਆਏ ਉ ਇਸ ਠਾਣੇ ਵਿਚ।” ਘੈਂਟਪੁਣੇ ਦੇ ਚੱਕਰ ਵਿਚ ਦੋ ਕੁ ਵਾਰ ਤਾਂ ਮੈਂ ਮੁਅੱਤਲ ਹੁੰਦਾ-ਹੁੰਦਾ ਮਸਾਂ ਬਚਿਆ। ਪਰ ਮੇਰੇ ਚਾਲੇ ਠੀਕ ਨਾ ਹੋਏ। ਜਦੋਂ ਪੁਲਿਸ ਅਫਸਰ ਦੇ ਮਨ ਵਿਚ ਹੰਕਾਰ ਆ ਜਾਵੇ ਕਿ ਮੈਂ ਆਪਣੇ ਇਲਾਕੇ ਵਿਚ ਆਹ ਨਹੀਂ ਹੋਣ ਦੇਣਾ, ਔਹ ਨਹੀਂ ਹੋਣ ਦੇਣਾ ਤਾਂ ਉਹ ਲਾਜ਼ਮੀ ਧੋਖਾ ਖਾ ਜਾਂਦਾ ਹੈ। ਅਜਿਹੇ ਵਿਚਾਰ ਮਨ ਵਿਚ ਆਉਣ ਤਾਂ ਕੁਰਸੀ ਦੇ ਪਿੱਛੇ ਲੱਗੇ ਤਾਇਨਾਤੀ ਬੋਰਡ ਉੱਪਰ ਨਜ਼ਰ ਮਾਰ ਲੈਣੀ ਚਾਹੀਦੀ ਹੈ ਕਿ ਤੁਹਾਡੇ ਤੋਂ ਪਹਿਲਾਂ ਇਥੇ ਕਿੰਨੇ ਅਫਸਰ ਆਏ ਤੇ ਕਿੰਨੇ ਗਏ। ਇਲਾਕਾ ਕਿਸੇ ਅਫਸਰ ਦਾ ਨਹੀਂ, ਸਗੋਂ ਉਥੇ ਵੱਸਣ ਵਾਲੇ ਲੋਕਾਂ ਦਾ ਹੁੰਦਾ ਹੈ। ਅਫਸਰ ਤਾਂ ਆਉਂਦੇ-ਜਾਂਦੇ ਰਹਿੰਦੇ ਹਨ। ਅੱਜ ਮਰੇ, ਕੱਲ੍ਹ ਦੂਸਰਾ ਦਿਨ।

ਮੇਰੇ ਨਾਲ ਦੇ ਥਾਣੇ ਦਾ ਐੱਸ.ਐੱਚ.ਉ. ਗੱਜਣ ਸਿੰਘ ਇੰਸਪੈਕਟਰ ਲੱਗਾ ਹੋਇਆ ਸੀ। ਉਹ ਮੇਰੇ ਨਾਲ ਬਹੁਤ ਪਿਆਰ ਭਾਵ ਰੱਖਦਾ ਸੀ ਤੇ ਗਾਹੇ-ਬਗਾਹੇ ਪੁਲਿਸ ਦੇ ਕੰਮਕਾਰ ਬਾਰੇ ਸਿੱਖਿਆ ਵੀ ਦਿੰਦਾ ਰਹਿੰਦਾ ਸੀ। ਪਰ ਜਵਾਨੀ ਵਿਚ ਬੁੱਢਿਆਂ ਦੀਆਂ ਗੱਲਾਂ ਚੰਗੀਆਂ ਨਹੀਂ ਲੱਗਦੀਆਂ ਕਿ ਇਨ੍ਹਾਂ ਦਾ ਤਾਂ ਖੂਨ ਠੰਡਾ ਹੋ ਗਿਆ ਹੈ। ਨਵੀਆਂ ਕਰੂੰਬਲਾਂ ਹਮੇਸ਼ਾਂ ਝੜ੍ਹ ਰਹੇ ਪੁਰਾਣੇ ਪੱਤਿਆਂ ਨੂੰ ਮਜ਼ਾਕ ਕਰਦੀਆਂ ਹਨ, ਪਰ ਭੁੱਲ ਜਾਂਦੀਆਂ ਹਨ ਕਿ ਅਗਲੀ ਪੱਤਝੜ੍ਹ ਨੂੰ ਉਨ੍ਹਾਂ ਦਾ ਨੰਬਰ ਵੀ ਲੱਗਣ ਵਾਲਾ ਹੈ। ਮੈਂ ਵੀ ਉਸ ਦੀਆਂ ਗੱਲਾਂ ਨੂੰ ਬਹੁਤਾ ਨਾ ਗੌਲਦਾ ਤੇ ਐਵੇਂ ਹੂੰ ਹਾਂ ਕਰ ਛੱਡਦਾ। ਇਕ ਦਿਨ ਜ਼ਿਲ੍ਹਾ ਹੈੱਡਕਵਾਟਰ ’ਤੇ ਕੋਈ ਮੀਟਿੰਗ ਸੀ, ਜੋ ਕਾਫੀ ਲੰਬੀ ਚੱਲੀ। ਸ਼ਾਮ ਦੇ ਨੌਂ ਵੱਜ ਗਏ ਤੇ ਕਾਫੀ ਹਨੇਰਾ ਹੋ ਗਿਆ। ਮੇਰਾ ਅਤੇ ਗੱਜਣ ਸਿੰਘ ਵਾਲਾ ਥਾਣਾ ਦੋਵੇਂ ਇੱਕੋ ਪਾਸੇ ਪੈਂਦੇ ਸਨ। ਉਸ ਵੇਲੇ ਅੱਤਵਾਦ ਭਾਵੇਂ ਆਖਰੀ ਸਾਹਾਂ ’ਤੇ ਸੀ ਪਰ ਖਤਰਾ ਅਜੇ ਵੀ ਬਰਕਰਾਰ ਸੀ। ਇਸ ਲਈ ਅਸੀਂ ਦੋਵੇਂ ਇਕੱਠੇ ਸਫਰ ਕਰਨ ਲੱਗੇ। ਗੱਜਣ ਸਿੰਘ ਮੇਰੀ ਜਿਪਸੀ ਵਿਚ ਬੈਠ ਗਿਆ ਤੇ ਮੈਂ ਚਲਾਉਣ ਲੱਗ ਪਿਆ।

ਗੱਜਣ ਸਿੰਘ ਥੋੜ੍ਹਾ ਜਿਹਾ ਪੈੱਗ ਪਿਆਲੇ ਦਾ ਸ਼ੌਕੀਨ ਸੀ। ਗਰਮੀਆਂ ਦੇ ਦਿਨ ਸਨ, ਸ਼ਹਿਰੋਂ ਬਾਹਰ ਆ ਕੇ ਉਸ ਨੇ ਆਪਣੇ ਗੰਨਮੈਨ ਨੂੰ ਇੱਕ ਠੇਕੇ ਤੋਂ ਬੀਅਰ ਲੈਣ ਲਈ ਭੇਜ ਦਿੱਤਾ। ਉਨ੍ਹਾਂ ਸਮਿਆਂ ਵਿਚ ਖਾੜਕੂ ਸ਼ਰਾਬ ਦੇ ਠੇਕੇਦਾਰਾਂ ਦੇ ਪਿੱਛੇ ਪਏ ਹੋਏ ਸਨ। ਅਨੇਕਾਂ ਠੇਕੇ ਫੂਕ ਦਿੱਤੇ ਗਏ ਤੇ ਕਈ ਠੇਕੇਦਾਰ ਮਾਰ ਦਿੱਤੇ ਗਏ ਸਨ। ਇਸ ਲਈ ਸਕਿਉਰਿਟੀ ਲੈਣ ਖਾਤਰ ਠੇਕੇਦਾਰ ਪੁਲਿਸ ਵਾਲਿਆਂ ਦੀ ਬਹੁਤ ਆਉ ਭਗਤ ਕਰਦੇ ਸਨ। ਕਰਿੰਦੇ ਨੂੰ ਭੇਜਣ ਦੀ ਬਜਾਏ ਠੇਕੇਦਾਰ ਆਪ ਹੀ ਬੀਅਰ ਦੀਆਂ ਦੋ ਠੰਡੀਆਂ ਬੋਤਲਾਂ ਅਖਬਾਰ ਵਿਚ ਵਲੇਟ ਕੇ ਭੱਜਾ ਆਇਆ। ਗੱਜਣ ਸਿੰਘ ਨੇ ਪੈਸੇ ਦੇਣ ਦੀ ਕੋਸ਼ਿਸ਼ ਕੀਤੀ, ਤਾਂ ਉਸ ਨੇ ਝੂਠੀ ਜਿਹੀ ਮੁਸਕਾਨ ਨਾਲ ਲੈਣ ਤੋਂ ਇਨਕਾਰ ਕਰ ਦਿੱਤਾ (ਦਿਲ ’ਚ ਭਾਵੇਂ ਸਾਨੂੰ ਕੋਸਦਾ ਹੀ ਹੋਵੇ)। ਮੈਂ ਗੱਡੀ ਤੋਰ ਲਈ ਤੇ ਗੱਜਣ ਸਿੰਘ ਬੀਅਰ ਪੀਣ ਲੱਗ ਪਿਆ। ਅਗਲਾ ਅੱਡਾ ਆਉਂਦੇ-ਆਉਂਦੇ ਬੀਅਰ ਖਤਮ ਹੋ ਗਈ। ਉਥੇ ਵੀ ਠੇਕੇਦਾਰ ਦੇ ਕਰਿੰਦੇ ਭੱਜ ਕੇ ਗੱਡੀ ਵੱਲ ਆਏ। ਉਨ੍ਹਾਂ ਨੇ ਵੀ ਬੀਅਰ ਦੇ ਪੈਸੇ ਨਾ ਲਏ। ਇਸ ਤੋਂ ਬਾਅਦ ਅਸੀਂ ਰਸਤੇ ਵਿਚ ਪੈਂਦੇ ਮਸ਼ਹੂਰ ਠੇਕੇਦਾਰ ਸੱਤਪਾਲ ਖਨੌਰੀ ਦੇ ਦਫਤਰ ਚਲੇ ਗਏ। ਖੁੱਲ੍ਹੇ ਸੁਭਾਅ ਦਾ ਹੋਣ ਕਾਰਨ ਉਸ ਕੋਲ ਮੁਲਾਜ਼ਮਾਂ ਦਾ ਆਉਣ-ਜਾਣ ਲੱਗਾ ਰਹਿੰਦਾ ਸੀ। ਉਸ ਨੇ ਵੀ ਰੱਜ ਕੇ ਰੋਟੀ ਪਾਣੀ ਦੀ ਸੇਵਾ ਕੀਤੀ।

ਜਦੋਂ ਗੱਜਣ ਸਿੰਘ ਵਾਹਵਾ ਸਰੂਰ ਜਿਹੇ ’ਚ ਹੋ ਗਿਆ ਤਾਂ ਮੈਨੂੰ ਕਹਿਣ ਲੱਗਾ, “ਹਾਂ ਭਈ ਜਵਾਨਾ, ਵੇਖੇ ਈ ਰੱਬ ਦੇ ਰੰਗ? ਇਹ ਸੇਠ ਕਿਸੇ ਨੂੰ ਸ਼ਰਾਬ ਦੀ ਖਾਲੀ ਬੋਤਲ ਨਾ ਦੇਣ, ਆਪਣੇ ਅੱਗੇ ਪਿੱਛੇ ਵੇਖ ਲੈ ਕਿਵੇਂ ਭੱਜੇ ਫਿਰਦੇ ਨੇ। ਆਪਣੀ ਕਿਸਮਤ ਚੰਗੀ ਸੀ, ਜੋ ਆਮ ਘਰਾਂ ’ਚੋਂ ਉੱਠ ਕੇ ਅਫਸਰ ਬਣ ਗਏ ਆਂ। ਆਪਣੇ ਤੋਂ ਕਿਤੇ ਵੱਧ ਪੜ੍ਹੇ-ਲਿਖੇ ਲੋਕ ਬੇਰੋਜ਼ਗਾਰੀ ਕਾਰਨ ਧੱਕੇ ਖਾਂਦੇ ਫਿਰਦੇ ਨੇ। ਜੇ ਤੈਨੂੰ ਨੌਕਰੀ ਮਿਲ ਈ ਗਈ ਆ ਤਾਂ ਬੰਦਿਆਂ ਵਾਂਗ ਕਰ। ਦਿਮਾਗ ਠੰਡਾ ਰੱਖ। ਯਾਦ ਰੱਖੀਂ, ਤੇਰੇ ਨਾਲ ਜਿਹੜੇ ਮੁੰਡੇ ਪੜ੍ਹਦੇ ਹੁੰਦੇ ਸੀ, ਉਹ ਅਜੇ ਡੰਗਰਾਂ ਲਈ ਪੱਠੇ ਲੈ ਕੇ ਘਰ ਨਹੀਂ ਮੁੜੇ ਹੋਣੇ।” ਉਸ ਦੀ ਕੋਰੀ ਕਰਾਰੀ ਗੱਲ ਮੇਰੇ ਦਿਲ ’ਤੇ ਲੜ ਗਈ। ਇਸ ਘਟਨਾ ਨੂੰ 24 ਸਾਲ ਹੋ ਗਏ ਹਨ ਪਰ ਕੱਲ੍ਹ ਵਾਂਗ ਜਾਪਦੀ ਹੈ। ਅੱਜ ਵੀ ਜਦੋਂ ਕਿਸੇ ਆਕੜਖੋਰ ਸਰਕਾਰੀ ਅਧਿਕਾਰੀ ਜਾਂ ਨੇਤਾ ਨੂੰ ਆਮ ਪਬਲਿਕ ਜਾਂ ਮਾਹਤਿਤਾਂ ਨਾਲ ਬੁਰਾ ਵਿਵਹਾਰ ਕਰਦਾ ਵੇਖਦਾ ਹਾਂ, ਤਾਂ ਉਹ ਗੱਲ ਚੇਤੇ ਆ ਜਾਂਦੀ ਹੈ।

# ਮੈਂ ਆਰਾਮ ਨਾਲ ਸੌਂਦਾ ਹਾਂ ਮਾਂ, ਜਦੋਂ ਤੁਸੀਂ ਨੇੜੇ ਹੁੰਦੇ ਹੋ!!

-ਡਾ. ਸਤਿਆਵਾਨ ‘ਸੌਰਭ’
ਹਰਿਆਣਾ
ਕਵੀ, ਸੁਤੰਤਰ ਪੱਤਰਕਾਰ ਅਤੇ
ਕਾਲਮਨਵੀਸ, ਆਲ ਇੰਡੀਆ ਰੇਡੀਓ
ਅਤੇ ਟੀਵੀ ਪੈਨਲਿਸਟ, ਹਰਿਆਣਾ
ਮੋਬਾਈਲ : 94665-26148, 01255281381
(Punjab Mail USA)



ਸ਼ਾਇਦ ਮਾਂ ਸ਼ਬਦ ਦਾ ਕੋਈ ਵੀ ਵਿਸ਼ਲੇਸ਼ਣ ਨਹੀਂ ਕਰ ਸਕੇਗਾ, ਇਨ੍ਹਾਂ ਦੋ ਸ਼ਬਦਾਂ ਵਿਚ ਇੰਨੀ ਵਿਸ਼ਾਲਤਾ ਹੈ ਕਿ ਵਿਆਖਿਆ ਕਰਨੀ ਸੰਭਵ ਨਹੀਂ ਹੈ। ਜਨਮ ਤੋਂ ਬਾਅਦ ਬੱਚੇ ਦੁਆਰਾ ਬੋਲਿਆ ਗਿਆ ਪਹਿਲਾ ਸ਼ਬਦ ਮਾਂ ਹੈ। ਮਾਂ ਉਹ ਹੁੰਦੀ ਹੈ, ਜੋ ਸਾਨੂੰ ਜੀਣਾ ਸਿਖਾਉਂਦੀ ਹੈ, ਦੁਨੀਆਂ ਦੀ ਪਹਿਲੀ ਸ਼ਖਸੀਅਤ ਜਿਸਨੂੰ ਅਸੀਂ ਸਿਰਫ਼ ਛੂਹਣ ਨਾਲ ਹੀ ਜਾਣਦੇ ਹਾਂ, ਉਹ ਹੈ ਮਾਂ। ਉਸ ਨੂੰ 9 ਮਹੀਨੇ ਪੇਟ ਵਿਚ ਰੱਖਣ ਤੋਂ ਬਾਅਦ ਬਹੁਤ ਸਾਰੀਆਂ ਮੁਸੀਬਤਾਂ ਤੋਂ ਬਾਅਦ ਉਹ ਸਾਨੂੰ ਜਨਮ ਦਿੰਦੀ ਹੈ। ਉਹ ‘ਮਾਂ’ ਹੁੰਦੀ ਹੈ, ਚਾਹੇ ਜਵਾਨ ਹੋਵੇ ਜਾਂ ਬੁੱਢੀ, ਮਾਂ ਨੂੰ ਹਮੇਸ਼ਾ ਆਪਣੇ ਬੱਚੇ ਦੀ ਚਿੰਤਾ ਰਹਿੰਦੀ ਹੈ।

ਮਾਂ ਦੀ ਮਮਤਾ ਅੰਨ੍ਹੀ ਹੁੰਦੀ ਹੈ, ਜਿਸ ਦਾ ਅਨੁਭਵ ਹੀ ਕੀਤਾ ਜਾ ਸਕਦਾ ਹੈ। ਭਾਰਤੀ ਸੰਸਕ੍ਰਿਤੀ ਵਿਚ ਮਾਂ ਨੂੰ ਪੂਜਣਯੋਗ ਮੰਨਿਆ ਜਾਂਦਾ ਹੈ। ਮਾਂ ਨੂੰ ਸੁੱਖ ਤੇ ਸਤਿਕਾਰ ਦੇਣ ਲਈ ਸਾਰੀ ਉਮਰ ਬਹੁਤ ਛੋਟੀ ਹੈ। ਫਿਰ ਵੀ ਮਾਂ ਦੇ ਸਨਮਾਨ ’ਚ ਦੁਨੀਆਂ ’ਚ ਮਾਂ ਦਿਵਸ ਮਨਾਇਆ ਜਾਂਦਾ ਹੈ। ਕੌਣ ਦੇਖਦਾ ਹੈ ਕਿ ਮਾਂ ਮਮਤਾ, ਕੁਰਬਾਨੀ, ਉਦਾਰਤਾ ਅਤੇ ਸਹਿਣਸ਼ੀਲਤਾ ਦੀਆਂ ਕਿੰਨੀਆਂ ਮਿਸਾਲਾਂ ਸਿਰਜਦੀ ਹੈ। ਕਿੰਨੀ ਵਾਰ ਉਸਦਾ ਪਿਆਰ ਉਸਦੇ ਬੱਚਿਆਂ ਲਈ ਹੰਝੂ ਵਹਾਉਂਦਾ ਹੈ। ਇਹ ਉਹ ਦਿਨ ਹੈ, ਜਦੋਂ ਅਸੀਂ ਆਪਣੀ ਮਾਂ ਦੇ ਸ਼ੁਕਰਗੁਜ਼ਾਰ ਹੁੰਦੇ ਹਾਂ, ਜਿਸ ਨੇ ਸਾਨੂੰ ਬਹੁਤ ਕੁਝ ਦਿੱਤਾ ਹੈ ਅਤੇ ਅਜੇ ਵੀ ਸਾਡੇ ਲਈ ਬਹੁਤ ਕੁਝ ਕਰ ਰਹੀ ਹੈ।

ਮਾਂ ਨੂੰ ਪਰਿਭਾਸ਼ਿਤ ਕਰਨ ਲਈ ਸ਼ਬਦ ਘੱਟ ਪੈਣਗੇ ਪਰ ਅਸੀਂ ਉਸ ਨੂੰ ਕੁਝ ਸ਼ਬਦਾਂ ਵਿਚ ਪਰਿਭਾਸ਼ਤ ਨਹੀਂ ਕਰ ਸਕਾਂਗੇ।

ਮਾਂ ਮਮਤਾ ਦੀ ਖਾਨ ਹੈ, ਧਰਤੀ ਉੱਤੇ ਰੱਬ!

ਮਾਂ ਦੀ ਮਹਿਮਾ ਸਮਝੋ, ਸਭ ਤੋਂ ਮਹਾਨ!!

ਮਾਂ ਦੇ ਬੋਲ ਕਵਿਤਾ ਵਾਂਗ ਹੁੰਦੇ ਹਨ, ਕਹਾਣੀ ਦੀ ਭਾਸ਼ਾ!

ਦੋਹੇ ਦੇ ਰਸ ਵਿਚ ਘੁਲ ਕੇ, ਬਾਣੀ ਦਾ ਜੀਵਨ ਸ਼ੁਰੂ ਹੋਇਆ !!

ਮਾਂ ਵੀਣਾ ਦੀ ਤਾਰ ਹੈ, ਮਾਂ ਬਸੰਤ ਦਾ ਫੁੱਲ ਹੈ!

ਮਾਂ ਤਾਲ ਹੈ, ਮਾਂ ਤਾਲ ਹੈ, ਜੀਵਨ ਦੀ ਧੁਨ ਹੈ !!

ਮਾਂ ਹੈ ਗੀਤਾ, ਵੇਦ, ਮਾਂ ਹੀ ਸੱਚਾ ਪਿਆਰ ਹੈ!

ਮਾਂ ਬਾਝੋਂ ਦੁਨੀਆਂ ਦੇ ਸਾਰੇ ਗੀਤੀ ਰਿਵਾਜ਼ ਝੂਠੇ ਲੱਗਦੇ ਨੇ !!

ਮਾਂ ਹਰਿਆਲੀ ਡੱਬ ਹੈ, ਸ਼ੀਤਲ ਗੰਗ ਅਨੂਪ!

ਤੂੰ ਰਹਿ ਗਿਆ ਮੇਰੇ ਵਿਚ, ਸਿਰਫ ਮਾਂ ਦਾ ਰੂਪ !!

ਕੋਈ ਵੀ ਸੱਟ ਪਹਿਲਾਂ ਮਾਂ ਨੂੰ ਹੁੰਦੀ ਹੈ ਅਤੇ ਫਿਰ ਬੱਚੇ ਨੂੰ। ਮਾਂ ਦੀ ਮਮਤਾ ਦਾ ਕਰਜ਼ ਚੁਕਾਇਆ ਨਹੀਂ ਜਾ ਸਕਦਾ। ਬੱਚਾ ਭਾਵੇਂ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ, ਮਾਂ ਦੀ ਗੋਦ ਉਸ ਨੂੰ ਸਭ ਤੋਂ ਸੁਰੱਖਿਅਤ ਮਹਿਸੂਸ ਕਰਾਉਂਦੀ ਹੈ। ਇਸ ਲਈ ਇਕ ਦਿਨ ਉਸ ‘ਮਾਂ’ ਦਾ ਆਪਣਾ ਹੋਣਾ ਜ਼ਰੂਰੀ ਹੋ ਜਾਂਦਾ ਹੈ। ਇਸਨੂੰ ਅਮਰੀਕਾ ਦੀ ਅੰਨਾ ਦੁਆਰਾ ਪ੍ਰਸਿੱਧ ਕੀਤਾ ਗਿਆ ਸੀ। ਹਾਂ, ਲੱਖਾਂ ਲੋਕ ਇਸ ਦਿਨ ਨੂੰ ‘ਪੁਰਸ਼ ਦਿਵਸ’ ਵਜੋਂ ਮਨਾਉਂਦੇ ਹਨ ਅਤੇ ਆਪਣੀਆਂ ਮਾਵਾਂ ਦੇ ਬਲੀਦਾਨ, ਸਮਰਥਨ, ਯਤਨਾਂ ਲਈ ਤਹਿ ਦਿਲੋਂ ਧੰਨਵਾਦ ਕਰਦੇ ਹਨ। ਇਹੀ ਕਾਰਨ ਹੈ ਕਿ ਹਰ ਸਾਲ ਮਈ ਦੇ ਦੂਜੇ ਐਤਵਾਰ ਨੂੰ ਪੂਰੀ ਦੁਨੀਆਂ ਵਿਚ ਮਾਂ ਦਿਵਸ ਮਨਾਇਆ ਜਾਂਦਾ ਹੈ। ਸਾਲ ਦਾ ਇੱਕ ਦਿਨ ਸਿਰਫ਼ ਮਾਂ ਨੂੰ ਸਮਰਪਿਤ ਹੁੰਦਾ ਹੈ, ਜਿਸ ਨੂੰ ਅਸੀਂ ਮਾਂ ਦਿਵਸ ਵਜੋਂ ਜਾਣਦੇ ਹਾਂ। ਮਾਂ ਦਾ ਸਨਮਾਨ ਕਰਨ ਵਾਲਾ ਇਹ ਦਿਨ ਕਈ ਦੇਸ਼ਾਂ ਵਿਚ ਵੱਖ-ਵੱਖ ਤਾਰੀਖਾਂ ਨੂੰ ਮਨਾਇਆ ਜਾਂਦਾ ਹੈ। ਪਰ ਭਾਰਤ ਸਮੇਤ ਜ਼ਿਆਦਾਤਰ ਦੇਸ਼ਾਂ ਵਿਚ ਮਈ ਦੇ ਦੂਜੇ ਐਤਵਾਰ ਨੂੰ ਮਾਂ ਦਿਵਸ ਵਜੋਂ ਮਨਾਇਆ ਜਾਂਦਾ ਹੈ।

ਜੇਕਰ ਤੁਸੀਂ ਆਪਣੀ ਮਾਂ ਦੇ ਨਾਲ ਰਹਿੰਦੇ ਹੋ, ਤਾਂ ਉਸਨੂੰ ਗਲੇ ਲਗਾਓ ਅਤੇ ਉਸਦੀ ਇੱਛਾ ਕਰੋ, ਆਪਣੀ ਮਾਂ ਦੀ ਤਰ੍ਹਾਂ ਦੁਨੀਆਂ ਦੀ ਹਰ ਮਾਂ ਦਾ ਸਤਿਕਾਰ ਕਰੋ, ਤਾਂ ਇਸ ਤੋਂ ਵੱਡਾ ਦੁਨੀਆਂ ਦਾ ਕੋਈ ਤੋਹਫ਼ਾ ਨਹੀਂ ਹੋ ਸਕਦਾ ਅਤੇ ਮਾਂ ਦਾ ਆਸ਼ੀਰਵਾਦ ਹਮੇਸ਼ਾ ਤੁਹਾਡੀ ਢਾਲ ਬਣੇਗਾ। ਇਸ ਦੇ ਬਣ ਕੇ ਤੁਹਾਨੂੰ ਹਰ ਦੁੱਖ ਤੋਂ ਮੁਕਤੀ ਮਿਲਦੀ ਹੈ। ਅਸੀਂ ਮਾਂ ਦਿਵਸ ਦੀ ਰਸਮੀ ਤੌਰ ’ਤੇ ਮਨਾਉਂਦੇ ਹਾਂ ਪਰ ਅਸਲੀਅਤ ਇਸ ਤੋਂ ਕੋਹਾਂ ਦੂਰ ਹੈ। ਉਦੋਂ ਤੱਕ ਮਾਂ ਦੇ ਹੱਥਾਂ-ਪੈਰਾਂ ਵਿਚ ਜਾਨ ਹੁੰਦੀ ਹੈ ਤੇ ਗੰਢ ਵਿਚ ਪੈਸਾ, ਅਸੀਂ ਮਾਂ ਨੂੰ ਪਿਆਰ ਕਰਦੇ ਹਾਂ ਪਰ ਜਿਵੇਂ ਹੀ ਇਹ ਦੋਵੇਂ ਚੀਜ਼ਾਂ ਮਾਂ ਤੋਂ ਦੂਰ ਹੋ ਜਾਂਦੀਆਂ ਹਨ, ਸਾਡੇ ਪਿਆਰ ਦਾ ਪੈਮਾਨਾ ਵੀ ਬਦਲ ਜਾਂਦਾ ਹੈ, ਖਾਸ ਕਰਕੇ ਮਾਂ ਦੇ ਬੁਢਾਪੇ ਦੇ ਦਿਨਾਂ ਵਿਚ। ਉਸ ਸਮੇਂ ਅਸੀਂ ਆਪਣੀ ਪਤਨੀ ਅਤੇ ਬੱਚਿਆਂ ਨਾਲ ਰਲ ਜਾਂਦੇ ਹਾਂ ਅਤੇ ਮਾਂ ਨੂੰ ਬੇਸਹਾਰਾ ਛੱਡ ਦਿੰਦੇ ਹਾਂ।

ਬੁਢਾਪਾ ਬਹੁਤ ਬੁਰਾ ਹੈ। ਇਹ ਉਹ ਸਮਾਂ ਹੁੰਦਾ ਹੈ, ਜਦੋਂ ਮਾਂ ਨੂੰ ਸਭ ਤੋਂ ਵੱਧ ਪਿਆਰ ਦੀ ਲੋੜ ਹੁੰਦੀ ਹੈ ਅਤੇ ਅਸੀਂ ਉਸ ਨਾਲ ਦੁਰਵਿਵਹਾਰ ਕਰਦੇ ਹਾਂ। ਇਹ ਸਮਾਂ ਕਿਸੇ ਵੀ ਮਾਂ ਲਈ ਬਹੁਤ ਦੁਖਦਾਈ ਹੁੰਦਾ ਹੈ। ਉਹ ਸਭ ਕੁਝ ਲੁੱਟ ਕੇ ਆਪਣੇ ਬੱਚਿਆਂ ਨੂੰ ਵੱਡਾ ਕਰਦੀ ਹੈ ਅਤੇ ਇਹ ਬੱਚਾ ਵੱਡਾ ਹੋ ਕੇ ਸਭ ਤੋਂ ਪਹਿਲਾਂ ਆਪਣੀ ਮਾਂ ਨੂੰ ਅਲੱਗ ਕਰਦਾ ਹੈ। ਇਹ ਭਾਰਤ ਦੇ ਜ਼ਿਆਦਾਤਰ ਘਰਾਂ ਦੀ ਕਹਾਣੀ ਹੈ, ਜਿਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਹੈਰਾਨੀ ਦੀ ਗੱਲ ਹੈ ਕਿ ਅੱਜ ਦੀ ਪੜ੍ਹੀ-ਲਿਖੀ ਨੌਜਵਾਨ ਪੀੜ੍ਹੀ ਆਪਣੇ ਬਜ਼ੁਰਗ ਮਾਪਿਆਂ ਦਾ ਸਤਿਕਾਰ ਨਹੀਂ ਕਰਦੀ। ਬੁੱਢੇ ਹੋਣ ਤੋਂ ਬਾਅਦ ਬੱਚੇ ਆਪਣੇ ਬੱਚਿਆਂ ਨੂੰ ਬਹੁਤ ਪਿਆਰ ਕਰਦੇ ਹਨ, ਪਰ ਬੁੱਢੇ ਮਾਪੇ ਉਮੀਦ ਮਹਿਸੂਸ ਕਰਦੇ ਹਨ.

ਮਾਂ ਨੂੰ ਦੇਵੀ ਦਾ ਸਤਿਕਾਰ ਦੇਣਾ ਅਜੋਕੇ ਦੌਰ ਦੀ ਸਭ ਤੋਂ ਵੱਡੀ ਲੋੜ ਹੈ। ਮਾਂ ਜੀਵਨ ਹੈ, ਮਾਂ ਸ਼ਕਤੀ ਹੈ, ਮਾਂ ਊਰਜਾ ਹੈ, ਮਾਂ ਪਿਆਰ, ਰਹਿਮ ਅਤੇ ਸਨੇਹ ਦਾ ਸਮਾਨਾਰਥੀ ਹੈ। ਮਾਂ ਕੇਵਲ ਜਨਮ ਦੇਣ ਵਾਲੀ ਹੀ ਨਹੀਂ, ਸਗੋਂ ਜੀਵਨ ਦੇਣ ਵਾਲੀ ਵੀ ਹੈ। ਧਰਤੀ ਮਾਂ ਜੀਵਨ ਦੇ ਵਿਕਾਸ ਦਾ ਆਧਾਰ ਹੈ। ਇਹ ਮਾਂ ਹੀ ਹੈ, ਜਿਸ ਨੇ ਇਸ ਸੰਸਾਰ ਦੇ ਤਾਣੇ ਨੂੰ ਆਪਣੇ ਹੱਥਾਂ ਨਾਲ ਬੁਣਿਆ ਹੈ। ਸੱਭਿਅਤਾ ਦੇ ਵਿਕਾਸ ਦੇ ਦੌਰਾਨ, ਆਦਿ ਕਾਲ ਤੋਂ ਲੈ ਕੇ ਆਧੁਨਿਕ ਕਾਲ ਤੱਕ, ਮਨੁੱਖ ਦੀ ਸ਼ਕਲ, ਕਿਸਮ, ਜੀਵਨ ਸ਼ੈਲੀ, ਸੋਚ ਅਤੇ ਦਿਮਾਗ ਵਿਚ ਨਿਰੰਤਰ ਤਬਦੀਲੀਆਂ ਹੁੰਦੀਆਂ ਰਹੀਆਂ। ਪਰ ਮਾਂ ਦਾ ਅਹਿਸਾਸ ਨਹੀਂ ਬਦਲਿਆ। ਉਸ ਆਦਿਮ ਯੁੱਗ ਵਿਚ ਵੀ ਮਾਂ ਹੀ ਮਾਂ ਸੀ। ਫਿਰ ਵੀ ਉਹ ਆਪਣੇ ਬੱਚਿਆਂ ਨੂੰ ਜਨਮ ਦਿੰਦੀ ਸੀ ਅਤੇ ਉਨ੍ਹਾਂ ਦਾ ਪਾਲਣ ਪੋਸ਼ਣ ਕਰਦੀ ਸੀ। ਉਨ੍ਹਾਂ ਨੂੰ ਆਪਣੀ ਹੋਂਦ ਦੀ ਰਾਖੀ ਕਰਨ ਦਾ ਉਪਦੇਸ਼ ਦਿੰਦੇ ਸਨ। ਅੱਜ ਦੇ ਆਧੁਨਿਕ ਯੁੱਗ ਵਿਚ ਵੀ ਮਾਂ ਹੀ ਹੁੰਦੀ ਹੈ। ਮਾਂ ਨਹੀਂ ਬਦਲੀ। ਵਿਕਟਰ ਹਿਊਗੋ ਨੇ ਮਾਂ ਦੀ ਮਹਿਮਾ ਨੂੰ ਇਨ੍ਹਾਂ ਸ਼ਬਦਾਂ ਵਿਚ ਬਿਆਨ ਕੀਤਾ ਹੈ ਕਿ ਮਾਂ ਦੀ ਗੋਦ ਨਰਮ ਰਹਿੰਦੀ ਹੈ ਅਤੇ ਬੱਚੇ ਉਸ ਵਿਚ ਆਰਾਮ ਨਾਲ ਸੌਂਦੇ ਹਨ।

ਤੇਰੀ ਝੋਲੀ ਵਿਚ ਇਹ ਅਹਿਸਾਸ ਕਿਵੇਂ ਛੁਪਿਆ ਹੋਇਆ ਹੈ!

ਮੈਂ ਆਰਾਮ ਨਾਲ ਸੌਂਦਾ ਹਾਂ ਮਾਂ, ਜਦੋਂ ਤੁਸੀਂ ਨੇੜੇ ਹੁੰਦੇ ਹੋ !!

ਮਾਂ, ਤੇਰੇ ਇਸ ਪਿਆਰ ਨੂੰ ਮੈਂ ਕਿਹੜਾ ਨਾਮ ਦੇਵਾਂ!

ਤੇਰੀ ਗੋਦ ਵਿਚ ਮਿਲਿਆ, ਮੈਂ ਚਾਰੇ ਥਾਂਵਾਂ ਦਾ ਦੌਰਾ ਕੀਤਾ !!

ਮਾਂ ਨੂੰ ਧਰਤੀ ’ਤੇ ਸਿਰਜਣਹਾਰ ਦੀ ਪ੍ਰਤੀਨਿਧੀ ਕਿਹਾ ਜਾਵੇ, ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਸੱਚ ਤਾਂ ਇਹ ਹੈ ਕਿ ਮਾਂ ਕਿਸੇ ਸਿਰਜਣਹਾਰ ਤੋਂ ਘੱਟ ਨਹੀਂ ਹੈ। ਕਿਉਂਕਿ ਮਾਂ ਨੇ ਇਸ ਸੰਸਾਰ ਨੂੰ ਬਣਾਇਆ ਹੈ ਅਤੇ ਪਾਲਿਆ ਹੈ। ਪ੍ਰਮਾਤਮਾ ਹਰ ਕਣ-ਕਣ ਵਿਚ ਵਿਆਪਕ ਹੈ, ਚਾਹੇ ਕੋਈ ਉਸ ਨੂੰ ਵੇਖੇ ਜਾਂ ਨਾ ਵੇਖੇ, ਮਾਂ ਸਭ ਨੂੰ ਹਰ ਥਾਂ ਦਿਖਾਈ ਦਿੰਦੀ ਹੈ। ਕਿਤੇ ਉਹ ਅੰਡੇ ਦਿੰਦੀ ਹੈ, ਅਤੇ ਕਿਤੇ ਉਹ ਆਪਣੇ ਵੱਛੇ, ਬੱਚੇ ਨੂੰ ਸੰਭਾਲਦੀ ਦਿਖਾਈ ਦਿੰਦੀ ਹੈ। ਮਾਂ ਮਾਂ ਦੀ ਭਾਵਨਾ ਹੈ, ਪਿਆਰ-ਮੁਹੱਬਤ ਦੀ, ਕੁਰਬਾਨੀ ਦੀ ਅਤੇ ਇਹੀ ਭਾਵਨਾ ਉਸ ਨੂੰ ਸਿਰਜਣਹਾਰ ਬਣਾਉਂਦੀ ਹੈ।

ਮਾਂ ਉਹ ਸਿਰਜਣਹਾਰ ਹੈ, ਜੋ ਇਸ ਸੰਸਾਰ ਨੂੰ ਦੁਬਾਰਾ ਆਪਣੇ ਤਰੀਕੇ ਨਾਲ ਸਿਰਜਦੀ ਹੈ। ਮਾਂ ਸੁਪਨੇ ਬੁਣਦੀ ਹੈ ਅਤੇ ਇਹ ਸੰਸਾਰ ਆਪਣੇ ਸੁਪਨਿਆਂ ਨੂੰ ਸਹਾਰਦਾ ਰਹਿੰਦਾ ਹੈ। ਮਾਂ ਜੀਉਣਾ ਸਿਖਾਉਂਦੀ ਹੈ। ਪਹਿਲੀ ਚੀਕ ਤੋਂ ਲੈ ਕੇ ਆਖਰੀ ਸਾਹ ਤੱਕ ਮਾਂ ਆਪਣੇ ਬੱਚੇ ਦਾ ਸਾਥ ਨਹੀਂ ਛੱਡਦੀ। ਮਾਂ ਨੇੜੇ ਹੋਵੇ ਜਾਂ ਨਾ ਹੋਵੇ, ਮਾਂ ਦਾ ਪਿਆਰ ਤੇ ਲਾਡ, ਮਾਂ ਵੱਲੋਂ ਦਿੱਤੀਆਂ ਕਦਰਾਂ-ਕੀਮਤਾਂ ਜ਼ਿੰਦਗੀ ਭਰ ਸਾਡੇ ਨਾਲ ਰਹਿੰਦੀਆਂ ਹਨ। ਇਹ ਮਾਂ ਹੀ ਹੁੰਦੀ ਹੈ, ਜੋ ਆਪਣੇ ਬੱਚਿਆਂ ਦੇ ਭਵਿੱਖ ਦਾ ਨਿਰਮਾਣ ਕਰਦੀ ਹੈ। ਇਸੇ ਲਈ ਮਾਂ ਨੂੰ ਪਹਿਲੀ ਗੁਰੂ ਕਿਹਾ ਗਿਆ ਹੈ। ਸਟੀਵੀ ਵੰਡਰ ਨੇ ਠੀਕ ਹੀ ਕਿਹਾ ਹੈ ਕਿ ਮੇਰੀ ਮਾਂ ਮੇਰੀ ਸਭ ਤੋਂ ਮਹਾਨ ਅਧਿਆਪਕ, ਹਮਦਰਦੀ, ਪਿਆਰ, ਨਿਡਰਤਾ ਦੀ ਅਧਿਆਪਕ ਸੀ। ਜੇ ਪਿਆਰ ਫੁੱਲ ਵਰਗਾ ਮਿੱਠਾ ਹੈ, ਤਾਂ ਮੇਰੀ ਮਾਂ ਪਿਆਰ ਦਾ ਸਭ ਤੋਂ ਮਿੱਠਾ ਫੁੱਲ ਹੈ।

ਹੁਣ ਸਾਡੀ ਵਾਰੀ ਹੈ ਕਿ ਅਸੀਂ ਆਪਣੀ ਮਾਂ ਨੂੰ ਸਤਿਕਾਰ ਅਤੇ ਪਿਆਰ ਦੇਈਏ, ਤਾਂ ਜੋ ਉਹ ਆਪਣੀ ਬਾਕੀ ਦੀ ਜ਼ਿੰਦਗੀ ਖੁਸ਼ੀ ਨਾਲ ਬਤੀਤ ਕਰ ਸਕੇ।

# ਪੰਜਵੀਂ ਪਾਤਸ਼ਾਹੀ ਦੀ ਸ਼ਹੀਦੀ ਤੇ ਇਤਿਹਾਸਕ ਸਥਾਨ



ਡਾ. ਮਨਜੀਤ ਸਿੰਘ ਬੱਲ
98728-43491
(Punjab Mail USA)



ਗੋਇੰਦਵਾਲ ਵਿਚ ਜਨਮੇ ਸ੍ਰੀ ਗੁਰੂ ਅਰਜਨ ਦੇਵ ਜੀ, ਭਾਈ ਜੇਠਾ (ਸ੍ਰੀ ਗੁਰੂ ਰਾਮਦਾਸ ਜੀ) ਤੇ ਮਾਤਾ ਭਾਨੀ ਦੇ ਸਭ ਤੋਂ ਛੋਟੇ ਪੁੱਤਰ ਸਨ, ਉਨ੍ਹਾਂ ਨੂੰ ਸ਼ਹੀਦਾਂ ਦੇ ਸਿਰਤਾਜ ਕਿਹਾ ਜਾਂਦਾ ਹੈ। ਲਾਹੌਰ ਵਿਚ ਗੁਰਦੁਆਰਾ ਡੇਹਰਾ ਸਾਹਿਬ ਉਹ ਜਗ੍ਹਾ ਹੈ, ਜਿੱਥੇ ਉਨ੍ਹਾਂ ਨੂੰ ਰਾਵੀ ਦਰਿਆ ਦੇ ਕੰਢੇ, ਸ਼ਾਹੀ ਕਿਲ੍ਹੇ ਦੀ ਦੀਵਾਰ ਦੇ ਕੋਲ, ਕਈ ਤਰ੍ਹਾਂ ਦੇ ਤਸੀਹੇ ਦੇ ਕੇ, ਤੱਤੀਆਂ ਲੋਹਾਂ 'ਤੇ ਬਿਠਾ ਕੇ ਸ਼ਹੀਦ ਕੀਤਾ ਗਿਆ ਸੀ। ਜਦ 1605 ਵਿਚ ਮੁਗ਼ਲ ਬਾਦਸ਼ਾਹ ਅਕਬਰ ਦੀ ਮੌਤ ਤੋਂ ਬਾਅਦ ਉਹਦਾ ਪੁੱਤਰ ਜਹਾਂਗੀਰ ਗੱਦੀ ਨਸ਼ੀਨ ਹੋਇਆ, ਤਾਂ ਉਹਨੂੰ ਸਿੱਖ ਪੰਥ ਦੀ ਚੜ੍ਹਦੀ ਕਲਾ ਪਚਦੀ ਨਹੀਂ ਸੀ। ਉਹ ਗੁਰੂ ਜੀ ਨਾਲ ਬੇਹੱਦ ਈਰਖ਼ਾ ਕਰਦਾ ਸੀ ਕਿ 'ਮੇਰੇ ਰਾਜ ਵਿਚ ਇਹ ਕਿਹੜਾ 'ਗੁਰੂ' ਆ ਗਿਆ, ਜਿਹਨੂੰ ਹਿੰਦੂ ਤੇ ਮੁਸਲਮਾਨ ਦੋਵੇਂ ਮੰਨਣ ਲੱਗ ਪਏ ਹਨ, ਉਹ ਫੈਸਲੇ ਵੀ ਕਰਵਾਉਂਦਾ ਹੈ ਤੇ ਉਹਨੇ ਇਕ ਨਵਾਂ ਗ੍ਰੰਥ ਵੀ ਤਿਆਰ ਕਰ ਲਿਆ ਹੈ'। ਜਹਾਂਗੀਰ, ਇਸ ਸਭ ਉਸ ਨੂੰ ਇਸਲਾਮ ਦੇ ਵਿਰੁੱਧ ਸਮਝਦਾ ਸੀ। ਗੁਰੂ ਜੀ ਨੂੰ ਸ਼ਹੀਦ ਕਰਨ ਦੇ ਕਈ ਹੋਰ ਕਾਰਨ ਸਨ-ਜਿਵੇਂ ਜਹਾਂਗੀਰ ਦੇ ਸਰਕਾਰ ਵਿਚ ਸਲਾਹਕਾਰ, ਚੰਦੂ ਬ੍ਰਾਹਮਣ ਦੀ ਲੜਕੀ ਦਾ ਗੁਰੂ ਜੀ ਦੇ ਪੁੱਤਰ ਹਰਿ ਗੋਬਿੰਦ (ਛੇਵੇਂ ਗੁਰੂ) ਵਾਸਤੇ ਰਿਸ਼ਤਾ ਲੈਣ ਤੋਂ ਇਨਕਾਰ, ਗੁਰੂ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਦਾ ਜਹਾਂਗੀਰ ਨਾਲ ਮਿਲ ਜਾਣਾ ਤੇ ਜਹਾਂਗੀਰ ਦੇ ਬਾਗੀ ਪੁੱਤਰ ਖੁਸਰੋ ਦੀ ਗੁਰੂ ਸਾਹਿਬ ਨਾਲ ਨੇੜਤਾ। ਇਨ੍ਹਾਂ ਸਾਰੇ ਕਾਰਣਾਂ ਕਰਕੇ ਮੁੱਲਾਂ, ਪੰਡਿਤਾਂ, ਕਾਜ਼ੀਆਂ ਨੇ ਇਕੱਠੇ ਹੋ ਕੇ ਜਹਾਂਗੀਰ ਨੂੰ ਉਕਸਾਇਆ ਤੇ ਸੰਨ 1606 ਵਿਚ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਦੇ ਸ਼ਾਹੀ ਕਿਲ੍ਹੇ ਦੇ ਅੰਦਰ ਕੈਦ ਕਰ ਲਿਆ। ਕੁਝ ਸਮੇਂ ਬਾਅਦ ਹੀ, ਅੱਗ ਵਾਂਗ ਤਪਦੇ ਜੇਠ ਦੇ ਮਹੀਨੇ ਵਿਚ, 30 ਮਈ 1606 ਨੂੰ ਗੁਰੂ ਜੀ ਨੂੰ ਤੱਤੀਆਂ ਲੋਹਾਂ 'ਤੇ ਬਿਠਾ ਕੇ, ਸਿਰ ਵਿਚ ਤਪਦੀ ਰੇਤ ਪਾ ਕੇ ਤਸੀਹੇ ਸ਼ਹੀਦ ਕਰ ਦਿੱਤਾ ਗਿਆ। ਉਸ ਸਮੇਂ ਰਾਵੀ ਦਰਿਆ ਕਿਲ੍ਹੇ ਦੀ ਕੰਧ ਨਾਲ ਖਹਿ ਕੇ ਲੰਘਦਾ ਸੀ। ਇੰਨਾਂ ਸਮਾਂ ਬੀਤ ਜਾਣ 'ਤੇ ਹੁਣ ਰਾਵੀ ਦਰਿਆ ਕਿਲ੍ਹੇ ਤੋਂ 5-6 ਕਿਲੋਮੀਟਰ ਹਟਵਾਂ ਹੋ ਗਿਆ ਹੈ। ਸ਼ਹੀਦੀ ਵਾਲੀ ਇਸ ਜਗ੍ਹਾ 'ਤੇ, ਛੇਵੀਂ ਪਾਤਸ਼ਾਹੀ, ਸ੍ਰੀ ਗੁਰੂ ਹਰਿਗੋਬਿੰਦ ਜੀ (ਗੁਰੂ ਅਰਜਨ ਦੇਵ ਜੀ ਦੇ ਪੁੱਤਰ) ਨੇ 1619 ਵਿਚ ਇਕ ਯਾਦਗਾਰ ਤਾਂ ਬਣਾ ਦਿੱਤੀ ਸੀ ਪਰ ਇਸ ਦੀ ਮੁੱਖ ਇਮਾਰਤ ਤੇ ਗੁੰਬਦ ਦਾ ਕੰਮ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਹੋਇਆ ਸੀ, ਜੋ ਦੇਸ਼ ਦੀ ਵੰਡ ਵਾਲੇ ਹੱਲਿਆਂ (1947) ਤੱਕ ਚੱਲਦਾ ਰਿਹਾ। ਸੋ ਗੁਰਦੁਆਰਾ ਡੇਹਰਾ ਸਾਹਿਬ ਉਹ ਜਗ੍ਹਾ ਹੈ, ਜਿੱਥੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਸੀ। ਇਸੇ ਸਥਾਨ 'ਤੇ ਗੁਰਦੁਆਰਾ ਸਾਹਿਬ ਦੇ ਕੈਂਪਸ ਵਿਚ ਹੀ ਮਹਾਰਾਜਾ ਰਣਜੀਤ ਸਿੰਘ, ਮਹਾਰਾਣੀ ਜਿੰਦ ਕੌਰ (ਉਨ੍ਹਾਂ ਦੀ ਪਤਨੀ ਤੇ ਦਲੀਪ ਸਿੰਘ ਦੀ ਮਾਤਾ), ਬਾਬਾ ਖੜਕ ਸਿੰਘ (ਮਹਾਰਾਜਾ ਰਣਜੀਤ ਸਿੰਘ ਦੇ ਵੱਡੇ ਪੁੱਤਰ) ਅਤੇ ਕੰਵਰ ਨੌਨਿਹਾਲ ਸਿੰਘ (ਖੜਕ ਸਿੰਘ ਦੇ ਇਕਲੌਤੇ ਪੁੱਤਰ) ਦੀਆਂ ਸਮਾਧਾਂ ਹਨ। ਲਾਹੌਰ ਦੇ ਆਮ ਲੋਕ ਇਸ ਨੂੰ "ਰਣਜੀਤ ਸਿੰਘ ਦੀ ਮੜ੍ਹੀ" ਕਹਿੰਦੇ ਹਨ, ਜੋ ਸਤਿਕਾਰਤ ਨਹੀਂ ਲੱਗਦਾ।


ਗੁਰਦੁਆਰਾ ਡੇਹਰਾ ਸਾਹਿਬ ਤੇ ਸ਼ਾਹੀ ਕਿਲ੍ਹਾ, ਨਾਲ-ਨਾਲ ਹੀ ਹਨ। ਦੋਹਵਾਂ ਦਰਮਿਆਨ ਇਕ ਸੜਕ ਹੀ ਹੈ। ਸ਼ਾਹੀ ਕਿਲ੍ਹੇ ਦੀ ਇਮਾਰਤਸਾਜ਼ੀ ਵਾਲਾ ਮੂਲ ਢਾਂਚਾ ਅਕਬਰ ਨੇ, 1575 ਵਿਚ ਰਾਵੀ ਦਰਿਆ ਦੇ ਕੰਢੇ 'ਤੇ ਬਣਵਾਇਆ ਸੀ। ਅਕਬਰੀ ਗੇਟ 1566 ਵਿਚ, ਮਕਤਬ ਖ਼ਾਨਾ (ਦੌਲਤ ਖ਼ਾਨਾ ਏ ਜਹਾਂਗੀਰ) ਜਹਾਂਗੀਰ ਨੇ 1617 ਵਿਚ ਤੇ ਆਲਮਗੀਰੀ ਗੇਟ 1674 ਵਿਚ ਔਰੰਗਜ਼ੇਬ ਨੇ ਬਣਵਾਇਆ ਸੀ। ਗੁਰਦੁਆਰੇ ਦੇ ਪਿਛਲੇ ਪਾਸੇ ਬਾਦਸ਼ਾਹੀ ਮਸਜਿਦ ਹੈ ਤੇ ਉੱਤਰ-ਪੂਰਬ ਦੀ ਦਿਸ਼ਾ ਵੱਲ ਗ੍ਰੇਟਰ ਇਕਬਾਲ ਪਾਰਕ ਦੇ ਕੇਂਦਰ ਵਿਚ ਸਥਿਤ ਹੈ ਮੀਨਾਰੇ ਪਾਕਿਸਤਾਨ, ਜਿੱਥੇ 23 ਮਾਰਚ 1940 ਨੂੰ ਆਲ ਇੰਡੀਆ ਮੁਸਲਿਮ ਲੀਗ ਨੇ ਲਾਹੌਰ ਰੈਜ਼ੋਲਿਊਸ਼ਨ ਪਾਸ ਕੀਤਾ ਸੀ। ਇਸ ਨੂੰ ਹੁਣ 'ਪਾਕਿਸਤਾਨ ਰੈਜ਼ੋਲਿਊਸ਼ਨ' ਕਿਹਾ ਜਾਂਦਾ ਹੈ, ਜਿਹਦੇ ਮੁਤਾਬਕ ਧਰਮ ਦੇ ਆਧਾਰ 'ਤੇ ਵੱਖਰਾ ਮੁਲਕ (ਪਾਕਿਸਤਾਨ) ਬਣਾਉਣ ਦਾ ਅਹਿਦ ਲਿਆ ਗਿਆ ਸੀ। ਮੀਨਾਰੇ ਪਾਕਿਸਤਾਨ 1960 ਤੋਂ 1968 ਦੇ ਦੌਰਾਨ ਤਾਮੀਰ ਕੀਤੀ ਗਈ ਸੀ। ਗੁਰਦੁਆਰਾ ਡੇਹਰਾ ਸਾਹਿਬ ਦੇ ਅੰਦਰੋਂ ਤੇ ਉਪਰ ਸਮਾਧਾਂ ਤੋਂ ਇਸ, 70 ਮੀਟਰ ਉਚਾਈ ਵਾਲੀ ਮੀਨਾਰ ਦਾ ਨਜ਼ਾਰਾ, ਨਜ਼ਰੀਂ ਪੈਂਦਾ ਹੈ।

ਪੰਜਾਬੀ ਤੇ ਸਿੱਖ, ਕੁੱਲ ਦੁਨੀਆਂ ਵਿਚ ਫੈਲੇ ਹੋਏ ਹਨ। ਜਿੱਥੇ ਸਿੱਖ ਹਨ, ਉਥੇ ਗੁਰਦੁਆਰੇ ਵੀ ਹਨ। ਇਹ ਦੁੱਖ ਦੀ ਗੱਲ ਹੈ ਕਿ ਅਜੋਕੇ ਸਮੇਂ ਵਿਚ ਗੁਰਦੁਆਰਿਆਂ ਦੇ ਦਰਸ਼ਨਾਂ ਵਾਸਤੇ ਜਾਂਦੀ ਸੰਗਤ ਦਾ ਇਕ ਵੱਡਾ ਹਿੱਸਾ, ਇਹ ਜਾਣਨ ਦੀ ਕੋਸ਼ਿਸ਼ ਨਹੀਂ ਕਰਦਾ ਕਿ ਇਸ ਜਗ੍ਹਾ/ਗੁਰਦੁਆਰੇ ਦਾ ਕੀ ਇਤਿਹਾਸ ਹੈ, ਇਸ ਦੀ ਕੀ ਮਹੱਤਤਾ ਹੈ। ਗੁਰਦੁਆਰਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ, ਦੇਗ (ਪ੍ਰਸ਼ਾਦਿ) ਹੁੰਦੀ ਹੈ, ਕੀਰਤਨ ਤੇ ਗੁਰੂ ਕੇ ਲੰਗਰ ਹੁੰਦੇ ਹਨ। ਸਮਰੱਥਾ ਅਨੁਸਾਰ ਸ਼ਰਧਾਲੂ ਪੈਸੇ ਚੜ੍ਹਾ ਕੇ ਮੱਥਾ ਟੇਕਦੇ ਹਨ ਤੇ ਕੀਰਤਨ ਭੇਟ ਪੈਸੇ ਦੇਂਦੇ ਹਨ, ਪ੍ਰਸ਼ਾਦਿ ਲੈਂਦੇ ਹਨ ਤੇ ਲੰਗਰ ਵੱਲ ਧਿਆਨ ਕਰਦੇ ਹਨ। ਕਈ ਲੋਕ ਤਾਂ ਘਰੋਂ ਹੀ ਇਹ ਸੋਚਕੇ ਆਉਂਦੇ ਹਨ ਕਿ ਅੱਜ ਲੰਗਰ ਹੀ ਛਕਣ ਜਾਣਾ ਹੈ।

ਜਦ ਅਸੀਂ ਗੁਰਧਾਮਾਂ ਦੇ ਦਰਸ਼ਨਾਂ ਲਈ ਪਾਕਿਸਤਾਨ ਦਾ ਵੀਜ਼ਾ ਲੈ ਕੇ ਜਾਂਦੇ ਹਾਂ, ਤਾਂ ਇਸ ਖ਼ਾਸ ਮਕਸਦ ਵਾਸਤੇ ਵਕਤ ਅਤੇ ਪੈਸਾ ਖ਼ਰਚ ਕੇ ਘਰ-ਬਾਰ ਛੱਡ ਕੇ, ਗੁਰਦੁਆਰਿਆਂ ਦੇ ਦਰਸ਼ਨਾਂ ਵਾਸਤੇ ਜਾਂਦੇ ਹਾਂ। ਪਰ ਵਧੇਰੇ ਲੋਕ ਉਨ੍ਹਾਂ ਗੁਰਦੁਆਰਿਆਂ ਦੇ ਇਤਿਹਾਸ ਬਾਰੇ ਬਿਲਕੁਲ ਅਣਜਾਣ ਹੁੰਦੇ ਹਨ, ਤੇ ਜਾਨਣ ਦੀ ਕੋਸ਼ਿਸ਼ ਵੀ ਨਹੀਂ ਕਰਦੇ ਹਨ। ਜਥੇ ਨਾਲ ਵਿਚਰਦਿਆਂ ਅਸੀਂ ਇਹ ਵੇਖਿਐ ਕਿ ਕਈ ਲੋਕ ਬੜੇ ਟੌਹਰ ਨਾਲ ਦੱਸ ਰਹੇ ਸਨ ਕਿ ਅਸੀਂ ਹਰ ਸਾਲ ਜਾਂ ਦੋ ਸਾਲਾਂ ਵਿਚ ਇਕ ਵਾਰ ਜਥੇ ਨਾਲ ਆਉਂਦੇ ਹੀ ਰਹਿੰਦੇ ਹਾਂ। ਪਰ ਉਨ੍ਹਾਂ ਇਹ ਨਹੀਂ ਸੀ ਪਤਾ ਕਿ ਇਸ ਗੁਰਦੁਆਰੇ ਦੀ ਮਹੱਤਤਾ ਕੀ ਹੈ। ਬੱਸ ਮੱਥਾ ਟੇਕਣਾ, ਲੰਗਰ ਛਕਣੇ ਤੇ ਤੋਰਾ-ਫੇਰਾ। ਉਂਜ ਕਈ ਅਨਪੜ੍ਹ ਵੀ ਚੇਤੰਨ ਹੋਣ ਕਰਕੇ ਕਾਫੀ ਜਾਣਕਾਰੀ ਰੱਖਦੇ ਹਨ, ਜਦਕਿ ਬਹੁਤ ਸਾਰੇ ਪੜ੍ਹੇ-ਲਿਖੇ ਸ਼ਰਧਾਲੂ ਇਨ੍ਹਾਂ ਸਥਾਨਾਂ ਸਬੰਧੀ ਗਿਆਨ ਤੋਂ ਵਿਹੂਣੇ ਹੁੰਦੇ ਹਨ।

ਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਦਿਹਾੜੇ ਵਾਲੇ ਦਿਨ ਛਬੀਲਾਂ ਲਗਾਉਣ ਦੇ ਇਤਿਹਾਸ ਨੂੰ ਖੋਜਿਆ ਜਾਵੇ, ਤਾਂ ਪਤਾ ਲਗਦਾ ਹੈ ਕਿ ਬਿਪਰਨ ਕੀ ਰੀਤ ਅਨੁਸਾਰ ਇਸ ਨੂੰ ਚੰਦੂ ਬ੍ਰਾਹਮਣ ਦੀ ਨੂੰਹ ਨਾਲ ਜੋੜਿਆ ਗਿਆ ਹੈ, ਕਿ ਜਦ ਗੁਰੂ ਜੀ ਨੂੰ ਤਸੀਹੇ ਦਿੱਤੇ ਜਾ ਰਹੇ ਸਨ, ਤਾਂ ਉਹ (ਚੰਦੂ ਦੀ ਨੂੰਹ), ਗੁਰੂ ਜੀ ਵਾਸਤੇ ਸ਼ਰਬਤ ਲੈ ਕੇ ਆਈ ਸੀ। ਮੁਗ਼ਲ ਰਾਜ 'ਚ ਸਖ਼ਤ ਪਹਿਰਿਆਂ ਵਿਚ ਕੋਈ ਹਿੰਦੂ ਔਰਤ ਕਿਵੇਂ ਗੁਰੂ ਜੀ ਤੱਕ ਪਹੁੰਚ ਸਕਦੀ ਸੀ? ਗੂਗਲ 'ਤੇ ਅਣਗਿਣਤ ਵਾਰ ਸ਼ੇਅਰ ਕਰਕੇ ਇਸ ਗ਼ਲਤ ਬਿਆਨੀ ਨੂੰ, ਇਸ ਝੂਠ ਨੂੰ ਸੱਚ ਬਣਾ ਦਿੱਤਾ ਗਿਆ ਹੈ। ਸੋ ਹੁਣ ਇਹ ਝੂਠ, ਗੂਗਲ 'ਤੇ ਵੀ ਉਪਲਭਦ ਹੈ। ਛਬੀਲਾਂ ਤਾਂ ਗੁਰੂ ਸਾਹਿਬ ਦੀ ਸ਼ਹੀਦੀ ਤੋਂ ਪਹਿਲਾਂ ਤੋਂ ਲੱਗਦੀਆਂ ਆ ਰਹੀਆਂ ਹਨ। ਜਦ ਜੇਠ-ਹਾੜ ਦੇ ਮਹੀਨਿਆਂ ਵਿਚ ਸੰਗਤਾਂ ਅਫ਼ਗਾਨਿਸਤਾਨ ਤੇ ਹੋਰ ਦੂਰ-ਦੁਰੇਡੇ ਥਾਵਾਂ ਤੋਂ ਘੋੜਿਆਂ, ਊਠਾਂ 'ਤੇ ਸਵਾਰ ਹੋ ਕੇ ਜਾਂ ਪੈਦਲ ਪੁੱਜਦੀਆਂ ਸਨ, ਤਾਂ ਗੁੜ ਦਾ ਸ਼ਰਬਤ ਬਣਾ ਕੇ ਪਿਆਇਆ ਜਾਂਦਾ ਸੀ। ਇਸ ਦਿਹਾੜੇ ਨੂੰ ਪਾਣੀ ਦੇ ਪਿਆਓ ਦੇ ਨਾਲ-ਨਾਲ ਸ਼ਬਦ ਗੁਰੂ ਪ੍ਰਚਾਰ ਵਜੋਂ ਮਨਾਉਣਾ ਚਾਹੀਦਾ ਹੈ। ਇਸ ਦਿਨ ਗੁਰਮਤਿ-ਸਾਹਿਤ ਦੀ ਛਬੀਲ ਵੀ ਲਗਾਉਣੀ ਚਾਹੀਦੀ ਹੈ। ਲੋੜਵੰਦ ਬੱਚਿਆਂ ਨੂੰ ਕਾਪੀਆਂ, ਕਿਤਾਬਾਂ, ਪੈਨ, ਪੈਨਸਿਲਾਂ, ਗੁਟਕੇ ਅਦਿ ਵੰਡਣੇ ਚਾਹੀਦੇ ਹਨ। ਮਹਿੰਗੇ ਸ਼ਰਬਤਾਂ ਦੀਆਂ ਛਬੀਲਾਂ ਲਗਾ ਕੇ ਸਰਮਾਇਆ ਨਹੀਂ ਲੁਟਾਉਣਾ ਚਾਹੀਦਾ। ਸਾਦੇ ਤੇ ਠੰਢੇ ਪਾਣੀ ਦੇ 'ਨਾਨਕ ਪਿਆਓ' (ਛਬੀਲਾਂ) ਸਥਾਪਤ ਕਰਨੇ ਚਾਹੀਦੇ ਹਨ ਤੇ ਉਨ੍ਹਾਂ ਥਾਵਾਂ 'ਤੇ ਗੁਰਮਤਿ ਸਾਹਿਤ ਜ਼ਰੂਰ ਵੰਡਿਆ ਜਾਣਾ ਚਾਹੀਦਾ ਹੈ।

# ਪੰਜਾਬ: ਬੜ੍ਹਕ ਨਾ ਮੜ੍ਹਕ : ਪੰਜਾਬ ਦੀ ਤ੍ਰਾਸਦੀ ਦੀ ਰੜਕ







-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਕਮਲਜੀਤ ਸਿੰਘ ਬਨਵੈਤ ਦੀ ਪੁਸਤਕ 'ਪੰਜਾਬ:ਬੜ੍ਹਕ ਨਾ ਮੜ੍ਹਕ' ਦਬੰਗ ਤੇ ਦਲੇਰ ਪੱਤਰਕਾਰੀ ਦਾ ਵਿਲੱਖਣ ਦਸਤਾਵੇਜ਼ ਹੈ। ਇਕ ਕਿਸਮ ਨਾਲ ਉਨ੍ਹਾਂ ਇਸ ਪੁਸਤਕ ਵਿਚਲੇ 44 ਲਘੂ ਲੇਖਾਂ ਵਿਚ ਵਰਤਮਾਨ ਪੰਜਾਬ ਦੀ ਤਸਵੀਰ ਖਿਚਕੇ ਪਾਠਕਾਂ ਨੂੰ ਜਾਗਰੂਕ ਕੀਤਾ ਹੈ। ਇਸ ਪੁਸਤਕ ਦੇ ਸਾਰੇ ਲੇਖਾਂ ਦੇ ਵਿਸ਼ਿਆਂ ਅਨੁਸਾਰ ਢੁਕਵਾਂ ਨਾਮ ਹੈ। ਭਾਵ ਪੰਜਾਬ ਸਰਕਾਰਾਂ ਦੀ ਬੇਰੁੱਖੀ ਕਰਕੇ ਆਰਥਿਕ ਤੌਰ 'ਤੇ ਖੋਖਲਾ ਹੋ ਗਿਆ ਹੈ। ਨਿਰਪੱਖ ਪੱਤਰਕਾਰੀ ਜ਼ੋਖ਼ਮ ਭਰਿਆ ਕਿੱਤਾ ਹੈ। ਕੋਈ ਵੀ ਸਿਆਸਤਦਾਨ, ਅਧਿਕਾਰੀ ਅਤੇ ਕਰਮਚਾਰੀ ਆਪਣੀ ਅਸਫਲਤਾ ਲੋਕਾਂ ਸਾਹਮਣੇ ਆਉਣ ਨਹੀਂ ਦੇਣਾ ਚਾਹੁੰਦਾ। ਲੇਖਕ ਨੇ ਅਖ਼ਬਾਰਾਂ ਲਈ ਲਿਖੇ ਆਪਣੇ ਲੇਖਾਂ ਦੀ ਇਹ ਪੁਸਤਕ ਪ੍ਰਕਾਸ਼ਤ ਕਰਕੇ ਪੰਜਾਬ ਵਿਚ ਵਾਪਰ ਰਹੀਆਂ ਘਟਨਾਵਾਂ ਨੂੰ ਪੁਸਤਕ ਰੂਪ ਦੇ ਕੇ ਆਪਣਾ ਮਨ ਹੌਲਾ ਕਰ ਲਿਆ ਹੈ, ਸੱਚੇ-ਸੁੱਚੇ ਲੇਖਕ ਜੇਕਰ ਲੋਕ ਹਿਤਾਂ 'ਤੇ ਪਹਿਰਾ ਨਾ ਦੇਣ, ਤਾਂ ਉਨ੍ਹਾਂ ਨੂੰ ਮਾਨਸਿਕ ਤਕਲੀਫ਼ ਝੱਲਣੀ ਪੈਂਦੀ ਹੈ। ਉਨ੍ਹਾਂ ਦੇ ਲੇਖ ਵੱਖ-ਵੱਖ ਸਮਿਆਂ ਵਿਚ ਵਾਪਰੀਆਂ ਘਟਨਾਵਾਂ ਅਤੇ ਚਲੰਤ ਮਸਲਿਆਂ ਬਾਰੇ ਹਨ। ਸਮੇਂ ਦੇ ਸੱਚ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਉਪਰਾਲਾ ਚੋਣਵੇਂ ਲੇਖਕ ਹੀ ਕਰਦੇ ਹਨ। ਕਮਲਜੀਤ ਸਿੰਘ ਬਨਵੈਤ ਦੀ ਇਕ ਹੋਰ ਖ਼ੂਬੀ ਹੈ, ਉਹ ਆਪਣੇ ਲੇਖਾਂ ਵਿਚ ਤੱਥਾਂ 'ਤੇ ਆਧਾਰਿਤ ਲਿਖਦਾ ਹੈ। ਤੱਥਾਂ ਦੇ ਸੋਮੇ ਵੀ ਉਹ ਨਾਲ ਲਿਖਦਾ ਹੈ, ਜਿਸ ਕਰਕੇ ਲੇਖਾਂ ਦੀ ਸਾਰਥਿਕਤਾ ਬਣ ਜਾਂਦੀ ਹੈ। ਪੰਜਾਬ ਵਿਚ ਬੰਦੀ ਸਿੰਘਾਂ ਵਾਲੇ ਲੇਖ ਵਿਚ ਲਗਪਗ ਸਾਰੇ ਉਨ੍ਹਾਂ ਬੰਦੀ ਸਿੰਘਾਂ ਬਾਰੇ ਸੰਖੇਪ ਵਿਚ ਪ੍ਰੰਤੂ ਸਹੀ ਜਾਣਕਾਰੀ ਦਿੱਤੀ ਹੈ। ਲੇਖਕ ਨੇ ਇਨ੍ਹਾਂ ਲੇਖਾਂ ਵਿਚ ਕੋਈ ਅਜਿਹਾ ਪੱਖ ਨਹੀਂ ਛੱਡਿਆ, ਜਿਸ ਦਾ ਪ੍ਰਭਾਵ ਪੰਜਾਬ ਦੀ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਹਾਲਤ ਨੂੰ ਪ੍ਰਭਾਵਤ ਕਰਦਾ ਹੋਵੇ। ਪੰਜਾਬ ਦੇ ਕੁਝ ਅਜਿਹੇ ਸਿਆਸੀ ਪਰਿਵਾਰ ਹਨ, ਜਿਹੜੇ ਸਿਆਸਤ ਦੇ ਆਪਣਾ ਜੱਦੀ ਅਧਿਕਾਰ ਸਮਝਦੇ ਹਨ, ਉਨ੍ਹਾਂ ਬਾਰੇ ਲੇਖਕ ਨੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਕਿਵੇਂ ਪੁਸ਼ਤ-ਦਰ-ਪੁਸ਼ਤ ਆਪਣੀ ਪ੍ਰਭੁਸੱਤਾ ਬਣਾਈ ਬੈਠੇ ਹਨ। ਮਿਆਰੀ ਸਿੱਖਿਆ ਦੇ ਦਮਗਜ਼ੇ ਮਾਰਨ ਵਾਲੀਆਂ ਸਰਕਾਰਾਂ ਦੇ ਸਬੂਤਾਂ ਨਾਲ ਪਾਜ ਉਘੇੜ ਦਿੱਤੇ ਹਨ। ਸਿਹਤ ਸੇਵਾਵਾਂ ਬਾਰੇ ਕਮਾਲ ਦੀ ਜਾਣਕਾਰੀ ਉਪਲਭਦ ਕਰਵਾਈ ਹੈ ਕਿ ਕਿਤਨੀਆਂ ਸਿਹਤ ਸੰਸਥਾਵਾਂ ਬੰਦ ਹੋਣ ਦੇ ਕਿਨਾਰੇ ਹਨ ਅਤੇ ਕਿਤਨਾ ਸਟਾਫ ਘੱਟ ਹੈ। ਮੁਹੱਲਾ ਕਲੀਨਿਕਾਂ ਦੇ ਪ੍ਰਚਾਰ 'ਤੇ 30 ਕਰੋੜ ਰੁਪਿਆ ਖ਼ਰਚ ਦਿੱਤਾ ਹੈ ਪ੍ਰੰਤੂ ਦਵਾਈਆਂ 'ਤੇ ਘੱਟ ਖ਼ਰਚਿਆ ਹੈ। ਅਧਿਕਾਰੀਆਂ ਨੂੰ ਧਮਕਾਉਣ ਲਈ ਸੁਖਬੀਰ ਸਿੰਘ ਬਾਦਲ ਦੀ ਲਾਲ ਡਾਇਰੀ ਅਤੇ ਹੋਰ ਸਿਆਸਤਦਾਨਾਂ ਦੀਆਂ ਚਾਲਾਂ ਨੂੰ ਵੀ ਦਰਸਾਇਆ ਹੈ। ਕਾਂਗਰਸ ਪਾਰਟੀ ਦੇ ਨੇਤਾ ਕਿਵੇਂ ਸਿਆਸੀ ਤਾਕਤ ਹੜੱਪਣ ਲਈ ਬਿੱਲੀਆਂ ਵਾਂਗ ਲੜਦੇ ਹਨ। ਭਗਵੰਤ ਸਿੰਘ ਮਾਨ ਦੀ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਦੀ ਪ੍ਰਸ਼ੰਸਾ ਕੀਤੀ ਹੈ ਕਿ ਉਹ ਇਸ ਖੇਤਰ ਵਿਚ ਅਜੇ ਤੱਕ ਚੰਗਾ ਕੰਮ ਕਰ ਰਿਹਾ ਹੈ। ਮਾਪਿਆਂ ਦੀ ਅਣਵੇਖੀ, ਮਾਰ-ਕੁਟਾਈ ਅਤੇ ਬਿਰਧ ਆਸ਼ਰਮਾਂ ਵਿਚ ਭੇਜਣ ਦੀ ਤ੍ਰਾਸਦੀ ਦਿਲ ਨੂੰ ਹਲੂਣਦੀ ਹੈ। ਆਮ ਆਦਮੀ ਪਾਰਟੀ ਦੇ ਨਵੇਂ ਵਿਧਾਨਕਾਰਾਂ ਬਾਰੇ ਵੀ ਲਿਖਿਆ ਹੈ ਕਿ ਉਨ੍ਹਾਂ ਨੂੰ ਆਪਣੇ ਅਧਿਕਾਰਾਂ ਅਤੇ ਫਰਜ਼ਾਂ ਬਾਰੇ ਜਾਣਕਾਰੀ ਹੀ ਨਹੀਂ। ਝੋਨੇ ਦੀ ਸਿੱਧੀ ਬਿਜਾਈ ਦੇ ਭਗਵੰਤ ਮਾਨ ਸਰਕਾਰ ਦੇ ਦਮਗਜ਼ਿਆਂ ਦੀ ਪੋਲ ਖੋਲ੍ਹੀ ਹੈ। ਕਰਜ਼ੇ ਦੇ ਸਹਾਰੇ ਚੱਲ ਰਹੀ ਪੰਜਾਬ ਸਰਕਾਰ ਦੀਆਂ ਬੜ੍ਹਕਾਂ ਖੋਖਲੀਆਂ ਸਾਬਤ ਹੋ ਰਹੀਆਂ ਹਨ। ਜੀ.ਡੀ.ਪੀ. 55 ਫ਼ੀਸਦੀ ਤੋਂ ਵੱਧਕੇ 60 ਫ਼ੀਸਦੀ ਤੱਕ ਪਹੁੰਚਣ ਦੀ ਉਮੀਦ ਹੈ, ਫਿਰ ਸਰਕਾਰ ਨੂੰ ਕਰਜ਼ਾ ਵੀ ਨਹੀਂ ਮਿਲ ਸਕਣਾ। ਹੁਣ ਪੰਜਾਬ ਦੇ ਬਜਟ ਦਾ 15 ਫ਼ੀਸਦੀ ਵਿਆਜ ਮੋੜਨ 'ਤੇ ਖ਼ਰਚ ਹੋ ਰਿਹਾ ਹੈ। ਅਧਿਕਾਰੀਆਂ ਅਤੇ ਸਰਕਾਰ ਵਿਚ ਤਾਲਮੇਲ ਨਹੀਂ ਹੈ। ਆਈ.ਏ.ਐੱਸ. ਤੇ ਪੀ.ਸੀ.ਐੱਸ. ਸਰਕਾਰ ਤੋਂ ਔਖੇ ਹਨ। ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਕਾਂਗਰਸ ਜੋੜਨ ਤੱਕ ਸੀਮਤ ਹੋ ਗਈ। ਪੰਜਾਬ ਦੇ ਸੰਸਦ ਅਤੇ ਵਿਧਾਨ ਸਭਾ ਦੇ ਮੈਂਬਰਾਂ ਦੀ ਕਾਰਗੁਜ਼ਾਰੀ 'ਤੇ ਵੀ ਕਿੰਤੂ-ਪ੍ਰੰਤੂ ਕੀਤਾ ਹੈ ਕਿ ਉਹ ਆਪਣੀ ਜ਼ਿੰਮੇਵਾਰੀ ਸਹੀ ਤਰੀਕੇ ਨਾਲ ਨਿਭਾ ਨਹੀਂ ਰਹੇ। ਉਨ੍ਹਾਂ ਨੇ ਸੰਸਦੀ ਪ੍ਰਣਾਲੀ ਦੀ ਮਰਿਆਦਾ ਵੀ ਕਾਇਮ ਨਹੀਂ ਰੱਖੀ, ਦੁਸ਼ਣਬਾਜ਼ੀ ਕਰਦੇ ਰਹੇ। 2022 ਦੇ ਸਾਲ ਬਾਰੇ ਲਿਖਦਿਆਂ ਬਨਵੈਤ ਨੇ ਦੱਸਿਆ ਹੈ ਕਿ ਕੁਝ ਦਿੱਗਜ ਨੇਤਾਵਾਂ ਦੀ ਕਿਸਮਤ ਲੁੜਕ ਗਈ ਅਤੇ ਸਾਧਾਰਨ ਲੋਕ ਚੋਣਾਂ ਜਿੱਤ ਗਏ ਤੇ ਉਨ੍ਹਾਂ ਦੀ ਕਿਸਮਤ ਚਮਕ ਗਈ। ਆਇਆ ਰਾਮ ਤੇ ਗਿਆ ਰਾਮ ਸਿਆਸੀ ਤਾਕਤ ਦੀ ਭੁੱਖ ਕਰਕੇ ਭਾਰੂ ਰਿਹਾ। ਦੇਸ਼ ਵਿਚ ਸਿਆਸੀ ਪਾਰਟੀਆਂ ਵੋਟਾਂ ਬਟੋਰਨ ਲਈ ਔਰਤਾਂ ਨੂੰ 33 ਫ਼ੀਸਦੀ ਰਾਖਵਾਂ ਹੱਕ ਦੇਣ ਦੀ ਗੱਲ ਕਰਦੀਆਂ ਹਨ ਪ੍ਰੰਤੂ ਅਮਲੀ ਤੌਰ 'ਤੇ ਨਹੀਂ। ਪੰਜਾਬ ਵਿਚ ਪ੍ਰਬੰਧਕੀ ਪ੍ਰਣਾਲੀ ਵਿਚ ਇਸਤਰੀਆਂ ਨੂੰ ਬਰਾਬਰ ਦੇ ਹੱਕ ਪ੍ਰਾਪਤ ਹਨ। ਬਾ-ਮੁਲਾਹਿਜ਼ਾ ਹੁਸ਼ਿਆਰ ਸਿਰਲੇਖ ਵਾਲੇ ਲੇਖ ਵਿਚ ਪੰਜਾਬ ਵਿਚ 1978 ਤੋਂ ਸ਼ੁਰੂ ਹੋਈਆਂ ਫ਼ਿਰਕੂ ਘਟਨਾਵਾਂ ਤੋਂ ਬਾਅਦ ਹੁਣ ਠਾਕੁਰਪੁਰ ਚਰਚ ਦੀ ਭੰਨ-ਤੋੜ ਦੀ ਘਟਨਾ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ। ਪੰਜਾਬੀਆਂ ਨੂੰ ਅਜਿਹੀਆਂ ਫ਼ਿਰਕੂ ਗੱਲਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਵੀ ਰੇਤ ਮਾਫ਼ੀਏ 'ਤੇ ਨਕੇਲ ਨਹੀਂ ਕਸ ਸਕੀ। ਸਰਹੱਦੀ ਖੇਤਰ ਵਿਚ ਮਾਈਨਿੰਗ ਦੇਸ਼ ਦੀ ਸੁਰੱਖਿਆ ਲਈ ਖ਼ਤਰਾ ਬਣੀ ਹੋਈ ਹੈ। ਦੇਸ਼ ਵਿਚ ਖ਼ੁਦਕਸ਼ੀਆਂ ਦਾ ਰੁਝਾਨ ਵੱਧ ਰਿਹਾ ਹੈ। 2020 ਦੇ ਮੁਕਾਬਲੇ 2021 ਵਿਚ 7.2 ਫ਼ੀਸਦੀ ਵਾਧਾ ਹੋਇਆ ਹੈ, ਜੋ ਚਿੰਤਾ ਦਾ ਵਿਸ਼ਾ ਹੈ। ਬਾਦਲ ਪਰਿਵਾਰ ਬੁਰੀ ਤਰ੍ਹਾਂ ਹਾਰਨ ਤੋਂ ਬਾਅਦ ਵੀ ਅਕਾਲੀ ਦਲ ਤੋਂ ਪਰਿਵਾਰਕ ਕਬਜ਼ਾ ਛੱਡਣਾ ਨਹੀਂ ਚਾਹੁੰਦੀ। ਸੈਕਿੰਡ ਰੈਂਕ ਲੀਡਰਸ਼ਿਪ ਨੂੰ ਉਭਰਨ ਹੀ ਨਹੀਂ ਦਿੰਦਾ। ਦੇਸ਼ ਵਿਚ ਹਿਰਾਸਤੀ ਮੌਤਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਪੰਜਾਬ ਦੇਸ਼ ਵਿਚੋਂ ਤੀਜੇ ਸਥਾਨ 'ਤੇ ਹੈ। ਪਿਛਲੇ ਦੋ ਸਾਲਾਂ ਵਿਚ 225 ਹਿਰਾਸਤੀ ਮੌਤਾਂ ਹੋਈਆਂ ਹਨ। ਭਗਵੰਤ ਮਾਨ ਦੀ ਸਰਕਾਰ ਦੇ ਰਾਹ ਵਿਚ ਔਕੜਾਂ ਪਹਾੜ ਬਣਕੇ ਖੜ੍ਹੀਆਂ ਹਨ, ਰਾਜਪਾਲ ਨੇ ਨਸ਼ਿਆਂ ਦੇ ਮੁੱਦੇ 'ਤੇ ਆੜੇ ਹੱਥੀਂ ਲਿਆ ਹੈ। ਬਾਬਾ ਫਰੀਦ ਯੂਨੀਵਰਸਿਟੀ ਫਰੀਦਕੋਟ ਦੇ ਉਪ ਕੁਲਪਤੀ ਦਾ ਮਸਲਾ ਲਟਕਦਾ ਆ ਰਿਹਾ ਹੈ। ਐਡਵੋਕੇਟ ਜਨਰਲ ਵਾਰ-ਵਾਰ ਸਾਥ ਛੱਡ ਰਹੇ ਹਨ। ਆਪਣਿਆਂ ਵੱਲੋਂ ਮੁਸੀਬਤਾਂ ਖੜ੍ਹੀਆਂ ਕੀਤੀਆਂ ਜਾ ਰਹੀਆਂ ਹਨ। ਆਮ ਆਦਮੀ ਪਾਰਟੀ ਦੇ ਨਵੇਂ ਵਿਧਾਇਕਾਂ ਨੂੰ ਤਜਰਬਾ ਨਾ ਹੋਣ ਕਰਕੇ ਮੁੱਖ ਮੰਤਰੀ ਨੂੰ ਉਨ੍ਹਾਂ ਨੂੰ ਸਿੱਖਿਆ ਦੇਣ ਲਈ ਮੀਟਿੰਗਾਂ ਕਰਨੀਆਂ ਪਈਆਂ। ਹਸਪਤਾਲਾਂ ਵਿਚ ਦਵਾਈਆਂ, ਡਾਕਟਰ ਅਤੇ ਹੋਰ ਅਮਲੇ ਦੀ ਘਾਟ ਹੈ। ਬਹੁਤੀਆਂ 50 ਫ਼ੀਸਦੀ ਤੋਂ ਵੱਧ ਅਸਾਮੀਆਂ ਖਾਲੀ ਪਈਆਂ ਹਨ। ਮੁਹੱਲਾ ਕਲੀਨਿਕਾਂ ਲਈ ਹਸਪਤਾਲਾਂ ਵਿਚੋਂ ਡਾਕਟਰ ਬਦਲ ਕੇ ਭੇਜ ਦਿੱਤੇ ਹਨ। ਹਸਪਤਾਲ ਖ਼ਾਲੀ ਹੋ ਗਏ। ਮਹਿੰਗਾਈ, ਮਹਿੰਗੀਆਂ ਦਵਾਈਆਂ ਕਰਕੇ ਪੰਜਾਬੀ ਮਨੋਰੋਗੀ ਬਣ ਰਹੇ ਹਨ। ਹਸਪਤਾਲਾਂ ਵਿਚ ਮਨੋਰੋਗੀ ਡਾਕਟਰ ਨਹੀਂ ਹਨ। ਐਲਾਨ ਜ਼ਿਆਦਾ, ਜ਼ਮੀਨੀ ਪੱਧਰ 'ਤੇ ਕੰਮ ਉਤਨਾ ਨਹੀਂ ਹੋ ਰਿਹਾ। ਬਹਿਬਲ ਕਲਾਂ, ਬਰਗਾੜੀ, ਕੋਟਕਪੂਰਾ ਅਤੇ ਜਵਾਹਰਕੇ ਪਿੰਡ ਵਿਚ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਪੜਤਾਲ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਪਹਿਲੀਆਂ ਦੋ ਸਰਕਾਰਾਂ ਦੀ ਤਰ੍ਹਾਂ ਤਣ-ਪੱਤਣ ਨਹੀਂ ਲਾ ਸਕੀ। ਕੈਪਟਨ ਅਮਰਿੰਦਰ ਸਿੰਘ ਅਤੇ ਪ੍ਰਕਾਸ਼ ਸਿੰਘ ਬਾਦਲ ਦੀਆਂ ਸਰਕਾਰਾਂ ਦੇ ਵਾਅਦੇ ਵਫ਼ਾ ਨਾ ਹੋ ਸਕਣ ਕਰਕੇ ਉਹ ਸਰਕਾਰਾਂ ਬਣਾਉਣ ਤੋਂ ਹੱਥ ਧੋ ਬੈਠੇ ਹਨ। ਇਸ਼ਾਰਾ ਆਮ ਆਦਮੀ ਦੀ ਸਰਕਾਰ ਵਲ ਸਾਫ ਹੈ। ਭਗਵੰਤ ਮਾਨ ਦੀ ਸਰਕਾਰ ਵੱਲੋਂ ਰਾਜ ਸਭਾ ਦੇ ਬਣਾਏ 7 ਮੈਂਬਰ ਆਪਣੀ ਕਾਰਗੁਜ਼ਾਰੀ ਵਿਖਾਉਣ ਵਿਚ ਅਸਫਲ ਰਹੇ ਹਨ। ਉਚੇਰੀ ਸਿੱਖਿਆ ਲਈ 31 ਯੂਨੀਵਰਸਿਟੀਆਂ 350 ਕਾਲਜ ਹੋਣ ਦੇ ਬਾਵਜੂਦ ਯੋਗ ਵਿਦਿਆ ਨਹੀਂ ਮਿਲ ਰਹੀ ਕਿਉਂਕਿ ਅਧਿਆਪਕਾਂ ਦੀ ਘਾਟ ਹੈ। ਮਿਠੀਆਂ ਮਿਰਚਾਂ ਵਾਲੇ ਲੇਖ ਵਿਚ ਦਰਸਾਇਆ ਗਿਆ ਹੈ ਕਿ ਰਾਜਪਾਲ, ਗ੍ਰਹਿ ਮੰਤਰੀ ਅਤੇ ਰਾਸ਼ਟਰਪਤੀ ਦੇ ਸਮਾਗਮਾਂ ਵਿਚ ਮੁੱਖ ਮੰਤਰੀ ਗਏ ਨਹੀਂ, ਜਿਹੜੇ ਮੰਤਰੀ ਸ਼ਾਮਲ ਹੋਏ, ਉਹ ਸਹੀ ਢੰਗ ਨਾਲ ਪੰਜਾਬ ਦੇ ਹਿੱਤਾਂ 'ਤੇ ਪਹਿਰਾ ਨਹੀਂ ਦੇ ਸਕੇ। ਮੁੱਖ ਮੰਤਰੀ ਬਣਨ ਤੋਂ ਬਾਅਦ ਭਗਵੰਤ ਮਾਨ ਦਾ ਹਾਸਾ ਗੁਮ ਗਿਆ ਹੈ। ਪੰਜਾਬ ਆਰਥਿਕ ਮੰਦਹਾਲੀ, ਵਿਧਾਨਕਾਰਾਂ ਅਤੇ ਮੰਤਰੀਆਂ ਦੀ ਕਾਰਗੁਜ਼ਾਰੀ ਅਤੇ ਮੰਤਰੀ ਮੰਡਲ ਦੇ ਫੇਰਬਦਲ ਦਾ ਅਹਿਸਾਸ ਮੁੱਖ ਮੰਤਰੀ ਨੂੰ ਸਤਾ ਰਿਹਾ ਹੈ। ਲੇਖਕ ਨੇ ਪੰਜਾਬ ਦੇ ਹੁਣ ਤੱਕ ਦੇ ਸਾਰੇ ਮੁੱਖ ਮੰਤਰੀਆਂ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਕਰਕੇ ਦੱਸਿਆ ਹੈ ਕਿ ਉਹ ਕਿੰਨੇ ਸਫਲ ਤੇ ਅਸਫਲ ਹੋਏ ਹਨ। ਕਈ ਲੇਖਾਂ ਵਿਚ ਦੁਹਰਾਓ ਹੈ। ਨਵੀਂ ਵਿਧਾਨ ਸਭਾ ਦੀ ਉਸਾਰੀ ਲਈ ਹਰਿਆਣਾ ਦੀ ਤਰ੍ਹਾਂ ਜ਼ਮੀਨ ਦੀ ਮੰਗ ਗ਼ਲਤ ਹੈ। ਢਾਈ ਸੌ ਪੰਜਾਬ ਨਿਤ ਜਹਾਜ਼ ਚੜ੍ਹਨ ਵਾਲੇ ਲੇਖ ਵਿਚ ਬੇਰੋਜ਼ਗਾਰੀ ਕਰਕੇ ਬਾਹਰ ਜਾ ਰਹੇ ਵਿਦਿਆਰਥੀਆਂ ਖਾਸ ਤੌਰ 'ਤੇ 71 ਫ਼ੀਸਦੀ ਦਾ ਗ਼ੈਰ ਕਾਨੂੰਨੀ ਢੰਗ ਨਾਲ ਜਾਣਾ ਦੱਸਿਆ ਗਿਆ ਹੈ। ਬਜ਼ੁਰਗਾਂ ਦੀਆਂ ਪੈਨਸ਼ਨਾਂ ਦੀ ਦੁਰਵਰਤੋਂ ਤੱਥਾਂ ਸਹਿਤ ਦੱਸਿਆ ਗਿਆ ਹੈ ਕਿ ਕਿਵੇਂ ਬਾਬੂਆਂ ਨੇ ਵੀ ਚਲਦੀ ਗੰਗਾ ਵਿਚ ਹੱਥ ਰੰਗ ਲਏ ਹਨ। ਸਰਕਾਰਾਂ ਪੈਨਸ਼ਨਾਂ ਵਿਚ ਵਾਧੇ ਲਈ ਲਾਰੇ ਲਾਉਂਦੇ ਰਹੇ ਹਨ। 'ਜੰਗ ਅਜੇ ਮੁੱਕੀ ਨਹੀਂ' ਲੇਖ ਵਿਚ ਸਾਰੀਆਂ ਸਰਕਾਰਾਂ ਵੱਲੋਂ ਭ੍ਰਿਸ਼ਟਾਚਾਰ ਖ਼ਤਮ ਕਰਨ ਦੇ ਦਾਅਵੇ ਖੋਖਲੇ ਹੋ ਗਏ ਹਨ। ਪੰਜਾਬ ਵਿਚ ਹੋ ਰਹੇ ਸੜਕੀ ਹਾਦਸੇ ਅਨੇਕਾਂ ਜਾਨਾਂ ਦੀ ਆਹੂਤੀ ਲੈ ਰਹੇ ਹਨ। ਸਰਕਾਰਾਂ ਵਲੋਂ ਕੋਈ ਸਾਰਥਿਕ ਕਦਮ ਨਾ ਚੁੱਕਣ ਕਰਕੇ ਹਾਲਾਤ ਖ਼ਤਰਨਾਕ ਹੋ ਗਏ ਹਨ।


140 ਪੰਨਿਆਂ, 250 ਰੁਪਏ ਕੀਮਤ ਵਾਲੀ ਇਹ ਪੁਸਤਕ ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ ਨੇ ਪ੍ਰਕਾਸ਼ਤ ਕੀਤੀ ਹੈ।


# ਡਾ. ਸਤਿੰਦਰ ਪਾਲ ਸਿੰਘ ਦੀ 'ਜੀਵਨ ਸਫ਼ਲਤਾ ਲਈ ਗੁਰਮਤਿ' ਪੁਸਤਕ ਪ੍ਰੇਰਨਾ ਸਰੋਤ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਡਾ. ਸਤਿੰਦਰ ਪਾਲ ਸਿੰਘ ਸਿੱਖ ਧਰਮ ਦਾ ਪ੍ਰਬੁੱਧ ਤੇ ਪ੍ਰਤੀਬੱਧ ਵਿਦਵਾਨ ਹੈ। ਉਸ ਦੀਆਂ ਪੁਸਤਕਾਂ ਸਿੱਖ ਧਰਮ ਦੀ ਜੀਵਨ ਜਾਚ ਦੀ ਵਿਚਾਰਧਾਰਾ ਨਾਲ ਸੰਬੰਧਤ ਹੁੰਦੀਆਂ ਹਨ। ਚਰਚਾ ਅਧੀਨ ਉਸ ਦੀ ਪੁਸਤਕ 'ਜੀਵਨ ਸਫਲਤਾ ਲਈ ਗੁਰਮਤਿ' ਵੀ ਸਿੱਖ ਧਰਮ ਦੀ ਸਫਲ ਜੀਵਨ ਜਿਓਣ ਦੀ ਵਿਚਾਰਧਾਰਾ ਨੂੰ ਆਪਣੇ ਪੰਜ ਲੇਖਾਂ ਵਿਚ ਵਿਸਤਾਰ ਪੂਰਬਕ ਦਰਸਾਉਂਦੀ ਹੈ ਤਾਂ ਜੋ ਮਾਨਵਤਾ ਆਪਣੀ ਵਿਰਾਸਤ ਤੋਂ ਪ੍ਰੇਰਨਾ ਲੈ ਕੇ ਸਫ਼ਲ ਜੀਵਨ ਜਿਓ ਸਕੇ। ਲੇਖਕ ਨੇ ਹਰ ਨੁਕਤੇ ਨੂੰ ਸਮਝਾਉਣ ਲਈ ਪਹਿਲਾਂ ਸਮਾਜਿਕ ਜੀਵਨ ਵਿਚੋਂ ਉਦਾਹਰਨਾਂ ਦੇ ਕੇ ਗੁਰਬਾਣੀ ਦੇ ਸਿਧਾਂਤਾਂ ਨੂੰ ਅਪਣਾ ਕੇ ਹੀ ਜੀਵਨ ਸਫਲਤਾ ਹੋ ਸਕਦਾ ਹੈ। ਗੁਰਮਿਤ ਹੀ ਸਫਲਤਾ ਦਾ ਆਧਾਰ ਬਣਦੀ ਹੈ। ਇਸ ਪੁਸਤਕ ਦਾ ਪਹਿਲਾ ਲੇਖ ਪੁਸਤਕ ਦੇ ਸਿਰਲੇਖ ਵਾਲਾ ਹੀ 'ਜੀਵਨ ਸਫਲਤਾ ਲਈ ਗੁਰਮਤਿ' ਹੈ, ਜਿਸ ਵਿਚ ਦਰਸਾਇਆ ਗਿਆ ਹੈ ਕਿ ਇਨਸਾਨ ਆਪਣੀ ਬੁੱਧੀ ਤੋਂ ਕੰਮ ਨਹੀਂ ਲੈਂਦਾ। ਜ਼ਿੰਦਗੀ ਵਿਚ ਸੁੱਖ ਸਹੂਲਤਾਂ ਦਾ ਆਨੰਦ ਲੈਣ ਲਈ ਸੁਪਨੇ ਤਾਂ ਜ਼ਰੂਰ ਵੇਖਦਾ ਹੈ ਪ੍ਰੰਤੂ ਉਹ ਸਪਨੇ ਉਸ ਦੇ ਆਪਣੇ ਨਹੀਂ, ਸਗੋਂ ਦੂਸਰੇ ਲੋਕਾਂ ਦੇ ਸੁਪਨਿਆਂ ਦੀ ਨਕਲ ਹੁੰਦੇ ਹਨ। ਸੁੱਖ ਸੁਵਿਧਾਵਾਂ ਦੀ ਬੇਸਬਰੀ ਨੁਕਸਾਨਦੇਹ ਹੁੰਦੀ ਹੈ। ਭਾਵ ਦੂਜਿਆਂ ਦੀ ਬਰਾਬਰੀ ਕਰਨ ਦੀ ਇੱਛਾ ਹੁੰਦੀ ਹੈ। ਜੇਕਰ ਇਨਸਾਨ ਆਪਣੇ ਸਪਨੇ ਲਵੇ, ਤਾਂ ਉਹ ਸਫਲ ਹੋ ਸਕਦਾ ਹੈ। ਉਨ੍ਹਾਂ ਅੱਗੋਂ ਕਿਹਾ ਕਿ ਸੁਪਨੇ ਪੂਰੇ ਕਰਨ ਲਈ ਗਿਆਨਵਾਨ ਹੋਣਾ ਜ਼ਰੂਰੀ ਹੈ। ਜੋ ਵਿਖਾਇਆ ਜਾ ਰਿਹਾ ਹੈ, ਜੋ ਦਿਸ ਰਿਹਾ ਹੈ, ਉਸ ਨੂੰ ਹੀ ਮਨੁੱਖ ਸੱਚ ਮੰਨ ਲੈਂਦਾ ਹੈ। ਲੋਕਾਂ ਅੰਦਰ ਤਰੱਕੀ ਦੀ ਤਾਂਘ ਵੱਧ ਜਾਂਦੀ ਹੈ। ਲੋੜਾਂ ਤੇ ਤਰੱਕੀ ਵਿਚ ਗਹਿਰਾ ਸੰਬੰਧ ਹੈ। ਬਨਾਵਟੀ ਲੋੜ ਨੂੰ ਆਪਣਾ ਬਣਾਉਣਾ, ਸੁਪਨਾ ਉਧਾਰ ਲੈਣਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਜੀਵਨ ਸਿਧਾਂਤ, ਵਿਵਹਾਰ 'ਤੇ ਪੂਰਨ ਖ਼ਰੇ ਉਤਰੇ ਤੇ ਅਮਲਯੋਗ ਹਨ। ਅੱਜ ਗੁਰੂ ਸਾਹਿਬ ਦੀ ਵਿਚਾਰਧਾਰਾ ਤੋਂ ਸ੍ਰੇਸ਼ਟ ਤੇ ਭਰੋਸੇਯੋਗ ਸਰੋਤ ਕੋਈ ਨਹੀਂ ਹੈ। ਗਿਆਨ, ਸੱਚ, ਗੁਣ ਤੇ ਸਮਰੱਥਾ ਤਾਂ ਮਨੁੱਖ ਦੇ ਅੰਦਰ ਹੀ ਹਨ। ਸੋਚ ਤੋਂ ਹੀ ਜੀਵਨ ਆਰੰਭ ਹੁੰਦਾ ਹੈ ਤੇ ਦੂਜੇ ਸਿਰੇ ਤੱਕ ਪਹੁੰਚਦਾ ਹੈ। ਬੱਚੇ ਦਾ ਜਨਮ ਸਾਰੇ ਪਰਿਵਾਰ ਲਈ ਖਾਸ ਤੌਰ 'ਤੇ




ਮਾਤਾ-ਪਿਤਾ ਲਈ ਅਤਿ ਆਨੰਦ ਦਾ ਵਿਸ਼ਾ ਹੁੰਦਾ। ਆਮ ਤੌਰ 'ਤੇ ਆਨੰਦ ਦਾ ਸਿਰਾ ਫੜਿਆ ਨਹੀਂ ਜਾਂਦਾ। ਮਨੁੱਖ ਸਾਰਾ ਜੀਵਨ ਯਤਨਾਂ 'ਚ ਲਾ ਦਿੰਦਾ ਹੈ ਪ੍ਰੰਤੂ ਸੁੱਖ ਤੋਂ ਦੂਰ ਰਹਿੰਦਾ ਹੈ। ਪ੍ਰਮਾਤਮਾ ਦੀ ਸੱਤਾ ਤੇ ਅਧੀਨਤਾ ਸਵੀਕਾਰ ਕਰਨ 'ਚ ਹੀ ਆਨੰਦ ਹੈ। ਗੁਰਬਾਣੀ ਵਿਚ ਮਨੁੱਖ ਹੋਣਾ ਆਪਣੇ ਆਪ ਵਿਚ ਭਗਵਾਨ ਹੋਣਾ ਹੈ। ਸ੍ਰਿਸ਼ਟੀ ਪ੍ਰਮਾਤਮਾ ਨੇ ਆਪ ਰਚੀ ਹੈ, ਉਹ ਸ੍ਰਿਸ਼ਟੀ ਰਚ ਕੇ ਉਸ ਵਿਚ ਆਪ ਵਿਦਮਾਨ ਸਜੀਵ ਹੋ ਰਿਹਾ ਹੈ। ਮਨ ਨੂੰ ਸਦਾ ਸੁਚੇਤ ਰਹਿਣਾ ਚਾਹੀਦਾ ਹੈ। ਪ੍ਰਮਾਤਮਾ ਦੀ ਖੋਜ ਲਈ ਬਾਹਰ ਜਾਣ ਦੀ ਲੋੜ ਨਹੀਂ। ਸਾਰਾ ਸੰਸਾਰ ਦੁੱਖਾਂ ਅੰਦਰ ਹੈ, ਚਿੰਤਾਵਾਂ ਹਨ। ਇਹ ਚਿੰਤਾਵਾਂ ਆਪ ਸਹੇੜੀਆਂ ਹਨ। ਸੁੰਦਰ ਜੀਵਨ ਲਈ ਵਿਕਾਰਾਂ ਤੋਂ ਬਚਣਾ ਹੈ। ਪ੍ਰਮਾਤਮਾ ਦੁੱਖ, ਵਿਘਨ ਦੂਰ ਕਰਨ ਵਾਲਾ ਹੈ। ਪ੍ਰਮਾਤਮਾ ਤੋਂ ਬਿਨਾਂ ਮਨੁੱਖ ਦੀ ਹੋਂਦ ਸੰਭਵ ਹੀ ਨਹੀਂ। ਉਹ ਸਰਬ ਵਿਆਪਕ ਤੇ ਸਮਰੱਥ ਹੈ। ਦੁਬਿਧਾ ਤਨ ਤੇ ਮਨ ਤੇ ਵਿਪਰੀਤ ਅਸਰ ਪਾਉਂਦੇ ਹਨ। ਡਰ ਮਨ ਵਿਚ ਨਹੀਂ ਰੱਖਣਾ ਚਾਹੀਦਾ। ਆਤਮ ਵਿਸ਼ਵਾਸ ਸਫਲਤਾ ਦੀ ਕੁੰਜੀ ਹੈ। ਮਨੁੱਖ ਆਸ਼ਾਵਾਦੀ ਹੋਣਾ ਚਾਹੀਦਾ ਹੈ। ਦੂਜਾ ਲੇਖ 'ਜੀਵਨ ਤਰੱਕੀ ਦੀ ਪਰਿਭਾਸ਼ਾ' ਹੈ। ਇਸ ਲੇਖ ਵਿਚ ਦੱਸਿਆ ਗਿਆ ਹੈ ਕਿ ਬੱਚਿਆਂ ਨੂੰ ਯੋਗ ਅਗਵਾਈ ਦਿਓ, ਧੰਨ ਦੌਲਤ ਵੀ ਜ਼ਰੂਰੀ ਹੈ, ਅੰਮ੍ਰਿਤ ਵੇਲਾ ਨਾਮ ਜਪਣ ਲਈ ਸ਼ਾਂਤਮਈ ਹੁੰਦਾ ਹੈ। ਸੱਚ ਦੀ ਪਛਾਣ ਪ੍ਰਮਾਤਮਾ ਸੱਚਾ ਹੈ, ਸੱਚ 'ਤੇ ਭਰੋਸਾ ਰੱਖੋ। ਚੰਗੇ ਕੰਮ ਕਰੋ ਤੇ ਚੰਗਾ ਸੋਚੋ। ਇੰਦਰੀਆਂ ਨੂੰ ਕੰਟਰੋਲ ਵਿਚ ਰੱਖਦੇ ਹੋਏ ਉਨ੍ਹਾਂ ਦੀ ਸਹੀ ਵਰਤੋਂ ਕਰੋ। ਸਹਿਜ ਤੋਂ ਮੋਖ ਪ੍ਰਾਪਤ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੀਵਨ ਦੀ ਮੁਕਤੀ ਦਾ ਸਾਧਨ ਦੱਸਿਆ ਹੈ। ਗੁਰਬਾਣੀ ਅਨੰਦਿਤ ਕਰਦੀ ਤੇ ਸ਼ਕਤੀ ਦਿੰਦੀ ਹੈ। ਗਿਆਨ ਉਹ ਹੈ, ਜੋ ਸਮਾਜ ਤੇ ਸ੍ਰਿਸ਼ਟੀ ਦੇ ਸਰੋਕਾਰਾਂ ਨਾਲ ਜੋੜੇ। ਗਿਆਨ ਤੇ ਗੁਣ ਜਦੋਂ ਵਿਉਹਾਰ ਦਾ ਰੂਪ ਧਾਰ ਲੈਂਦੇ ਹਨ, ਤਾਂ ਅੰਤਰ ਮੰਨ ਪ੍ਰਕਾਸ਼ਤ ਹੋ ਉਠਦਾ ਹੈ। ਗੁਣ ਦਾ ਲਾਭ ਸਮਾਜ ਨੂੰ ਮਿਲਦਾ ਹੈ। ਇਹ ਗੁਣ ਪ੍ਰਮਾਤਮਾ ਦੀ ਕ੍ਰਿਪਾ ਨਾਲ ਮਿਲਦੇ ਹਨ। ਕਰਮ ਪ੍ਰਧਾਨ ਹਨ। ਪ੍ਰਮਾਤਮਾ ਦੀ ਮਰਿਆਦਾ ਅੰਦਰ ਰਹਿਕੇ ਸਭ ਕੁਝ ਪਾਇਆ ਜਾ ਸਕਦਾ ਹੈ। ਮਨੁੱਖ ਨੂੰ ਜਵਾਨੀ ਦੇ ਜੋਸ਼ ਦੀ ਸੁਚੱਜੀ ਵਰਤੋਂ ਕਰਨੀ ਚਾਹੀਦੀ ਹੈ। ਜੀਵਨ ਦੀ ਸਭ ਤੋਂ ਮੁੱਢਲੀ ਸਫਲਤਾ ਮਨ ਨੂੰ ਵਸ ਵਿਚ ਕਰ ਲੈਣਾ ਹੈ। ਪ੍ਰਮਾਤਮਾ ਦਾ ਨਾਮ ਸਿਮਰਨ, ਸੰਤੋਖ, ਸਹਿਜ, ਇਮਾਨਦਾਰ ਕਿਰਤ, ਨਿਮਰਤਾ, ਸੇਵਾ ਹੈ। ਪਰਮ ਭਾਵਨਾ ਨਾਲ ਜੀਵਨ ਭਾਗਾਂ ਵਾਲਾ ਬਣ ਜਾਂਦਾ ਹੈ। ਮਨੁੱਖ ਨੂੰ ਚੰਗਿਆਈਆਂ ਇਕੱਤਰ ਕਰਨ ਦੀ ਲੋੜ ਹੈ, ਜਿਹੜੀਆਂ ਉਸ ਦੀ ਸਫਲਤਾ ਦਾ ਰਾਹ ਪੱਧਰ ਕਰਦੀਆਂ ਹਨ। ਤੀਜਾ ਲੇਖ 'ਗੁਰਬਾਣੀ ਦਾ ਚਿੰਤਨ ਜੀਵਨ ਦੀ ਸੰਭਾਲ' ਹੈ, ਜਿਸ ਵਿਚ ਲੇਖਕ ਨੇ ਦੱਸਿਆ ਹੈ ਕਿ ਗੁਰਬਾਣੀ ਦਾ ਚਿੰਤਨ ਕਰਨ ਨਾਲ ਜੀਵਨ ਦੀ ਸੰਭਾਲ ਹੁੰਦੀ ਹੈ। ਇਹ ਚਿੰਤਨ ਨਿਯਮ ਵਿਚ ਰਹਿ ਕੇ ਕਰਨਾ ਚਾਹੀਦਾ ਹੈ। ਜੀਵਨ ਦੀ ਕਦਰ ਕਰਨੀ ਬਣਦੀ ਹੈ। ਅਕਾਰਥ ਨਹੀਂ ਜਾਣ ਦੇਣਾ ਚਾਹੀਦਾ। ਹਰ ਕੰਮ ਲਈ ਯੋਜਨਾ ਬਣਾਉਣੀ ਚਾਹੀਦੀ ਹੈ। ਸਫਲਤਾ ਦਾ ਮਾਰਗ ਔਖਾ ਹੈ, ਪ੍ਰੰਤੂ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਦੀ ਪ੍ਰਾਪਤੀ ਲਈ ਇਨਸਾਨ ਸ਼ੁੱਭ ਅਸ਼ੁੱਭ ਸਮੇਂ ਦੇ ਚੱਕਰ ਵਿਚ ਨਾ ਪਵੇ। ਅਵੇਸਲੇ ਵੀ ਨਹੀਂ ਹੋਣਾ ਚਾਹੀਦਾ। ਯੁੱਗ ਬਦਲਣ ਦੀ ਥਾਂ ਜੀਵਨ ਦੀਆਂ ਸਥਿਤੀਆਂ ਬਦਲਣੀਆਂ ਜ਼ਰੂਰੀ ਹਨ। ਨਾਮ ਜਪੋ, ਚੰਗੇ ਕੰਮ ਕਰੋ, ਕਲਿਜੁਗਿ ਆਪੇ ਖ਼ਤਮ ਹੋ ਜਾਵੇਗਾ। ਚੰਗੇ ਕੰਮ ਕਰਨ ਨਾਲ ਦਵਾਪਰ ਯੁੱਗ ਆ ਜਾਵੇਗਾ। ਚਿੰਤਾਵਾਂ ਦੂਰ ਹੋ ਜਾਣਗੀਆਂ। ਤ੍ਰੇਤਾ ਯੁੱਗ ਪੂਰਨਤਾ ਦੇ ਕੋਲ ਪੁੱਜਣ ਦਾ ਸਮਾਂ ਹੈ। ਮਾੜੇ ਕੰਮ ਕਰਨ ਵਾਲਿਆਂ ਨੂੰ ਨਾਮ ਦੀ ਮਹਿਮਾ, ਸਾਰੇ ਵਿਕਾਰਾਂ ਨੂੰ ਦੂਰ ਕਰਦਾ ਹੈ। ਸਤਿਯੁੱਗ ਸੰਪੂਰਨਤਾ ਦਾ ਯੁੱਗ ਹੈ। ਕੋਈ ਦੁਬਿਧਾ, ਭਟਕਣ ਨਹੀਂ ਰਹਿੰਦੀ। ਮਨ ਇਕਾਗਰ ਹੋ ਜਾਂਦਾ ਹੈ। ਗੁਰੂ ਸਾਹਿਬ ਨੇ ਯੁੱਗਾਂ, ਮਹੀਨਿਆਂ, ਦਿਨਾਂ ਅਤੇ ਰੁਤਾਂ ਦੇ ਭੁਲੇਖੇ ਦੂਰ ਕਰ ਦਿੱਤੇ ਹਨ। ਚੌਥਾ 'ਜੀਵਨ ਸਫਲਤਾ ਦੀ ਸਮਰਥਾ' ਲੇਖ ਹੈ, ਇਸ ਵਿਚ ਲੇਖਕ ਅਨੁਸਾਰ ਸਫ਼ਲਤਾ ਦੀ ਪ੍ਰਾਪਤੀ ਲਈ ਸਫ਼ਲਤਾ ਬਾਹਰੋਂ ਨਹੀਂ ਅੰਦਰੋਂ ਹੀ ਪ੍ਰਗਟ ਹੁੰਦੀ ਹੈ। ਪ੍ਰਮਾਤਮਾ ਦੇ ਹੁਕਮ ਅੰਦਰ ਰਹਿਣਾ ਪਵੇਗਾ। ਜੋ ਪ੍ਰਮਾਤਮਾ 'ਤੇ ਭਰੋਸਾ ਕਰਦਾ ਹੈ, ਉਸ ਨੂੰ ਹੋਰ ਕਿਸੇ ਦੀ ਲੋੜ ਨਹੀਂ ਰਹਿੰਦੀ। ਪ੍ਰਮਾਤਮਾ ਦੇ ਆਸਰੇ ਲਈ ਪੂਰਨ ਸਮਰਪਨ ਚਾਹੀਦਾ ਹੈ। ਕੋਈ ਵੀ ਕਾਰਜ ਕਰਦਿਆਂ ਮਨ ਅੰਦਰ ਨਾਮ ਜਪਿਆ ਜਾਵੇ। ਆਸ ਰੱਖੋ ਪ੍ਰੰਤੂ ਆਸ ਉਹ ਹੈ, ਜੋ ਬਣੀ ਵੀ ਰਹੇ, ਫਲ ਵੀ ਦੇਵੇ। ਗੁਰਬਾਣੀ ਉਸ ਆਸ ਨਾਲ ਜੋੜਦੀ ਹੈ, ਜੋ ਪੂਰਨ ਹੁੰਦੀ ਹੈ। ਪ੍ਰਮਾਤਮਾ ਤੋਂ ਬਿਨਾਂ ਹੋਰ ਕਿਸੇ 'ਤੇ ਆਸ ਨਹੀਂ ਰੱਖਣੀ ਚਾਹੀਦੀ। ਆਸ ਦਾ ਬਣਿਆਂ ਰਹਿਣਾ ਜੀਵਨ ਦਾ ਨਿਰੰਤਰ ਆਪਣੇ ਮਨੋਰਥ ਵੱਲ ਵੱਧਦਾ ਜਾਣਾ ਹੈ। ਮੂਧੇ ਭਾਂਡੇ ਵਿਚ ਕੁਝ ਨਹੀਂ ਪੈਂਦਾ, ਭਾਵ ਪ੍ਰਮਾਤਮਾ ਤੋਂ ਬੇਮੁੱਖ ਮਨ ਤੇ ਪ੍ਰਮਾਤਮਾ ਦੀ ਕਿਰਪਾ ਨਹੀਂ ਵਰ੍ਹਦੀ। ਮਨ ਅੰਦਰ ਸੰਕਲਪ ਬਣੇ ਕਿ ਸੰਸਾਰਕ ਲੋੜਾਂ ਮੋਹ ਦਾ ਰੂਪ ਨਾ ਲੈ ਸਕਣ, ਇਹ ਜੀਵਨ ਦੀ ਸਫਲਤਾ ਦਾ ਪ੍ਰਤੀਕ ਨਹੀਂ ਹੋ ਸਕਦੀਆਂ। ਜੇਕਰ ਉਹ ਸਮਰਪਣ ਦਾ ਯਤਨ ਇਮਾਨਦਾਰੀ ਨਾਲ ਕਰਦਾ ਹੈ, ਤਾਂ ਉਹ ਸੰਕਲਪ ਜ਼ਰੂਰ ਪੂਰਾ ਹੁੰਦਾ ਹੈ। ਸਫ਼ਲਤਾ ਦੇ ਸਾਰੇ ਸੂਤਰ ਗੁਰੂ ਸਾਹਿਬਾਨ ਦੇ ਜੀਵਨ ਤੋਂ ਹੀ ਪ੍ਰਾਪਤ ਹੋ ਜਾਂਦੇ ਹਨ। ਨੌਜਵਾਨ ਅਧਿਆਤਮ ਦੇ ਗੂੜ੍ਹੇ ਰਹੱਸ ਸਮਝਣ ਵਿਚ ਦਿਲਚਸਪੀ ਲਵੇ। ਪੰਜਵਾਂ ਲੇਖ 'ਜੀਵਨ ਨਾਇਕ ਗੁਰੂ ਸਾਹਿਬਾਨ' ਹਨ। ਗੁਰੂ ਨਾਨਕ ਸਾਹਿਬ ਨੂੰ ਸਮਝਣ ਤੇ ਵੇਖਣ ਲਈ ਗੁਰਬਾਣੀ ਸਭ ਤੋਂ ਪ੍ਰਮਾਣਿਕ ਸਰੋਤ ਹੈ। ਗੁਰੂ ਨਾਨਕ ਸਾਹਿਬ ਨੂੰ ਮਨ ਅੰਦਰ ਗੁਰੂ ਧਾਰਨ ਕਰਨਾ ਸਦਾ ਲਈ ਨਿਰਾਸ਼ਾ, ਚਿੰਤਾ, ਦੁਬਿਧਾ, ਭਰਮ, ਅਗਿਆਨਤਾ ਦਾ ਦੂਰ ਹੋਣਾ ਹੈ। ਮਨ ਪ੍ਰਮਾਤਮਾ ਤੇ ਸੱਚ ਨਾਲ ਜੁੜ ਜਾਏ ਤਾਂ ਗੁਣਾਂ ਤੇ ਭਰੋਸੇ ਦਾ ਆਧਾਰ ਬਣ ਜਾਂਦਾ ਹੈ। ਨਾਮ ਜਪਣਾ ਮਨੁੱਖ ਦਾ ਸੰਕਲਪ ਹੈ। ਗੁਣ ਧਾਰਨ ਕੀਤਿਆਂ ਹੀ ਆਤਮਿਕ ਨਿਰਮਲਤਾ ਪ੍ਰਾਪਤ ਹੁੰਦੀ ਹੈ। ਪ੍ਰਮਾਤਮਾ ਦੀ ਭਗਤੀ ਕਰਨਾ ਤਾਂ ਹੀ ਸਫਲ ਹੈ, ਜੇ ਭਗਤ ਵੀ ਪੂਰਣਤਾ ਪ੍ਰਾਪਤ ਕਰ ਲਵੇ। ਗੁਰਸਿੱਖ ਅੰਦਰ ਗੁਣਾਂ ਦੀ ਪ੍ਰਪੱਕਤਾ ਜ਼ਰੂਰੀ ਹੈ।

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ


e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਪੰਜਾਬੀ ਫ਼ਿਲਮ ਜੋੜੀ




ਅੰਗਰੇਜ ਸਿੰਘ ਵਿਰਦੀ
ਅੰਮ੍ਰਿਤਸਰ
ਮੋਬਾਇਲ : 94646-28857
(Punjab Mail USA)



ਪੰਜਾਬੀ ਸਿਨੇਮਾ ਵਿਚ ਕਾਮਯਾਬੀ ਦਾ ਇੱਕ ਹੋਰ ਮੀਲ ਪੱਥਰ ਸਥਾਪਿਤ ਕਰਨ ਜਾ ਰਹੀ ਪੰਜਾਬੀ ਫ਼ਿਲਮ ਜੋੜੀ ਜੋ ਅੱਜਕੱਲ੍ਹ ਬੜੀ ਸਫਲਤਾ ਨਾਲ ਪੂਰੀ ਦੁਨੀਆਂ ਭਰ ਦੇ ਸਿਨੇਮਾ ਘਰਾਂ ਅਤੇ ਮਲਟੀਪਲੈਕਸਾਂ ਵਿਚ ਵਿਖਾਈ ਜਾ ਰਹੀ ਹੈ। ਅੱਸੀ ਦੇ ਦਹਾਕੇ ਦੀ ਪੰਜਾਬੀ ਸੰਗੀਤ ਜਗਤ ਦੀ ਦੁਨੀਆਂ ਨੂੰ ਫਿਲਮੀ ਪਰਦੇ 'ਤੇ ਪੇਸ਼ ਕਰਦੀ ਇਹ ਇੱਕ ਐਸੀ ਫ਼ਿਲਮ ਹੈ, ਜਿਸ ਨੂੰ ਪੰਜਾਬ ਦੀ ਮਸ਼ਹੂਰ ਦੋਗਾਣਾ ਜੋੜੀ ਅਮਰ ਸਿੰਘ ਚਮਕੀਲਾ ਅਤੇ ਬੀਬੀ ਅਮਰਜੋਤ ਕੌਰ ਦੀ ਜ਼ਿੰਦਗੀ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਪੰਜਾਬੀ ਸਿਨੇਮੇ ਦੇ ਚੋਟੀ ਦੇ ਅਦਾਕਾਰਾਂ ਦੀ ਬਿਹਤਰੀਨ ਅਦਾਕਾਰੀ ਨਾਲ ਸਜੀ ਇਸ ਫ਼ਿਲਮ ਦੀ ਕਹਾਣੀ ਪੰਜਾਬੀ ਸਿਨੇਮੇ ਦੀ ਮਾਰੂਫ਼ ਹਸਤੀ ਫ਼ਿਲਮ ਨਿਰਦੇਸ਼ਕ, ਅਦਾਕਾਰ ਅਤੇ ਲੇਖਕ ਅੰਬਰਦੀਪ ਸਿੰਘ ਵੱਲੋਂ ਲਿਖੀ ਗਈ ਹੈ। ਅੰਬਰਦੀਪ ਸਿੰਘ ਦੀ ਹੀ ਨਿਰਦੇਸ਼ਨਾਂ ਵਿਚ ਬਣੀ ਇਹ ਫ਼ਿਲਮ ਵੀ ਉਨ੍ਹਾਂ ਦੀਆਂ ਪਹਿਲੀਆਂ ਫ਼ਿਲਮਾ ਵਾਂਗ ਹੀ ਪੰਜਾਬੀਅਤ ਦੀ ਬਾਤ ਪਾਉਂਦੀ ਹੈ। ਸਿਨੇਮੇ ਦੀ ਅੱਖ ਰਾਹੀਂ ਪੇਸ਼ ਕੀਤੀ ਸੰਗੀਤਕ ਫ਼ਿਲਮ ਜੋੜੀ ਮਾਤਰ ਇੱਕ ਗਾਇਕ ਜੋੜੀ ਦੀ ਜੀਵਨੀ ਨਹੀਂ, ਸਗੋਂ ਇਸ ਫ਼ਿਲਮ ਵਿਚ ਅੰਬਰਦੀਪ ਨੇ ਆਪਣੀ ਲਿਖਣ ਕਲਾ ਨਾਲ ਪੰਜਾਬੀ ਰਹਿਣ-ਸਹਿਣ, ਪੰਜਾਬੀ ਸੋਚ, ਪੰਜਾਬੀਆਂ ਦੇ ਹਾਸੇ-ਠੱਠੇ, ਪੰਜਾਬੀਆਂ ਦੇ ਦਿਲ ਦੇ ਵਲਵਲੇ, ਉਨ੍ਹਾਂ ਦੀ ਮੁਹੱਬਤ, ਉਨ੍ਹਾਂ ਦੇ ਹਿਰਦੇ ਦੀ ਵਿਸ਼ਾਲਤਾ, ਕੋਮਲਤਾ, ਈਰਖਾ, ਬਹਾਦਰੀ, ਸਿਰੜ ਅਤੇ ਕਿਰਤ ਦੀ ਬਾਤ ਪਾਈ ਹੈ। ਫ਼ਿਲਮ ਦੇਖ ਕੇ ਪਤਾ ਲੱਗਦਾ ਹੈ ਕਿ ਅੰਬਰਦੀਪ ਦੇ ਖਿਆਲਾਂ ਦੀ ਉਡਾਨ ਕਿੰਨੀ ਉੱਚੀ ਹੈ, ਉਹ ਫ਼ਿਲਮੀ ਪਰਦੇ 'ਤੇ ਐਸੇ ਦ੍ਰਿਸ਼ ਸਿਰਜਦਾ ਹੈ, ਜੋ ਇੰਝ ਲੱਗਦੇ ਹਨ ਕਿ ਜੋ ਅਸੀਂ ਦੇਖ ਰਹੇ ਹਾਂ ਉਹ ਤੇ ਹੈ ਈ ਪਰ ਉਨ੍ਹਾਂ ਦ੍ਰਿਸ਼ਾਂ ਦੇ ਪਿੱਛੇ ਵੀ ਇੱਕ ਸੰਸਾਰ ਖੜ੍ਹਾ ਹੈ, ਜੋ ਅਦ੍ਰਿਸ਼ ਹੈ, ਜਿਸ ਨੂੰ ਸਮਝਣ ਲਈ ਸੂਖਮਤਾ ਦੀ ਲੋੜ ਹੈ। ਫ਼ਿਲਮ ਜੋੜੀ ਨੂੰ ਦੇਖਣ ਵਾਲਾ ਹਰ ਦਰਸ਼ਕ ਫ਼ਿਲਮ ਦੇ ਇਕਲੇ ਮੁੱਖ ਕਿਰਦਾਰਾਂ ਨਾਲ ਹੀ ਨਹੀਂ ਜੁੜਦਾ, ਸਗੋ ਉਹ ਫ਼ਿਲਮ ਵਿਚ ਵਿਖਾਏ ਹਰ ਕਿਰਦਾਰ ਨਾਲ ਜੁੜਦਾ ਹੈ। ਉਹ ਉਨ੍ਹਾਂ ਨਾਲ ਹੱਸਦਾ ਹੈ, ਉਨ੍ਹਾਂ ਦੇ ਦੁਖੀ ਹੋਣ ਨਾਲ ਦੁੱਖ ਮਹਿਸੂਸ ਕਰਦਾ ਹੈ ਤੇ ਕਿਤੇ-ਕਿਤੇ ਭਾਵੁਕ ਦ੍ਰਿਸ਼ ਵੇਖ ਕੇ ਰੋਣ ਵੀ ਲੱਗ ਪੈਂਦਾ ਹੈ। ਅੱਸੀ ਦੇ ਦਹਾਕੇ ਦੀ ਅਖਾੜਾ ਗਾਇਕੀ ਨੂੰ ਪੇਸ਼ ਕਰਦੀ, ਉਸ ਜ਼ਮਾਨੇ ਦੇ ਗਾਇਕ ਕਲਾਕਾਰਾਂ ਦੀ ਗਾਇਕੀ, ਉਨ੍ਹਾਂ ਦੀ ਮਿਹਨਤ, ਅਖਾੜਾ ਗਾਇਕੀ ਦੇ ਪਿੜ ਵਿਚ ਖੁਦ ਨੂੰ ਸ਼ਥਾਪਿਤ ਕਰਨ ਦੀ ਜੱਦੋ-ਜਹਿਦ, ਅਖਾੜਿਆਂ ਲਈ ਉਨ੍ਹਾਂ ਦੀ ਇੱਕ ਦੂਜੇ ਨਾਲ ਮੁਕਾਬਲੇ ਦੀ ਭਾਵਨਾ ਅਤੇ ਉਨ੍ਹਾਂ ਦੇ ਆਪਸੀ ਰਿਸ਼ਤਿਆਂ ਨੂੰ ਬੇਹਤਰੀਨ ਢੰਗ ਨਾਲ ਵਿਖਾਉਂਦੀ ਇਹ ਇੱਕ ਉੱਤਮ ਕਲਾ ਕ੍ਰਿਤੀ ਹੈ।

ਥਿੰਦ ਮੋਸ਼ਨ ਪਿਕਚਰਜ਼ ਅਤੇ ਰਿਦਮ ਬੁਆਏਜ਼ ਐਨਟਰਟੇਨਮੈਂਟ ਦੇ ਬੈਨਰ ਹੇਠ ਬਨਣ ਵਾਲੀ ਇਸ ਫ਼ਿਲਮ ਦੇ ਨਿਰਮਾਤਾ ਹਨ ਕਾਰਜ ਗਿੱਲ ਅਤੇ ਦਲਜੀਤ ਥਿੰਦ। ਫ਼ਿਲਮ ਜੋੜੀ ਦੀ ਕਹਾਣੀ ਅਤੇ ਪਟਕਥਾ ਲਿਖੀ ਹੈ ਅੰਬਰਦੀਪ ਸਿੰਘ ਨੇ ਅਤੇ ਇਸਦੇ ਨਿਰਦੇਸ਼ਕ ਵੀ ਅੰਬਰਦੀਪ ਹੀ ਹਨ। 5 ਮਈ ਨੂੰ ਰਿਲੀਜ਼ ਹੋਈ ਇਸ ਫ਼ਿਲਮ ਵਿਚ ਮੁੱਖ ਕਿਰਦਾਰ ਅਦਾ ਕੀਤੇ ਹਨ ਦਲਜੀਤ ਦੁਸਾਂਝ ਅਤੇ ਨਿਮਰਤ ਖਹਿਰਾ ਨੇ। ਇਸ ਤੋਂ ਇਲਾਵਾ ਬਾਕੀ ਅਦਾਕਾਰਾ ਵਿਚ ਪ੍ਰਮੁੱਖ ਹਨ ਹਰਸਿਮਰਨ, ਦ੍ਰਿਸ਼ਟੀ ਗਰੇਵਾਲ, ਰਵਿੰਦਰ ਮੰਡ, ਹਰਦੀਪ ਗਿੱਲ, ਮਿੰਟੂ ਕਾਪਾ, ਸਵਰਗੀ ਚਾਚਾ ਕੌਤਕੀ, ਸੁਖਵਿੰਦਰ ਰਾਜ, ਵਿਜੇ ਯਮਲਾ, ਭੁਪਿੰਦਰ ਗਿੱਲ, ਬਲਵਿੰਦਰ ਬੁਲਟ, ਜਰਨੈਲ ਸਿੰਘ, ਰਾਜ ਧਾਲੀਵਾਲ, ਸੁਵਿੰਧਾ ਦੁੱਗਲ, ਟਹਿਲ ਪ੍ਰੀਤ, ਤਰਸਿੰਦਰ ਥਿੰਦ ਪੁਸ਼ਪਦੀਪ, ਗੁਰਵਿੰਦਰ ਮੱਟੂ, ਮਲਕੀਤ ਮਲੰਗਾ, ਗੁਰਮੀਤ ਛਿੰਦਾ ਅਤੇ ਸੁੱਖੀ ਢਿੱਲੋਂ। ਫ਼ਿਲਮ ਦਾ ਸੰਗੀਤ ਤਿਆਰ ਕੀਤਾ ਹੈ ਟਰੂ ਸਕੂਲ ਵੱਲੋਂ ਅਤੇ ਫ਼ਿਲਮ ਦੇ ਗੀਤ ਲਿਖੇ ਹਨ ਰਾਜ ਰਣਜੋਧ, ਹੈਪੀ ਰਾਏਕੋਟੀ, ਵੀਤ ਬਲਜੀਤ, ਹਰਸਿਮਰਜੀਤ ਸਿੰਘ ਅਤੇ ਬਾਬੂ ਸਿੰਘ ਮਾਨ ਨੇ, ਜਿਨ੍ਹਾਂ ਨੂੰ ਆਵਾਜ਼ਾਂ ਦਿੱਤੀਆਂ ਹਨ ਦਿਲਜੀਤ ਦੁਸਾਂਝ, ਨਿਮਰਤ ਖਹਿਰਾ, ਰਾਜ ਰਣਜੋਧ ਅਤੇ ਸਿਮਰਨ ਕੌਰ ਧਾਂਡਲੀ ਨੇ।

ਫ਼ਿਲਮ 'ਜੋੜੀ' ਦੀ ਜੇਕਰ ਕਹਾਣੀ ਨੂੰ ਸੰਖੇਪ ਵਿਚ ਦੇਖਿਆ ਜਾਵੇ, ਤਾਂ ਇਹ ਇੱਕ ਐਸੇ ਗਾਇਕ ਅਮਰ ਸਿਤਾਰਾ (ਅਦਾਕਾਰ ਦਿਲਜੀਤ ਦੁਸਾਂਝ) ਦੇ ਦੁਆਲੇ ਘੁੰਮਦੀ ਦਿਖਾਈ ਗਈ ਹੈ, ਜੋ ਗਰੀਬ ਘਰ ਤੋਂ ਉਠ ਕੇ ਆਪਣੀ ਗੀਤਕਾਰੀ ਅਤੇ ਗਾਇਕੀ ਦੇ ਦਮ 'ਤੇ ਸਫਲਤਾ ਦੇ ਅੰਬਰੀ ਉਡਾਰੀਆਂ ਮਾਰਦਾ ਹੈ। ਉਹ ਪੰਜਾਬ ਵਿਚ ਪ੍ਰਚੱਲਿਤ ਅਖਾੜਾ ਗਾਇਕੀ ਦਾ ਚੋਟੀ ਦਾ ਕਲਾਕਾਰ ਬਣਦਾ ਹੈ। ਇਸ ਵਿਚ ਉਸ ਦਾ ਸਾਥ ਦਿੰਦੀ ਹੈ ਗਾਇਕਾ ਕਮਲਜੋਤ (ਅਦਾਕਾਰਾ ਨਿਮਰਤ ਖਹਿਰਾ) ਜਿਸ ਨਾਲ ਮਿਲ ਕੇ ਅਮਰ ਸਿਤਾਰਾ ਸਫ਼ਲ ਦੋਗਾਣਾ ਜੋੜੀ ਬਣਾਉਂਦਾ ਹੈ। ਪਰ ਉਸ ਦੀ ਇਹ ਸਫਲਤਾ ਉਸ ਦੇ ਸਮਕਾਲੀ ਕਲਾਕਾਰਾਂ ਨੂੰ ਰਾਸ ਨਹੀਂ ਆਉਂਦੀ। ਉਹ ਵਿਹਲੇ ਬੈਠਣ ਲਈ ਮਜਬੂਰ ਹੋ ਜਾਂਦੇ ਹਨ ਕਿਉਂਕਿ ਹਰ ਵਿਆਹ ਸ਼ਾਦੀ 'ਤੇ ਸਭ ਲੋਕਾਂ ਦੀ ਇਹੋ ਖਾਹਿਸ਼ ਹੈ ਕਿ ਉਹ ਸਿਤਾਰਾ ਕਮਲਜੋਤ ਦਾ ਹੀ ਅਖਾੜਾ ਲਗਵਾਉਣ। ਸਭ ਅਮਰ ਸਿਤਾਰਾ ਤੇ ਕਮਲਜੋਤ ਦੀ ਜੋੜੀ ਨੂੰ ਹੀ ਬੁੱਕ ਕਰਨ ਲਈ ਕਾਹਲੇ ਹਨ। ਬਾਕੀ ਗਾਇਕ ਕਲਾਕਾਰਾ ਨੂੰ ਕੋਈ ਨਹੀਂ ਪੁੱਛਦਾ। ਸਿਤਾਰੇ ਦੇ ਵਿਰੋਧੀ ਕਲਾਕਾਰ ਉਸ ਨੂੰ ਹੇਠਾਂ ਸੁੱਟਣ ਦੀਆਂ ਸਕੀਮਾਂ ਘੜਦੇ ਰਹਿੰਦੇ ਹਨ। ਇਸ ਵਿਚ ਸਿਤਾਰੇ ਦਾ ਕੱਟੜ ਵਿਰੋਧੀ ਬਣਦਾ ਹੈ, ਉਸ ਤੋਂ ਪਹਿਲਾਂ ਦਾ ਸਭ ਤੋਂ ਵੱਧ ਸੁਣਿਆ ਜਾਣ ਵਾਲਾ ਕਲਾਕਾਰ ਜੋਸ਼ੀਲਾ (ਅਦਾਕਾਰ ਹਰਸਿਮਰਨ)। ਸਾਰੇ ਕਲਾਕਾਰ ਰਲ ਕੇ ਇੱਕ ਪੱਤਰਕਾਰਾ (ਰਾਜ ਧਾਲੀਵਾਲ) ਦੇ ਜ਼ਰੀਏ ਸਿਤਾਰੇ ਦੀ ਗਾਇਨ ਸ਼ੈਲੀ ਅਤੇ ਉਸ ਦੀ ਗੈਰਮਿਆਰੀ ਗੀਤਕਾਰੀ 'ਤੇ ਪ੍ਰੈੱਸ ਜ਼ਰੀਏ ਉਸ 'ਤੇ ਉਂਗਲ ਚੁੱਕਦੇ ਹਨ ਤੇ ਉਸ ਨੂੰ ਬਦਨਾਮ ਕਰਨ ਵਿਚ ਕੋਈ ਕਸਰ ਨਹੀਂ ਰਹਿਣ ਦਿੰਦੇ। ਪਰ ਇਸ ਦੇ ਬਾਵਜੂਦ ਸਿਤਾਰਾ ਤੇ ਕਮਲਜੋਤ ਦੀ ਲੋਕਪ੍ਰਿਅਤਾ ਵਿਚ ਕੋਈ ਕਮੀ ਨਹੀਂ ਆਉਂਦੀ। ਇਹ ਜੋੜੀ ਲੋਕਾਂ ਦੀ ਹਰਦਿਲ ਅਜ਼ੀਜ਼ ਜੋੜੀ ਬਣਨ ਵਿਚ ਕਾਮਯਾਬ ਹੋ ਜਾਂਦੀ ਅਤੇ ਜੋ ਵੀ ਗੀਤ ਉਹ ਗਾਉਂਦੇ ਹਨ, ਉਹ ਹੀ ਹਿੱਟ ਹੋ ਜਾਂਦੇ ਹਨ। ਪਰ ਉਸ ਵੇਲੇ ਦੇ ਹਾਲਾਤਾਂ ਵਿਚ ਹੱਦੋਂ ਵੱਧ ਲੋਕਪ੍ਰਿਅਤਾ, ਸਾਥੀ ਗਾਇਕਾਂ ਦੀ ਈਰਖਾ ਅਤੇ ਗੈਰਮਿਆਰੀ ਗੀਤਾਂ ਕਰਕੇ ਸਿਤਾਰੇ ਤੇ ਕਮਲਜੋਤ ਨੂੰ ਗੋਲੀਆਂ ਦਾ ਸ਼ਿਕਾਰ ਜ਼ਰੂਰ ਹੋਣਾ ਪੈਂਦਾ ਹੈ। ਇਸ ਤਰ੍ਹਾਂ ਫ਼ਿਲਮ ਜੋੜੀ ਅਦਾਕਾਰਾਂ ਦੀ ਬੇਹਤਰੀਨ ਅਦਾਕਾਰੀ ਨਾਲ ਅੱਗੇ ਵੱਧਦੀ ਆਪਣੇ ਅੰਤ ਤੱਕ ਜਾ ਅੱਪੜਦੀ ਹੈ। ਬੇਹਤਰੀਨ ਪਟਕਥਾ ਅਤੇ ਕਹਾਣੀ 'ਤੇ ਬਣੀ ਇਹ ਇੱਕ ਸ਼ਾਨਦਾਰ ਫ਼ਿਲਮ ਹੈ, ਜਿਸ ਵਿਚ ਪਹਿਲੀ ਵਾਰ ਪੰਜਾਬੀ ਸਿਨੇਮੇ ਵਿਚ ਪੰਜਾਬੀ ਗਾਇਕਾਂ ਦੀ ਜ਼ਿੰਦਗੀ ਨੂੰ ਬਿਆਨ ਕੀਤਾ ਗਿਆ ਹੈ।




ਫ਼ਿਲਮ ਵਿਚ ਜੇਕਰ ਅਦਾਕਾਰੀ ਦੀ ਗੱਲ ਕਰੀਏ, ਤਾਂ ਮੁੱਖ ਅਦਾਕਾਰ ਦਿਲਜੀਤ ਦੁਸਾਂਝ ਨੇ ਆਪਣੇ ਕਿਰਦਾਰ ਅਮਰ ਸਿਤਾਰਾ ਨੂੰ ਜੀਵਿਆ ਹੈ, ਉਸ ਨੇ ਆਪਣੀ ਬੇਹਤਰੀਨ ਅਦਾਕਾਰੀ ਨਾਲ ਆਪਣੇ ਕਿਰਦਾਰ ਵਿਚ ਜਾਨ ਪਾਈ ਹੈ। ਅਦਾਕਾਰਾ ਨਿਮਰਤ ਖਹਿਰਾ ਨੇ ਆਪਣੀ ਮਾਸੂਮ ਦਿਖ, ਬੋਲਦੀਆਂ ਅੱਖਾਂ ਅਤੇ ਕੁਝ ਕਹੇ ਬਗੈਰ ਚਿਹਰੇ ਦੇ ਹਾਵ-ਭਾਵ ਨਾਲ ਜਿਸ ਤਰ੍ਹਾਂ ਆਪਣੇ ਕਿਰਦਾਰ ਨੂੰ ਨਿਭਾਇਆ ਹੈ, ਉਸ ਦੀ ਜਿੰਨੀ ਤਾਰੀਫ ਕੀਤੀ ਜਾਵੇ, ਉਹ ਘੱਟ ਹੈ। ਨਿਮਰਤ ਖਹਿਰਾ ਦੇ ਫ਼ਿਲਮੀ ਕੈਰੀਅਰ ਦੀ ਇਹ ਬੇਹਤਰੀਨ ਫ਼ਿਲਮ ਹੈ। ਫ਼ਿਲਮ ਵਿਚ ਤੀਸਰਾ ਕਿਰਦਾਰ ਹੈ ਭੋਲਾ (ਅਦਾਕਾਰ ਰਵਿੰਦਰ ਮੰਡ) ਜੋ ਬਹੁਤ ਹੀ ਸੁਲਝਿਆ ਹੋਇਆ ਅਦਾਕਾਰ ਹੈ। ਫ਼ਿਲਮ ਵਿਚ ਉਸ ਦਾ ਕਿਰਦਾਰ ਅਮਰ ਸਿਤਾਰਾ ਦੇ ਦੋਸਤ ਅਤੇ ਮਗਰੋਂ ਸੈਕਟਰੀ ਦਾ ਹੈ, ਜੋ ਅਮਰ ਸਿਤਾਰੇ ਦੇ ਗਾਇਕੀ ਕੈਰੀਅਰ ਨੂੰ ਉੱਚੇ ਮਕਾਮ 'ਤੇ ਲੈ ਕੇ ਜਾਣ ਵਿਚ ਉਸ ਦੀ ਮਦਦ ਕਰਦਾ ਹੈ। ਰਵਿੰਦਰ ਮੰਡ ਦੀ ਬੇਹਤਰੀਨ ਅਦਾਕਾਰੀ ਇਸ ਫ਼ਿਲਮ ਵਿਚ ਦੇਖਣ ਨੂੰ ਮਿਲਦੀ ਹੈ। ਫ਼ਿਲਮ ਵਿਚ ਗਾਇਕ ਕਲਾਕਾਰ ਜੋਸ਼ੀਲੇ ਦੇ ਕਿਰਦਾਰ ਵਿਚ ਨਵਾਂ ਅਦਾਕਾਰ ਹਰਸਿਮਰਨ ਵੀ ਆਪਣੀ ਬੇਹਤਰੀਨ ਅਦਾਕਾਰੀ ਨਾਲ ਦਰਸ਼ਕਾਂ ਨੂੰ ਪ੍ਰਭਾਵਿਤ ਕਰਦਾ ਹੈ, ਉਸ ਵੱਲੋਂ ਅਖੀਰ ਵਿਚ ਬੋਲਿਆ ਡਾਇਲਾਗ "ਯਾਰ ਮਰਵਾਉਣਾਂ ਨਹੀਂ ਸੀ ਨਿੱਕਾ ਜਿਹਾ ਜਵਾਕ ਸੀ ਉਸ ਦਾ" ਦਰਸ਼ਕਾਂ ਨੂੰ ਉਦਾਸ ਕਰ ਦਿੰਦਾ ਹੈ। ਇਸ ਫ਼ਿਲਮ ਵਿਚ ਅਦਾਕਾਰ ਹਰਦੀਪ ਗਿੱਲ ਨੇ ਅਮਰ ਸਿਤਾਰਾ ਦੇ ਉਸਤਾਦ ਅਤੇ ਇੱਕ ਗਾਇਕ ਦਾ ਕਿਰਦਾਰ ਨਿਭਾਇਆ ਹੈ, ਜੋ ਸਿਤਾਰੇ ਨੂੰ ਸੰਗੀਤ ਦੀਆਂ ਬਾਰੀਕੀਆਂ ਅਤੇ ਅਖਾੜਿਆਂ ਵਿਚ ਕਿਵੇਂ ਗਾਉਣਾ ਦੀ ਸਿੱਖਿਆ ਦਿੰਦਾ ਹੈ। ਮੰਝੇ ਹੋਏ ਅਦਾਕਾਰ ਹਰਦੀਪ ਗਿੱਲ ਨੇ ਫ਼ਿਲਮ ਵਿਚ ਆਪਣੀ ਸਜੀਵ ਅਦਾਕਾਰੀ ਨਾਲ ਅੱਸੀਵਿਆਂ ਦੇ ਦੌਰ ਦੇ ਸੰਗੀਤ ਉਸਤਾਦਾਂ ਦੇ ਆਪਣੇ ਸ਼ਾਗਿਰਦਾਂ ਨੂੰ ਸੰਗੀਤ ਸਿਖਾਉਣ ਦੇ ਤਰੀਕਿਆਂ ਨੂੰ ਹੂਬਹੂ ਪੇਸ਼ ਕੀਤਾ ਹੈ। ਉਸ ਦੇ ਸ਼ਾਗਿਰਦ ਦਾ ਉਸ ਨਾਲੋਂ ਵੱਧ ਮਸ਼ਹੂਰ ਹੋਣ ਕਰਕੇ ਜੋ ਉਸ ਦੇ ਅੰਦਰ ਈਰਖਾ ਦਾ ਇੱਕ ਦਵੰਦ ਚੱਲਦਾ ਹੈ, ਉਸ ਨੂੰ ਹਰਦੀਪ ਗਿੱਲ ਨੇ ਪਰਦੇ 'ਤੇ ਬਾਖੂਬੀ ਪੇਸ਼ ਕੀਤਾ ਹੈ। ਪੰਜਾਬੀ ਲੋਕ ਗਾਇਕਾ ਮਿਸ ਨੀਲਮ ਦੇ ਕਿਰਦਾਰ ਵਿਚ ਦ੍ਰਿਸ਼ਟੀ ਗਰੇਵਾਲ ਵੀ ਪ੍ਰਭਾਵਿਤ ਕਰਦੀ ਹੈ। ਬਾਕੀ ਅਦਾਕਾਰਾਂ ਨੇ ਵੀ ਆਪਣੇ-ਆਪਣੇ ਕਿਰਦਾਰਾਂ ਨਾਲ ਫ਼ਿਲਮ ਦੀ ਕਹਾਣੀ ਨੂੰ ਅੱਗੇ ਵਧਾਇਆ ਹੈ, ਜਿਨ੍ਹਾਂ ਵਿਚ ਮਿੰਟੂ ਕਾਪਾ ਨੇ ਕਮਲਜੋਤ ਦੇ ਭਰਾ ਦਾ ਕਿਰਦਾਰ ਬਾਖੂਬੀ ਨਿਭਾਇਆ। ਅਮਰ ਸਿਤਾਰਾ ਦੇ ਪਿਤਾ ਦਾ ਰੋਲ ਗੁਰਮੀਤ ਛਿੰਦਾ ਨੇ, ਖਾੜਕੂ ਮੁਖੀ ਦਾ ਕਿਰਦਾਰ ਜਰਨੈਲ ਸਿੰਘ ਨੇ, ਅਦਾਕਾਰ ਸਵਰਨ ਸਿੰਘ ਜੋ ਅਮਰ ਸਿਤਾਰਾ ਨੂੰ ਖਾੜਕੂ ਮੁਖੀ ਕੋਲ ਲੈ ਕੇ ਜਾਂਦਾ, ਪੱਤਰਕਾਰਾਂ ਦਾ ਕਿਰਦਾਰ ਰਾਜ ਧਾਲੀਵਾਲ ਨੇ ਅਤੇ ਬਾਕੀ ਗਾਇਕਾਂ ਦੇ ਕਿਰਦਾਰ ਜਿਨ੍ਹਾਂ ਵਿਚ ਭੁਪਿੰਦਰ ਗਿੱਲ, ਸੁਖਵਿੰਦਰ ਰਾਜ ਨੇ ਆਪਣੇ ਆਪਣੇ ਕਿਰਦਾਰ ਵਧੀਆ ਨਿਭਾਏ ਹਨ। ਸਵਰਗੀ ਚਾਚਾ ਕੌਤਕੀ ਦਾ ਕਿਰਦਾਰ ਵੀ ਵਧੀਆ ਲੱਗਾ ਹੈ। ਫ਼ਿਲਮ ਵਿਚ ਇੱਕ ਛੋਟਾ ਜਿਹਾ ਜ਼ਬਰਦਸਤ ਕਿਰਦਾਰ ਹੈ, ਜੋ ਅਖੀਰ ਵਿਚ ਅਮਰ ਸਿਤਾਰਾ ਨੂੰ ਮਾਰਦਾ ਹੈ, ਉਸ ਨੂੰ ਨਿਭਾਇਆ ਹੈ ਅਦਾਕਾਰ ਸੁੱਖੀ ਢਿੱਲੋਂ ਨੇ। ਫ਼ਿਲਮ ਦੇ ਕਲਾਈਮੈਕਸ ਵਿਚ ਅਮਰ ਸਿਤਾਰਾ ਕਮਲਜੋਤ ਦੇ ਮਰਨ ਤੋਂ ਬਾਅਦ ਕਾਤਲ ਨੂੰ ਕਹਿੰਦਾ ਹੈ ਕਿ ਮੇਰੀ ਜੋੜੀ ਤਾਂ ਟੁੱਟ ਹੀ ਗਈ, ਹੁਣ ਮੈਂ ਜੀਅ ਕੇ ਕੀ ਕਰੂ, ਮੈਨੂੰ ਵੀ ਮਾਰ ਦੇ ਉਸ ਸੀਨ ਵਿਚ ਦਿਲਜੀਤ ਦੀਆਂ ਹੰਝੂਆਂ ਨਾਲ ਭਰੀਆਂ ਅੱਖਾਂ ਦੇ ਹਾਵ-ਭਾਵ ਤੇ ਮਾਰਨ ਵਾਲਾ ਕਾਤਲ, ਜੋ ਅਸਲ ਵਿਚ ਉਸ ਦਾ ਪ੍ਰਸ਼ੰਸਕ ਵੀ ਹੈ, ਦੀਆਂ ਕੰਬਲ ਦੀ ਬੁੱਕਲ ਮਾਰੀ ਸਿਰਫ ਦੀਹਦੀਆਂ ਹੰਝੂਆਂ ਨਾਲ ਭਰੀਆਂ ਅੱਖਾਂ ਸਿਨੇਮਾ ਹਾਲ ਵਿਚ ਬੈਠੇ ਦਰਸ਼ਕਾਂ ਨੂੰ ਰੋਣ ਲਾ ਦਿੰਦੀਆਂ ਹਨ। ਫ਼ਿਲਮ ਵਿਚ ਬਹੁਤ ਸਾਰੇ ਐਸੇ ਦ੍ਰਿਸ਼ ਹਨ, ਜਿਨ੍ਹਾਂ ਨੂੰ ਵੇਖ ਕੇ ਤੁਹਾਡੀ ਰੂਹ ਝੰਜੋੜੀ ਜਾਂਦੀ ਹੈ। ਫ਼ਿਲਮ ਦਾ ਗੀਤ-ਸੰਗੀਤ ਵੀ ਬਹੁਤ ਵਧੀਆ ਹੈ, ਜੋ ਅੱਸੀ ਦੇ ਦਹਾਕੇ ਦੀ ਯਾਦ ਦਿਵਾਉਂਦਾ ਹੈ। ਤੂੰਬੀ, ਢੋਲਕੀ, ਹਾਰਮੋਨੀਅਮ ਅਤੇ ਹੋਰ ਦੇਸੀ ਸਾਜ਼ਾਂ ਨਾਲ ਗਾਏ ਫ਼ਿਲਮ ਦੇ ਸਾਰੇ ਗੀਤ ਹੀ ਬਹੁਤ ਖ਼ੂਬਸੂਰਤ ਹਨ, ਜੋ ਬਹੁਤ ਮਸ਼ਹੂਰ ਹੋ ਚੁੱਕੇ ਹਨ ਅਤੇ ਜਿਨ੍ਹਾਂ ਨੂੰ ਸੰਗੀਤ ਪ੍ਰੇਮੀ ਬੇਹੱਦ ਪਸੰਦ ਕਰ ਰਿਹੇ ਹਨ। ਗੀਤਾਂ ਵਿਚ ਵੱਜਦੀ ਤੂੰਬੀ ਰੂਹ ਨਸ਼ਿਆ ਦਿੰਦੀ ਹੈ। ਫ਼ਿਲਮ 'ਜੋੜੀ' ਪੰਜਾਬੀ ਸਿਨੇਮੇ ਨੂੰ ਹੋਰ ਅੱਗੇ ਲੈ ਕੇ ਜਾਣ ਵਾਲੀ ਇੱਕ ਬੇਹਤਰੀਨ ਫ਼ਿਲਮ ਹੈ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ
Dr. Bindra Clinic
Dental Care & Hair Transplant
COSMETIC - IMPLANT - RESTORATIVE
ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।
Dr. Simranpal Singh Bindra
M.D.S, Endodontist
HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in
Dr. Samarpan Kaur
B.D.S, M.H.M

Editorial Board
Chief Editor
Gurjatinder Singh Randhawa
Sub Editors
Sandeep Kumar
Amit Saini
Distributor
Jai Singh
Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਮਾਂਵਾਂ ਨਾਲ ਜੱਗ ਵਸਦਾ

## (ਮਾਂ ਦਿਵਸ ਨੂੰ ਸਮਰਪਿਤ ਲੇਖ)

ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ
ਪਿੰਡ ਨੱਥੂ ਮਾਜਰਾ,
ਜ਼ਿਲ੍ਹਾ ਮਲੇਰਕੋਟਲ (ਪੰਜਾਬ)
ਮੋ : 78374-90309
(Punjab Mail USA)





ਖੂਭਸੂਰਤ ਦੁਨੀਆਂ ਦਾ ਮੁੱਢ ਰਿਸ਼ਤਿਆਂ ਨਾਲ ਬੱਝਦਾ ਹੈ, ਜੋ ਤਾਅ-ਉਮਰ ਦੁੱਖ-ਸੁੱਖ ਵਿਚ ਸਹਾਈ ਹੁੰਦੇ ਹਨ। ਜੱਗ ਜਨਣੀ ਔਰਤ ਤੋਂ ਬਿਨਾਂ ਸੰਸਾਰ ਦੀ ਕਲਪਨਾ ਵੀ ਸੰਭਵ ਨਹੀਂ। ਮਾਂ ਦਾ ਦਰਜਾ ਸਭ ਤੋਂ ਉਪਰ ਹੈ, ਜਿਸ ਸਦਕੇ ਸਭ ਰੰਗਲੀ ਦੁਨੀਆਂ ਦੀਆਂ ਅਸੀਮ ਖੁਸ਼ੀਆਂ ਮਾਣਦੇ ਹਨ। ਇਸ ਰਿਸਤੇ ਨੂੰ ਸਭ ਧਰਮਾਂ ਨੇ ਪਾਕ ਪਵਿੱਤਰ ਦਰਜਾ ਦਿੱਤਾ ਹੈ। ਬੱਚੇ ਪ੍ਰਤੀ ਮਾਂ ਦੇ ਪਿਆਰ ਦੀ ਪਾਕੀਜਗੀ ਲਈ ਇਹ ਕਹਿਣਾ ਅਤਿਕਥਨੀ ਨਹੀਂ ਕਿ ਜੇ ਮਾਂ ਦੇ ਹੱਥ ਆਪਣੇ ਬੱਚੇ ਤਕਦੀਰ ਲਿਖਣ ਵਾਲੀ ਕਲਮ ਹੋਵੇ, ਤਾਂ ਉਹ ਆਪਣੇ ਬੱਚੇ ਲਈ ਸਿਰਫ਼ ਸੁੱਖ ਹੀ ਲਿਖਦੀ। ਸਭ ਰਿਸ਼ਤਿਆਂ ਦਾ ਤਾਣਾ ਅਤੇ ਜੀਵਨ ਪੰਧ ਮਾਂ ਦੀ ਗੋਦ ਤੋਂ ਹੀ ਸ਼ੁਰੂ ਹੁੰਦਾ ਹੈ।

ਮਾਂ ਬੱਚੇ ਦੀ ਮੁੱਢਲੀ ਸੰਸਥਾ ਤੋਂ ਘੱਟ ਨਹੀਂ। ਜੋ ਬਹੁਤ ਕੁਝ ਅਨਭੋਲ ਸਮੇਂ ਵਿਚ ਹੀ ਸਿਖਾ ਦਿੰਦੀ ਹੈ। ਮਾਂ ਦੀ ਜ਼ਿੰਦਗੀ ਨੂੰ ਬਚਪਨ ਦੇ ਪਲ ਖੁਸ਼ੀਆਂ ਨਾਲ ਲਬਰੇਜ ਕਰ ਦਿੰਦੇ ਹਨ। ਬੱਚੇ ਨੂੰ ਸੰਸਕਾਰ ਤੇ ਸਮਜਿਕ ਸਲੀਕਾ ਵੀ ਮਾਂ ਹੀ ਸਿਖਾਉਂਦੀ ਹੈ। ਉਸ ਦਾ ਪਿਆਰ, ਨਿਮਰਤਾ ਤੇ ਦੇਖਭਾਲ ਰਿਸ਼ਤੇ ਨੂੰ ਹੋਰ ਗੂੜ੍ਹਾ ਬਣਾਉਂਦੇ ਹਨ। ਜੋ ਕੇਵਲ ਖਾਣ-ਪੀਣ ਜਾਂ ਸਿਹਤ ਤੱਕ ਹੀ ਸੀਮਤ ਨਹੀਂ। ਸਗੋਂ ਆਪਣੇ ਘੇਰੇ ਤੋਂ ਅੱਗੇ ਵਧ ਹਰ ਸੁੱਖ ਸੁਵਿਧਾ ਲਈ ਉਪਰਾਲੇ ਕਰਦੀ ਹੈ, ਤਾਂ ਜੋ ਸੰਤਾਨ ਦਾ ਭਵਿੱਖ ਉਜਵਲ ਹੀ ਹੋਵੇ। ਮਮਤਾਮਈ ਮੋਹ ਵੀ ਬੱਚੇ ਦੇ ਅਹਿਸਾਸ ਸਮਝਣ ਲਈ ਸਹਾਈ ਹੁੰਦੇ ਹਨ। ਜੋ ਬਿਨ ਬੋਲਿਆ ਉਸਦੀ ਭੁੱਖ, ਨੀਦ, ਖੁਸ਼ੀ, ਨਾਰਾਜ਼ਗੀ ਤੇ ਮਸਤੀ ਬੁੱਝ ਲੈਂਦੀ ਹੈ। ਬਪਚਨ ਦੇ ਲਾਡ ਤੇ ਜਿੱਦ ਦੀ ਪੂਰਤੀ ਮਾਂਵਾਂ ਬਿਨਾਂ ਸੰਭਵ ਨਹੀਂ। ਕੋਰੋਨਾ ਸੰਕਟ ਵਿਚ ਪਰਵਾਸੀ ਮਾਂਵਾਂ ਵਲੋਂ ਲੰਮੇ, ਦੁਖਦਾਈ ਤੇ ਭੁੱਖਮਰੀ ਦੇ ਦੌਰ ਵਿਚ ਬੱਚਿਆਂ ਪ੍ਰਤੀ ਸਮਰਪਿਤ ਵੱਡੀ ਮਿਸਾਲ ਹੈ। ਜਦੋਂਕਿ ਪਿਤਾ ਬੱਚਿਆਂ ਦੀ ਸੁਰੱਖਿਆ, ਸਹਾਇਤਾ ਤੇ ਜ਼ਿੰਮੇਵਾਰੀਆਂ ਵਾਲੇ ਫਰਜ਼ ਆਪ ਮੁਹਾਰੇ ਨਿਭਾਉਂਦੇ ਹਨ।

ਇਹ ਰਿਸ਼ਤਾ ਵੱਡੇ ਹੋਣ ਨਾਲ ਹੋਰ ਗੂੜ੍ਹਾ ਹੋ ਜਾਂਦਾ ਹੈ। ਮਾਂਵਾਂ ਤੇ ਬੱਚੇ ਖੁੱਲ੍ਹਦਿਲੀ ਨਾਲ ਮਨੋਂਭਾਵਨਾ ਪ੍ਰਗਟਾਉਂਦੇ ਹਨ। ਇਹ ਮਮਤਾਮਈ ਮੋਹ ਦੀ ਖੁਸ਼ਗਵਾਰੀ ਹੈ। ਕੁੜੀਆਂ ਤਾਂ ਮਾਂਵਾਂ ਨਾਲ ਸਹੇਲੀਆ ਵਾਂਗ ਵਿਚਰਦੀਆਂ ਹਨ। ਬੱਚਿਆਂ ਨਾਲ ਪਿਆਰ ਵਿਚ ਲਿੰਗ ਭੇਦ-ਭਾਵ ਨਹੀਂ ਹੁੰਦੇ। ਪਰ ਬੇਟੀ ਅਕਸਰ ਪਿਤਾ ਦੇ ਨੇੜੇ ਤੇ ਲੜਕਿਆਂ ਦੇ ਝੁਕਾਅ ਮਾਂਵਾਂ ਵੱਲ ਰਹਿੰਦੇ ਹਨ। ਜਦੋਂ ਪੁੱਤਰਾਂ ਦਾ ਖੁੱਲ੍ਹੇਪਣ ਨਾਲ ਵਿਚਰਨਾ ਪਿਤਾ ਨਾਲ ਹੀ ਹੁੰਦਾ ਹੈ। ਮਨੋਵਿਗਿਆਨੀ ਵੀ ਮਹਿਲਾਵਾਂ ਨੂੰ ਮਾਨਸਿਕ ਪੱਖ ਤੋਂ ਮਜ਼ਬੂਤ ਮੰਨਦੇ ਹਨ। ਬੱਚਿਆਂ ਨੂੰ ਮਾਨਸਿਕ ਦਬਾਉ ਅਤੇ ਸੰਵੇਦਨਮਈ ਹਲਾਤਾਂ ਨੂੰ ਸਿੰਜਣਾ ਸਿਖਾਉਂਦੀਆਂ ਹਨ, ਜੋ ਭਵਿੱਖਮਈ ਫੈਸਲੇ ਲੈਣ ਵਿਚ ਮਦਦਗਾਰ ਸਾਬਤ ਹੁੰਦਾ ਹੈ। ਅਜਿਹੇ ਸੰਸਕਾਰ ਜ਼ਿੰਦਗੀ ਵਿਚ ਅਹਿਮ ਸਥਾਨ ਰੱਖਦੇ ਹਨ। ਇਹ ਮਾਂਵਾਂ ਦੇ ਜਾਣ ਬਾਅਦ ਵੀ ਸਾਡੇ ਤੋਂ ਨਿਖੜਦੇ ਨਹੀਂ। ਸਗੋਂ ਬਚਪਨ ਤੋਂ ਜਵਾਨੀ ਦੀ ਦਹਿਲੀਜ ਤੱਕ ਪੁੱਜਦਿਆਂ ਹੋਰ ਦਰੁੱਸਤ ਹੋ ਜਾਂਦੇ, ਜਿਸ ਨਾਲ ਸਮਾਜ ਵਿਚ ਸਹਿਯੋਗ, ਹਿਮਾਇਤ ਤੇ ਹਲੀਮੀ ਨਾਲ ਵਿਚਰਦੇ ਹਾਂ। ਇਹ ਬੱਚਿਆਂ ਲਈ ਪਿਆਰ ਤੇ ਚਿੰਤਾ ਬਰਾਬਰ ਰੱਖਦੀਆਂ ਹਨ। ਭਾਵੇਂ ਪੜ੍ਹ-ਲ਼ਿਖ ਕੇ ਉਚੀਆਂ ਪਦਵੀਆਂ 'ਤੇ ਪੁੱਜ ਜਾਵਣ। ਮਾਂਵਾਂ ਦੇ ਫਿਕਰ ਉਮਰਾਂ ਦੇ ਤਕਾਜ਼ੇ ਨਾਲ ਨਹੀਂ ਤੋਲੇ ਜਾਂਦੇ, ਬਲਕਿ ਚਿੰਤਾ ਦੀ ਲੜੀ ਸ਼ਾਮੀਂ ਪੂਰਾ ਪਰਿਵਾਰ ਦੇਖਦਿਆਂ ਹੀ ਟੁੱਟਦੀ ਹੈ।

ਮਾਂਵਾਂ ਦੀ ਢਲਦੀ ਉਮਰ ਦੇ ਪਰਛਾਵੇਂ ਨਵੀਆਂ ਉਮੰਗਾਂ ਲੈ ਕੇ ਆਉਂਦੇ ਹਨ। ਆਪਣੇ ਹੱਥੀ ਪਾਲਿਆ ਦੇ ਕਾਰਜ ਰਚਾਉਣੇ ਦਿਲ਼ੀ ਖਵਾਇਸ ਹੁੰਦੀ ਹੈ। ਨੂੰਹ ਦੀਆਂ ਰੌਣਕਾਂ ਅਤੇ ਜਵਾਈ ਨਾਲ ਨਵੇਂ ਰਿਸ਼ਤੇ ਵਿਚ ਬੱਝਾ ਘਰ ਸਵਰਗ ਤੋਂ ਘੱਟ ਨਹੀਂ ਜਾਪਦਾ, ਜਿਸ ਵਿਚ ਕੁਲ ਦੇ ਵਾਧੇ ਦੀ ਤਾਂਘ ਵੀ ਉਡਾਰੀ ਭਰਦੀ ਹੈ। ਪੋਤੇ-ਪੋਤੀਆਂ ਤੇ ਦੋਹਤੇ-ਦੋਹਤੀਆਂ ਨਾਲ ਘਿਰੀ ਮਾਂ ਨੂੰ ਸਮਾਂ ਠਹਿਰਿਆ ਲੱਗਦਾ ਹੈ। ਇਸ ਰੱਬੀ ਬਖਸ਼ਿਸ ਲਈ ਸੁੱਖਾਂ ਹੀ ਮੰਗਦੀ ਹੈ। ਨਵੇਂ ਵਰੇਸਾ ਲਈ ਜਵਾਨੀ ਮਾਨਣ ਤੇ ਲੰਮੀਆਂ ਉਮਰਾਂ ਦੀ ਅਸੀਸਾਂ ਹੀ ਮੂੰਹੋਂ ਨਿਕਲਦੀਆਂ ਹਨ। ਆਪਣਿਆਂ ਪ੍ਰਤੀ ਬੇਪਨਾਹ ਪਿਆਰ ਤੇ ਚੌਤਰਫੀ ਸੰਭਾਲ ਨੂੰ ਅਣਗੌਲਿਆ ਕਰਨਾ ਨਾਮੁਮਕਿਨ ਜਾਪਦਾ ਹੈ, ਜੋ ਤੁਰਨ ਤੋਂ ਲੈ ਕੇ ਤਰੱਕੀ ਤੱਕ ਪਹੁੰਚਾਉਂਦੀਆਂ ਹਨ। ਗੁਰੂ ਸਾਹਿਬਾਨਾਂ ਨੇ ਪ੍ਰਮਾਤਮਾ ਤੇ ਪਿਤਾ ਤੋਂ ਪਹਿਲਾ ਮਾਂ ਨੂੰ ਬੱਚਿਆਂ ਦੀ ਗੁਰੂ ਦਰਸਾਇਆ ਹੈ।

ਗੁਰਦੇਵ ਮਾਤਾ, ਗੁਰਦੇਵ ਪਿਤਾ
ਗੁਰਦੇਵ ਸੁਆਮੀ ਪਰਮੇਸਰਾ ॥

ਇਸ ਸਵਾਰਥ ਰਹਿਤ ਬੱਝੇ ਰਿਸ਼ਤੇ ਦਾ ਕਰਜਾ ਲ਼ੱਥਣਾ ਆਸਾਨ ਨਹੀਂ। ਜਿਹੜੀ ਆਪਣੇ ਅਖੀਰੀ ਵੇਲੇ ਵੀ ਪਰਿਵਾਰ ਦੀਆਂ ਸੁੱਖਾਂ ਹੀ ਲੋਚਦੀਆਂ ਹਨ। ਅਸੀਂ ਉਸ ਦੀਆਂ ਸਿੱਖਿਆਵਾਂ ਨਾਲ ਔਖੇ ਪੈਂਡੇ ਤੈਅ ਕਰਦੇ ਹਾਂ। ਜਾਣ ਬਾਅਦ ਵੀ ਸਾਡੇ ਅੰਗ ਸੰਗ ਰਹਿਦੀ ਹੈ। ਮਾਂ ਦੀ ਬਦੌਲਤ ਚਲਦੇ ਸਾਹਾਂ ਦਾ ਹਰਜਾਨੇ ਭਰਨੇ ਅਸੰਭਵ ਨਹੀਂ, ਮਾਂ ਦੇ ਪਿਆਰ ਦੀ ਠੰਡੀ ਛਾਂ ਨੂੰ ਮਾਨਣਾ ਵੀ ਨਸੀਬ ਨਾਲ ਹੀ ਹਾਸਲ ਹੁੰਦਾ ਹੈ। ਤੁਰ ਤਾਂ ਸਭ ਨੇ ਹੀ ਜਾਣਾ ਪਰ ਸਮੇਂ ਤੋਂ ਪਹਿਲਾਂ ਬੱਚਿਆ ਦੀ ਮਾਂ ਦੂਰ ਨਾ ਹੋਵੇ। ਇਹ ਖਲਾਅ ਪੂਰਿਆ ਨਹੀਂ ਜਾ ਸਕਦਾ, ਦੁਨੀਆਂ ਖਾਲੀ (ਖਮੋਸ਼) ਲੱਗਦੀ ਹੈ। ਮਾਂ ਦੇ ਪਿਆਰ ਵਰਗਾ ਨਿੱਘ ਕਿਧਰੇ ਹੋਰ ਨਹੀਂ ਮਿਲਦਾ, ਜੋ ਮਾਂ ਦੇ ਤੁਰ ਜਾਣ ਮਗਰੋਂ ਮਹਿਸੂਸ ਹੋਇਆ। ਮਾਂ ਹਰ ਕਿਸੇ ਦੇ ਜੀਵਨ ਵਿਚ ਸਭ ਤੋਂ ਮਹੱਤਵਪੂਰਨ ਔਰਤ ਹੁੰਦੀ ਹੈ। ਇੱਕ ਮਾਂ ਆਪਣੇ ਬੱਚੇ ਲਈ ਆਪਣੀਆਂ ਖੁਸ਼ੀਆਂ ਕੁਰਬਾਨ ਕਰ ਦਿੰਦੀ ਹੈ। ਜਿਸ ਤਰ੍ਹਾਂ ਇੱਕ ਮਾਂ ਬੱਚਿਆਂ ਦੀ ਦੇਖਭਾਲ ਕਰਦੀ ਹੈ, ਕੋਈ ਹੋਰ ਨਹੀਂ ਕਰ ਸਕਦਾ। ਸੋ ਪਰਿਵਾਰ ਸਮੇਤ ਮਾਂਵਾਂ ਨੂੰ ਸਮਾਂ ਜ਼ਰੂਰ ਦੇਵੋ। ਉਸ ਰੂਹਾਨੀ ਖੁਸ਼ੀ ਦਾ ਆਨੰਦ ਕਿਤੋਂ ਹੋਰ ਨਹੀਂ ਮਿਲ ਸਕਦਾ।

# ਨਰਸਾਂ (ਦਾਈਆਂ) ਹਨ-ਸਾਡਾ ਭਵਿੱਖ

*"ਅੰਤਰਰਾਸ਼ਟਰੀ 2023 ਨਰਸ ਦਿਵਸ ਦਾ ਥੀਮ ਹੈ- 'ਸਾਡੀਆਂ ਨਰਸਾਂ, ਸਾਡਾ ਭਵਿੱਖ'। ਬੱਚੇ ਦੇ ਜਨਮ ਤੋਂ ਲੈ ਕੇ ਹਰ ਆਮ-ਖਤਰਨਾਕ ਬਿਮਾਰੀ ਦੇ ਇਲਾਜ ਵਿਚ ਮਦਦ ਤੇ ਐਕਸੀਡੈਂਟ ਦੇ ਸ਼ਿਕਾਰ ਲੋਕਾਂ ਦੀ ਤੁਰੰਤ ਦੇਖਭਾਲ ਕੇਵਲ ਨਰਸਾਂ ਹੀ ਡਾਕਟਰਾਂ ਦੇ ਸਹਿਯੋਗ ਨਾਲ ਦਿਨ-ਰਾਤ ਇੱਕ ਕਰ ਰਹੀਆਂ ਹਨ। ਵਿਸ਼ਵ ਭਰ ਦੀ ਨਰਸ-ਦਾਈਆਂ ਤਾਰੀਫ ਤੇ ਧੰਨਵਾਦ ਦੇ ਪਾਤਰ ਹਨ"- ਅਨਿਲ ਧੀਰ*

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)






ਅੰਤਰਰਾਸ਼ਟਰੀ ਪੱਧਰ 'ਤੇ ਨਰਸ ਦਿਵਸ 2023 ਮਨਾਇਆ ਜਾ ਰਿਹਾ ਹੈ। ਵਿਸ਼ਵ ਸਿਹਤ ਅਸੈਂਬਲੀ ਵੱਲੋਂ 2020 ਨੂੰ ਨਰਸ ਅਤੇ ਦਾਈ ਦਾ ਅੰਤਰਰਾਸ਼ਟਰੀ ਸਾਲ ਐਲਾਨ ਕੀਤਾ ਸੀ। ਨਰਸ ਅਤੇ ਦਾਈਆਂ ਸਿਹਤ ਸੇਵਾਵਾਂ ਪ੍ਰਦਾਨ ਕਰਨ ਵਿਚ ਖਾਸ ਰੋਲ ਅਦਾ ਕਰਦੀਆਂ ਹਨ। ਮਹਾਂਮਾਰੀ ਕੋਵਿਡ 19 ਦੌਰਾਨ ਆਪਣੀ ਜ਼ਿੰਦਗੀ ਦੀ ਪਰਵਾਹ ਨਾ ਕਰਦੇ ਹੋਏ ਵਾਇਰਸ ਨਾਲ ਪੀੜਤ ਲੋਕਾਂ ਦੀ ਜ਼ਿੰਦਗੀ ਬਚਾਉਣ ਲਈ ਦਿਨ-ਰਾਤ ਇੱਕ ਕੀਤਾ। ਵਿਸ਼ਵ ਭਰ ਵਿਚ ਨਰਸਾਂ, ਦਾਈਆਂ ਅਤੇ ਸੋਸ਼ਲ ਵਰਕਰਜ਼ ਵਿਚ 80% ਔਰਤਾਂ ਐਕਟਿਵ ਹਨ। ਇਹ ਓਹ ਲੋਕ ਹਨ, ਜੋ ਆਪਣੀ ਜ਼ਿੰਦਗੀ ਡਿਲੀਵਰੀ ਦੌਰਾਨ ਮਾਂ ਅਤੇ ਬੱਚੇ ਦੀ ਜਾਨ ਬਚਾਉਣ ਦੇ ਨਾਲ ਪੂਰੀ ਦੇਖਭਾਲ, ਕਮਿਊਨਿਟੀ ਲਈ ਜੀਵਨ-ਰਕਸ਼ਕ ਵੈਕਸੀਨ, ਸਿਹਤ ਸਲਾਹ ਦੇਣੀ, ਸੀਨਿਅਰਜ਼ ਦੀ ਦੇਖਭਾਲ ਅਤੇ ਰੋਜ਼ਾਨਾਂ ਦੀਆਂ ਸਿਹਤ ਲ਼ੋੜਾਂ ਨੂੰ ਪੂਰਾ ਵੀ ਕਰ ਰਹੀਆਂ ਹਨ।

ਵਿਸ਼ਵ ਪੱਧਰ 'ਤੇ 2030 ਤੱਕ ਸਿਹਤ ਟੀਚਾ ਪੂਰਾ ਕਰਨ ਲਈ ਦੁਨੀਆਂ ਨੂੰ 9 ਮਿਲੀਅਨ ਨਰਸਾਂ ਤੇ ਦਾਈਆਂ ਦੀ ਲੋੜ ਹੈ। ਨਰਸਾਂ ਅਤੇ ਦਾਈਆਂ ਦੇ ਕੰਮ ਨੂੰ ਮਨਾਉਣ ਦੇ ਇੱਕ ਸਾਲ ਦੇ ਯਤਨਾਂ ਵਿਚ ਸੰਸਥਾਵਾਂ ਆਈ.ਸੀ.ਐੱਮ; ਆਈ.ਸੀ.ਐੱਨ; ਯੂ.ਐੱਨ.ਐੱਫ.ਪੀ.ਓ.; ਡਬਲਯੂ.ਐੱਚ.ਓ. ਦੇ ਸਹਿਯੋਗ ਨਾਲ ਹਰ ਚੁਣੌਤੀ ਦਾ ਸਾਹਮਣਾ ਕਰਨਗੀਆਂ। ਪੂਰੀ ਦੁਨੀਆਂ ਹਰ ਸਾਲ ਡਬਲਯੂ.ਐੱਚ.ਓ. ਦੁਆਰਾ ਚਲਾਈ ਹਰ ਮੁਹਿਮ 'ਤੇ ਫੋਕਸ ਰੱਖਦੀ ਹੈ। ਹੈਲਥ ਫਾਰ ਆਲ ਦੁਨੀਆਂ ਭਰ ਦੇ ਸਹਿਯੋਗ ਨਾਲ ਹੀ ਮੁਮਕਿਨ ਹੈ।

ਸਿਹਤ-ਸੰਭਾਲ ਦੇ ਖੇਤਰ ਵਿਚ ਬੱਚੇ ਦੇ ਜਨਮ ਵੇਲੇ ਦਾਈਆਂ ਦਾ ਅਤੇ ਬਿਮਾਰੀ ਵਿਚ ਹਸਪਤਾਲ, ਨਰਸਿੰਗ ਹੋਮ, ਹੈਲਥ ਸੈਂਟਰ ਅੰਦਰ ਮਨੁੱਖ ਦੇ ਆਖਰੀ ਸਾਹ ਤੱਕ ਨਰਸਾਂ ਪੂਰੀ ਜ਼ਿੰਮੇਵਾਰੀ ਨਾਲ ਕੰਮ ਕਰ ਰਹੀਆਂ ਹਨ। ਹਸਪਤਾਲ, ਮੈਡੀਕਲ ਸੈਂਟਰਾਂ ਵਿਚ ਨਰਸਾਂ ਡਾਕਟਰ ਤੋਂ ਪਹਿਲਾਂ ਰੋਗੀਆਂ ਦੀ ਮਦਦ ਕਰਨ ਦੇ ਨਾਲ ਨਰਸਿੰਗ ਦੇਖਭਾਲ ਕਰਦੀਆਂ ਹਨ। ਸਰਜਰੀ ਤੋਂ ਪਹਿਲਾਂ ਆਪ੍ਰੇਸ਼ਨ ਥੀਏਟਰ ਵਿਚ ਤਿਆਰੀ ਨਰਸਾਂ ਹੀ ਕਰਦੀਆਂ ਹਨ। ਨਰਸਾਂ ਦਾਈਆਂ ਲੈਵ ਵਿਚ ਬਲੱਡ ਵਰਕ, ਮਰੀਜ਼ਾਂ ਦੀ ਮੁੱਢਲੀ ਜਾਂਚ, ਆਈ.ਵੀ. ਤਰਲ ਪਦਾਰਥ, ਰੋਗੀ ਨੂੰ ਦਵਾਈ ਦੇਣਾ ਤੇ ਜ਼ਖਮਾਂ ਦੀ ਡਰੈਸਿੰਗ ਵਗੈਰਾ ਦਾ ਫਰਜ਼ ਅਦਾ ਕਰਦੀਆਂ ਹਨ। ਨਰਸਾਂ-ਦਾਈਆਂ 24 ਘੰਟੇ ਰੋਗੀਆਂ ਦੀ ਮਦਦ ਲਈ ਤਿਆਰ ਰਹਿੰਦੀਆਂ ਹਨ।

ਪਹਿਲੇ ਵਿਸ਼ਵ ਯੁੱਧ ਵਿਚ ਦੁਨੀਆਂ ਭਰ ਵਿਚ ਕੈਨੇਡਾ ਪਹਿਲਾ ਮੁਲਕ ਸੀ, ਜਿਸਨੇ ਔਰਤਾਂ ਨੂੰ ਫੌਜ ਵਿਚ ਸ਼ਾਮਲ ਕਰਕੇ ਸਨਮਾਨ ਦਿੱਤਾ ਸੀ। ਯੁੱਧ ਦੇ ਸ਼ੁਰੂ ਵਿਚ ਨਰਸਾਂ ਨੂੰ ਅਗਲੀਆਂ ਲਾਈਨਾਂ ਦੇ ਨੇੜੇ ਹਾਦਸਾ ਪੀੜਿਤ ਕਲੀਅਰਿੰਗ ਸਟੇਸ਼ਨਾਂ 'ਤੇ ਨਹੀਂ ਭੇਜਿਆ ਗਿਆ, ਜਿਥੇ ਗੋਲੀਬਾਰੀ ਦਾ ਸਾਹਮਣਾ ਕਰਨਾ ਪੈ ਸਕਦਾ ਸੀ। ਸੁਰੱਖਿਅਤ ਦੂਰੀ 'ਤੇ ਹਸਪਤਾਲਾਂ ਵਿਚ ਭਰਤੀ ਕੀਤਾ ਗਿਆ ਸੀ, ਜਿੱਥੇ ਜ਼ਖਮੀ ਸੈਨਿਕਾਂ ਦਾ ਇਲਾਜ ਕਰਕੇ ਬਚਾਇਆ ਗਿਆ। ਯੁੱਧ ਵੇਲੇ ਹਸਪਤਾਲ ਵਾਲੇ ਜਹਾਜ਼ ਨੂੰ ਦੁਸ਼ਮਣਾਂ ਨੇ ਨਿਸ਼ਾਨਾ ਬਣਾਇਆ, ਸੈਨਿਕਾਂ ਦੇ ਨਾਲ-ਨਾਲ ਨਰਸਾਂ ਵੀ ਮੌਤ ਦਾ ਸ਼ਿਕਾਰ ਹੋ ਗਈਆਂ। ਕੈਨੇਡੀਅਨ ਆਰਮੀ ਮੈਡੀਕਲ ਕੋਰ ਵਿਚ ਤਿੰਨ ਹਜਾਰ ਤੋਂ ਵੱਧ "ਨਰਸਿੰਗ ਭੈਣਾਂ" ਨੇ ਸੇਵਾ ਕੀਤੀ। ਪਹਿਲੇ ਵਿਸ਼ਵ ਯੁੱਧ ਦੇ ਅੰਤ ਤੱਕ 46 ਕੈਨੇਡਿਅਨ ਭੈਣਾਂ ਦੀ ਮੌਤ ਹੋ ਗਈ ਸੀ। ਡਬਲਯੂ.ਐੱਚ.ਓ. ਦੇ ਮੁਤਾਬਕ ਨਰਸ ਅਤੇ ਦਾਈਆਂ ਹਰ ਸਿਹਤ ਪ੍ਰਣਾਲੀ ਦੀ ਰੀੜ੍ਹ ਦੀ ਹੱਡੀ ਹਨ; ਸਾਲ 2020 ਵਿਚ ਅਸੀਂ ਸਾਰਿਆਂ ਦੀ ਸਿਹਤ ਪ੍ਰਤੀ ਆਪਣੀ ਵਚਨਬੱਧਤਾ ਦੇ ਹਿੱਸੇ ਵਜੋਂ ਨਰਸਾਂ ਅਤੇ ਦਾਈਆਂ ਵਿਚ ਨਿਵੇਸ਼ ਕਰਨ ਲਈ ਕਹਿ ਰਹੇ ਹਾਂ। ਹਰ ਆਦਮੀ ਨੂੰ ਨਰਸ ਤੇ ਦਾਈਆਂ ਦਾ ਸਨਮਾਨ ਅਤੇ ਧੰਨਵਾਦ ਕਰਨਾ ਚਾਹੀਦਾ ਹੈ ਕਿਉਂਕਿ 'ਹੈਲਥ ਫਾਰ ਆਲ' ਲਈ ਨਰਸਾਂ-ਦਾਈਆਂ ਦਾ ਸਹਿਯੋਗ ਹੀ ਜ਼ਰੂਰੀ ਹੈ।

# ਭਾਈ ਹਰਿਸਿਮਰਨ ਸਿੰਘ ਦੀ ਕਿਤਾਬ ਪੰਥਕ ਏਜੰਡਾ: ਸਿੱਖ ਪੰਥ ਦੇ ਉਜਵੱਲ ਭਵਿੱਖ ਦੀ ਯੋਜਨਾਬੰਦੀ ਤੇ ਸਮੀਖਿਆ

-ਦਿਲਜੀਤ ਸਿੰਘ ਬੇਦੀ
(Punjab Mail USA)




ਲੇਖਕ ਨੇ ਹੱਥਲੇ ਵੱਡਅਕਾਰੀ ਗ੍ਰੰਥ ਨੂੰ ਚਾਰ ਭਾਗ ਵਿਚ ਤਕਸੀਮ ਕੀਤਾ ਹੈ। ਜਿਸ ਦਾ ਪਹਿਲਾ ਭਾਗ, ਪੰਥਕ ਮਿਸ਼ਨ ਅਤੇ ਮੀਰੀ-ਪੀਰੀ ਸੰਸਥਾਵਾਂ ਦੀ ਨਵ-ਉਸਾਰੀ, ਭਾਗ ਦੂਜੇ ਵਿਚ ਸਿੱਖ ਕੌਮ ਦੇ ਸਵੈ ਸ਼ਸ਼ਕਤੀ ਕਰਨ ਦਾ ਪ੍ਰਸੰਗ, ਭਾਗ ਤੀਜੇ ਵਿਚ ਸਿੱਖ ਰਾਜਨੀਤੀ ਸਿੱਖ-ਸੱਤਾ ਅਤੇ ਸਿੱਖ ਸੰਘਰਸ਼ ਦੀਆਂ ਵਿਚਾਰਧਾਰਕ ਰਣਨੀਤਿਕ ਦਿਸ਼ਾਵਾਂ ਅਤੇ ਚੌਥੇ ਭਾਗ ਸਿੱਖ ਜੀਵਨ ਜੁਗਤਿ ਮਾਡਲਾਂ ਦਾ ਵਿਸਮਾਦੀ ਪੰਥਕ ਬ੍ਰਿਤਾਂਤ ਸਿਰਜ ਕੇ ਅੱਗੇ ਇੱਕੀ ਅਧਿਆਇਆਂ ਵਿਚ ਵੰਡਿਆ ਹੈ। ਹਰ ਅਧਿਆਇ ਨੂੰ ਅੱਗੋ ਸਬ ਸਿਰਲੇਖਾਂ ਹੇਠ ਉਜਾਗਰ ਕਰਨ ਦਾ ਜਤਨ ਜੁਟਾਇਆ ਹੈ। ਜਿਵੇਂ ਪਹਿਲੇ ਅਧਿਆਇ ਦੇਸ਼ ਪੰਜਾਬ ਨੂੰ ਸ਼ਕਤੀ ਆਧਾਰ ਬਣਾ ਕੇ ਇਸ ਧਰਤੀ ਉੱਤੇ ਪਰਮ ਸੱਚ ਵਾਹਿਗੁਰੂ ਦੀ ਪ੍ਰਭੁਤਾ ਅਤੇ ਪ੍ਰਭੁਸੱਤਾ ਸਥਾਪਿਤ ਕਰਨਾ ਨੂੰ ਅੱਗੇ ਅੱਠ ਉਪ ਸਿਰਲੇਖਾਂ ਵਿਚ ਦੂਜੇ ਅਧਿਆਇ ਮੀਰੀ-ਪੀਰੀ ਸੰਸਥਾਵਾਂ ਦੀ ਨਵ-ਉਸਾਰੀ ਦੇ ਅੱਗੋ ਤਿੰਨ ਸਬ ਸਿਰਲੇਖ, ਤੀਜੇ ਅਧਿਆਇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਮੀਰੀ-ਪੀਰੀ ਗੌਰਵ ਅਤੇ ਅਗਵਾਈ ਦੇ ਤੇਰਾਂ ਉਪ ਸਿਰਲੇਖ, ਚੌਥੇ ਅਧਿਆਇ ਦੇ ਬਾਰਾਂ ਤੇ ਪੰਜਵੇਂ ਅਧਿਆਇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦੂਜੀਆਂ ਗੁਰਦੁਆਰਾ ਕਮੇਟੀਆਂ ਵਿਚ ਲਿਆਂਦੇ ਜਾਣ ਵਾਲੇ ਸੁਧਾਰਾਂ ਦੀ ਰੂਪ ਰੇਖਾ ਵਿਚ ਪਹਿਲੇ ਤਿੰਨ ਉਪ ਸਿਰਲੇਖਾਂ ਤੋਂ ਇਲਾਵਾ ਅੱਗੇ (ਅ) ਵਿਚ ਚੋਣ ਸੁਧਾਰ (ੲ) ਵਿਚ ਧਾਰਮਿਕ ਸੁਧਾਰ, ਇਸ ਤੋਂ ਅੱਗੇ (ਗ) ਤੀਕ ਵੱਖ-ਵੱਖ ਸਬ ਸਿਰਲੇਖਾਂ ਵਿਚ ਵਿਸਥਾਰ ਦਿੱਤਾ ਗਿਆ ਹੈ।

ਛੇਵੇਂ ਅਧਿਆਇ ਵਿਚ ਸਿੱਖ ਪੰਥ ਦੀ ਵਿਸ਼ਵ ਸੰਸਦ, ਸਰਬੱਤ ਖਾਲਸਾ ਦੀ ਪੁਨਰ ਸੁਰਜੀਤੀ ਸੰਕਲਪ ਰੂਪ ਸਰੂਪ ਅਤੇ ਬਣਤਰ ਅਤੇ ਦੂਜੇ ਭਾਗ ਵਿਚ ਸਿੱਖ ਕੌਮ ਦੇ ਸਵੈ ਸਸ਼ਕਤੀ ਕਰਨ ਦਾ ਪ੍ਰਸੰਗ ਸ਼ਾਮਲ ਹੈ। ਸੱਤ ਅਧਿਆਇ ਵਿਚ ਸਿੱਖਾਂ ਦੇ ਵਿਸ਼ਵ ਦੇ ਵਿਸ਼ੇਸ਼ ਲੋਕ ਹੋਣ ਨਾਤੇ ਉਨ੍ਹਾਂ ਨੂੰ ਉਸ ਅਨੁਸਾਰ ਹੀ ਵਿਚਾਰ ਕਰਨਾ ਹੋਏਗਾ-ਮੁੱਦੇ ਤੇ ਸੰਭਾਵਨਾਵਾਂ ਨੂੰ ਪੰਜਤਾਲੀ ਉਪ ਸਿਰਲੇਖਾਂ ਵਿਚ ਬਿਆਨਿਆ ਹੈ। ਅੱਠਵੇਂ ਅਧਿਆਇ ਦੇਸ਼ ਪੰਜਾਬ ਸਿੱਖ ਪੰਥ ਦਾ ਕੌਮੀ ਘਰ, ਤੀਸਰ ਭਾਗ ਸਿੱਖ ਰਾਜਨੀਤੀ-ਸਿੱਖ ਸਤਾ ਅਤੇ ਸਿੱਖ ਸੰਘਰਸ਼ ਦੀਆਂ ਵਿਚਾਰਧਾਰਕ ਰਣਨੀਤਿਕ ਦਿਸ਼ਾਵਾਂ ਦੇ ਉਪਸਿਰਲੇਖ ਹਨ। ਨੌਵੇਂ ਅਧਿਆਇ, ਅਦਰਸ਼ਕ ਵਿਸਮਾਦੀ ਸਟੇਟ ਅਤੇ ਸਫਲ ਸਿੱਖ ਸ਼ਾਮਲ ਭਾਵ ਅਰਥ ਅਤੇ ਮੁੱਦੇ ਦੇ ਅੱਗੇ ਚਾਰ ਸਬ ਸਿਰਲੇਖ ਹਨ। ਦਸਵੇਂ ਅਧਿਆਇ, ਭਾਰਤੀ ਸੱਤਾ ਪ੍ਰਬੰਧ ਵਿਚ ਸਿੱਖ ਰਾਜਨੀਤੀ ਅਤੇ ਸਿੱਖ ਰਾਜ ਸੱਤਾ ਦਾ ਸਥਾਨ ਸਰੋਕਾਰ ਅਤੇ ਭਵਿੱਖ ਦੀ ਦਿਸ਼ਾ ਨੂੰ ਛੇ ਸਬ ਸਿਰਲੇਖ ਦਿੱਤੇ ਹਨ। ਗਿਆਰਵੇਂ ਅਧਿਆਇ ਵਿਸ਼ਵ ਸ਼ਕਤੀਆਂ ਵਿਚਕਾਰ ਟਕਰਾਓ, ਬਦਲਵਾਂ ਗਲੋਬਲ ਆਰਡਰ ਅਤੇ ਸਰਕਾਰ-ਏ-ਖਾਲਸਾ ਦੀ ਵਿਸਮਾਦ ਪ੍ਰੋਤ ਭੂ ਰਾਜਸੀ ਬਣਰ ਭੂਮਿਕਾ ਦੇ ਚਾਰ ਅਤੇ ਬਾਰਵੇਂ ਅਧਿਆਏ ਸਿੱਖ ਸੰਘਰਸ਼ ਮੁੱਦੇ ਅਤੇ ਭਵਿੱਖ ਦੀਆਂ ਦਿਸ਼ਾਵਾਂ ਨੂੰ ਛੇ ਸਿਰਲੇਖਾਂ ਵਿਚ ਤਕਸੀਮ ਕੀਤਾ ਹੈ।

ਤੇਰਵੇਂ ਅਧਿਆਇ ਦਿਮਾਗਾਂ ਦੇ ਮੁਕਾਬਲੇ ਦੇ ਯੁੱਗ ਵਿਚ ਬੌਧਿਕ ਰਾਜਨੀਤਕ, ਕੂਟਨੀਤਕ, ਮਨੋਵਿਗਿਆਨਕ, ਆਰਥਿਕ ਅਤੇ ਮੀਡੀਆ, ਯੁੱਧਾਂ ਦਾ ਮਹੱਤਵ ਕੁੱਝ ਨੀਤੀ ਸੂਤਰ। ਚੌਥੇ ਭਾਗ ਵਿਚ ਸਿੱਖ ਜੀਵਨ ਜੁਗਤਿ ਮਾਡਲਾਂ ਦਾ ਵਿਸਮਾਦੀ ਪੰਥਕ ਬਿਰਤਾਂਤ ਅਤੇ ਚੌਧਵੇਂ ਅਧਿਆਇ ਦੇਸ਼ ਪੰਜਾਬ ਦੀ ਨਵਉਸਾਰੀ ਦਾ ਵਿਸਮਾਦ ਪ੍ਰੋਤ ਆਰਥਿਕ ਵਿਕਾਸ ਮਾਡਲ ਨੂੰ ਦਸ ਸਬ ਸਿਰਲੇਖਾਂ ਵਿਚ ਬੰਦ ਕੀਤਾ ਹੈ। ਪੰਦਰਵੇਂ ਅਧਿਆਏ ਵਿਸ਼ਵ ਸੱਭਿਆਚਾਰਾਂ ਦੇ ਪਰਿਵਾਰ ਵਿਚ ਸਿੱਖ ਸੱਭਿਆਚਾਰ ਦਾ ਸਨਮਾਨ ਯੋਗ ਸਥਾਨ ਅਤੇ ਪ੍ਰਸੰਗਿਕ ਭੂਮਿਕਾ ਸੰਕਟ ਅਤੇ ਉਜਵਲ ਭਵਿੱਖ ਨੂੰ ਇਕੀ ਸਬ ਸਿਰਲੇਖਾਂ ਵਿਚ ਅੰਕਿਤ ਕੀਤਾ ਹੈ। ਸੋਲਵੇਂ ਅਧਿਆਇ ਪੰਥਕ ਬੌਧਿਕਤਾ ਅਤੇ ਵਿਸ਼ਿਸ਼ਟਤਾ ਪੰਥ ਦਾ ਮਜ਼ਬੂਤ ਸਟੀਲ ਫਰੇਮ। ਸਤਾਰਵੇਂ ਅਧਿਆਏ ਸਿੱਖ ਮਨੁੱਖੀ ਸਰੋਤ ਵਿਕਾਸ ਪ੍ਰਸੰਗ ਸਿੱਖ ਵਿਦਿਅਕ ਪ੍ਰਣਾਲੀ ਦੀ ਲੋੜ ਮੁੱਦੇ ਅਤੇ ਦਿਸ਼ਾਵਾਂ ਨੂੰ ਅੱਗੇ ਪੰਜ ਉਪਸਿਰਲੇਖਾਂ ਵਿਚ ਅਤੇ ਅਠਾਰਵੇਂ ਅਧਿਆਏ ਸਿੱਖ ਸਿਹਤ ਸੇਵਾਵਾਂ, ਉਨੀਵੇਂ ਅਧਿਅਇ ਸਿੱਖ ਨੌਜੁਆਨੀ ਪੰਥ ਕੌਮ ਦੀ ਸ਼ਕਤੀ ਦਾ ਵਗਦਾ ਦਰਿਆ ਵੀ ਹੋਵੇਂ ਸਿੱਖ ਖੇਡ ਸੱਭਿਆਚਾਰ ਦੇ ਨਵੇਂ ਦਿਸਹਦੇ ਅਤੇ ਇਕੀਵੇਂ ਅਧਿਆਇ ਪੰਥਕ ਮੀਡੀਆ ਇਕ ਸ਼ਕਤੀਸ਼ਾਲੀ ਰਣਨੀਤਕ ਅਖਾੜਾ ਨੂੰ ਤਿੰਨ ਉਪਸਿਰਲੇਖਾਂ ਵਿਚ ਵਿਸਥਾਰਿਆ ਗਿਆ ਹੈ। ਅੰਤਿਕਾਵਾਂ ਵਿਚ ਬ੍ਰਿਟਿਸ਼ ਸਰਕਾਰ ਅਤੇ ਲਾਹੌਰ ਦਰਬਾਰ ਵਿਚਕਾਰ ਹੋਇਆ ਅਹਿਦਨਾਮਾ ਜਦੋਂ 4 ਸੰਤਬਰ, 1854 ਨੂੰ ਖਾਲਸਾ ਰਾਜ ਸਿੱਖਾਂ ਨੂੰ ਵਾਪਸ ਕੀਤਾ ਜਾਣਾ ਸੀ, ਸ੍ਰੀ ਅਨੰਦਪੁਰ ਸਾਹਿਬ ਦਾ ਮਤਾ, ਖਾਲਿਸਤਾਨ ਦਾ ਐਲਾਨਨਾਮਾ ਅਤੇ ਅੰਮ੍ਰਿਤਸਰ ਐਲਾਨਨਾਮੇ ਦਾ ਮੂਲ ਪਾਠ ਦਰਜ ਹੈ।

ਪੰਥਕ ਏਜੰਡਾ ਪੁਸਤਕ ਦਾ ਸਿਰਲੇਖ ਹੀ ਸਪੱਸ਼ਟ ਹੈ ਤੇ ਇਸ ਪੰਥ ਨਾਲ ਜੁੜੇ ਸਰੋਕਾਰ ਵਿਹਾਰ, ਜੁਗਤ, ਭਵਿੱਖ ਮਈ ਨਿਸ਼ਾਨੇ, ਕਾਰਜਵਿਧੀ, ਪੰਜਾਬ ਦੀ ਇਤਿਹਾਸਕ ਪਰਿਪੇਖ ਵਿਚ ਭੂਮਿਕਾ, ਸਮੇਂ ਸਮੇਂ ਪੰਥ




ਦਰਦੀਆਂ ਵੱਲੋਂ ਕੀਤੇ ਉਪਰਾਲਿਆਂ ਨੂੰ ਬੜੀ ਦੀਰਘ ਦ੍ਰਿਸ਼ਟੀ ਨਾਲ ਲੇਖਕ ਕਲਮ ਦੀ ਨੋਕ ਰਾਹੀਂ ਸ਼ੀਲਬੰਦ ਕਰਦਾ ਹੈ। ਲੇਖਕ ਵਿਚ ਲਿਖਦਾ ਹੈ ਕਿ ਵਰਤਮਾਨ ਮਨੁੱਖ ਪੰਥਕ ਮਿਸ਼ਨ ਆਪਣੇ ਵਿਕਾਸ-ਉਤਪਤੀ ਦੀ ਇਕ ਸੀਮਾ ਪਾਰ ਕਰਕੇ ਖੇੜੇ ਭਰਪੂਰ ਅਤੇ ਅਨੰਦਿਤ ਵਿਗਾਸਮਈ ਜੀਵਨ ਜੀਉਣ ਲਈ ਕਿਸੇ ਨਵੀਂ ਦਿਸ਼ਾ ਦੀ ਤਲਾਸ਼ ਵਿਚ ਹੈ, ਅੱਜ ਵਿਸ਼ਵ ਦੇ ਸਾਰੇ ਇਕਹਿਰੇ ਸਿਧਾਂਤ ਥਕਾਵਟ ਦੇ ਘੇਰੇ ਵਿਚ ਆ ਚੁੱਕੇ ਹਨ। ਬ੍ਰਹਿਮੰਡ ਕੁਦਰਤ ਦੇ ਰੂਪ-ਸਰੂਪ ਅਤੇ ਸੁਭਾਅ ਨੂੰ ਵਿਸਮਾਦੀ ਵਿਵਸਥਾ ਸਿਰਜ ਕੇ ਅਨੰਦਿਤ ਜੀਵਨ ਜੀਵਿਆ ਜਾ ਸਕਦਾ ਹੈ।

ਵਿਸਮਾਦੀ ਚਿੰਤਨ ਵਿਚ ਵਾਹਿਗੁਰੂ ਨੂੰ ਇਸ ਸਾਰੇ ਬ੍ਰਹਿਮੰਡ ਅਤੇ ਸਾਡੀ ਧਰਤੀ ਦਾ ਰਾਜਾ ਮੰਨਿਆ ਗਿਆ ਹੈ। ਅਜਿਹੇ ਵਿਸ਼ਵ ਹਾਲਾਤ ਅਤੇ ਸਥਿਤੀਆਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਰੋਸ਼ਨੀ ਵਿਚ ਸਿੱਖ ਪੰਥ ਨੇ ਦੇਸ਼ ਪੰਜਾਬ ਨੂੰ ਆਪਣਾ ਸ਼ਕਤੀ ਅਧਾਰ ਬਣਾ ਕੇ ਪਰਮ ਸੱਚ ਵਾਹਿਗੁਰੂ ਦੀ ਪ੍ਰਭਤਾ ਅਤੇ ਪ੍ਰਭੂਸਤਾ ਸਥਾਪਿਤ ਕਰਦਿਆ ਇਕ ਬਦਲਵਾਂ ਅਸਲ ਕੁਦਰਤ ਮੁਖੀ ਰਾਜ ਅਤੇ ਗਲੋਬਲ ਆਰਡਰ ਸਿਰਜਣਾ ਹੈ।

ਲੇਖਕ ਸਿੱਖਾਂ ਦੀ ਆਜ਼ਾਦੀ ਦੇ ਨੈਣ-ਨਕਸ਼ ਸਿਰਜਦਾ ਪੰਜਾਬ ਨੂੰ ਖ਼ੁਸ਼ਹਾਲ ਤੇ ਖੁਦਮੁਖਤਿਆਰ ਘਰ ਵਜੋਂ ਸਿਰਜੇ ਜਾਣ ਦੀ ਕਾਮਨਾ ਕਰਦਾ ਹੈ। ਇਹ ਪੁਸਤਕ ਸਿੱਖ ਜਗਤ ਲਈ ਇਕ ਅਨਮੁੱਲਾ ਬੇਸ਼ਕੀਮਤੀ ਰੋਲ ਮਾਡਲ ਹੈ। ਇਹ ਕਿਤਾਬ ਹਰ ਸਿੱਖ ਨੂੰ ਪੜ੍ਹਨੀ ਚਾਹੀਦੀ ਹੈ, ਹਰ ਲਾਇਬ੍ਰੇਰੀ ਦੀ ਲੋੜ ਹੈ। ਇਹ ਕਿਤਾਬ ਕੁਝ ਮਹੱਤਵਪੂਰਨ ਨੀਤੀ ਸੂਤਰ **Strategic Warfare** ਦੇ ਇਸ ਦੌਰ ਵਿਚ ਪੰਥਕ ਮਿਸ਼ਨ ਦੀ ਪੂਰਤੀ ਲਈ ਸਿੱਖ ਪੰਥ ਨੂੰ ਰਾਜਨੀਤਿਕ ਸੰਘਰਸ਼ ਲੜਨ ਦੇ ਨਾਲ-ਨਾਲ ਬੌਧਿਕ, ਆਰਥਿਕ, ਰਣਨੀਤਿਕ, ਕੂਟਨੀਤਿਕ, ਮਨੋਵਿਗਿਆਨਿਕ ਅਤੇ ਮੀਡੀਆ ਸੰਘਰਸ਼, ਸਗੋਂ ਵਧੇਰੇ ਸਪੱਸ਼ਟਤਾ ਅਤੇ ਦ੍ਰਿੜਤਾ ਨਾਲ ਕਰਨੇ ਹੋਣਗੇ। ਸਿੱਖ ਪੰਥ ਵਿਚ ਨਵੀਆਂ ਸਥਿਤੀਆਂ ਅਨੁਸਾਰ (ਸਿੱਖ) ਰਾਜਨੀਤੀ ਦੀ ਕਲਾ ਸਿੱਖਣ/ਸਿਖਾਉਣ ਦਾ ਵਿਸਮਾਦੀ ਸੱਭਿਆਚਾਰ ਵਿਕਸਿਤ ਹੋਣਾ ਜ਼ਰੂਰੀ ਹੈ। ਸਿੱਖ ਬੌਧਿਕ ਪਰੰਪਰਾ ਨੂੰ ਨਵਾਂ ਸਿੱਖ ਭਵਿੱਖ ਸਿਰਜਣ ਲਈ ਬੌਧਿਕ ਮੁਕਾਬਲੇ ਦੇ ਇਸ ਯੁੱਗ ਵਿਚ ਵਿਸਮਾਦੀ ਚਿੰਤਨ ਨੂੰ ਆਪਣੀ ਸ਼ਕਤੀ ਬਣਾ ਕੇ ਨਵੀਂ ਦਿਸ਼ਾ ਅਤੇ ਸ਼ਕਤੀ ਨਾਲ ਸਥਾਨਕ ਤੋਂ ਵਿਸ਼ਵ ਪੱਧਰ ਤੱਕ ਇਕ ਵਿਸ਼ਾਲ ਨੀਤੀ ਪੈਂਤੜੇ ਅਨੁਸਾਰ ਕੰਮ ਕਰਨਾ ਹੋਏਗਾ।

ਭਵਿੱਖ ਦੇ ਸੰਭਾਵੀ ਸਿੱਖ ਸ਼ਹੀਦ ਨੂੰ ਸ਼ਹੀਦੀ ਦੇਣ ਦੇ ਰਾਹ ਪੈਣ ਤੋਂ ਪਹਿਲਾਂ ਇਹ ਨਿਸ਼ਚਿਤ ਕਰਨਾ ਹੋਏਗਾ ਕਿ ਜੇਕਰ ਉਸ ਦੇ ਜਿਉਂਦੇ ਰਹਿ ਕੇ ਉਸ ਦੁਆਰਾ ਠੀਕ ਦਿਸ਼ਾ ਵਿਚ ਕੰਮ ਕਰਕੇ ਸਿੱਖ ਪੰਥ ਵਿਚ ਉਸ ਦੀ ਸ਼ਹੀਦੀ ਜਿਤਨਾ ਹੀ ਉਤਸ਼ਾਹ ਅਤੇ ਪ੍ਰੇਰਨਾ ਪੈਦਾ ਹੋ ਜਾਣ, ਤਾਂ ਉਸ ਨੂੰ ਜਿਉਂਦਾ ਰਹਿ ਕੇ ਸਿੱਖ ਲੀਡਰਸ਼ਿਪ ਦੀ ਕਮਾਨ ਸੰਭਾਲਣੀ ਹੋਏਗੀ। ਇਸ ਤਰ੍ਹਾਂ ਪੰਥਕ ਲੀਡਰਸ਼ਿਪ ਦੇ ਸੰਕਟਾਂ ਦਾ ਹੱਲ ਕਰਦਿਆਂ ਬਦਲਵਾਂ ਅਗਵਾਈਤੰਤਰ ਸਿਰਜ ਕੇ ਇਸ ਨੂੰ ਨਤੀਜਾ-ਕੇਂਦਰਿਤ ਬਣਾਉਣਾ ਪਵੇਗਾ।

ਪੰਥਕ-ਕੌਮੀ ਅਤੇ ਪਾਰ-ਕੌਮੀ ਪੰਥਕ ਉਦੇਸ਼ਾਂ ਦੀ ਪ੍ਰਾਪਤੀ ਲਈ ਸਿੱਖਾਂ ਨੂੰ ਆਪਣਾ ਇਤਿਹਾਸ ਸਿਰਜਣ ਦੀ ਸਿੱਖ ਸ਼ਕਤੀ (**History-Creating Sikh Potency**) ਨੂੰ ਸ਼ਕਤੀਸ਼ਾਲੀ ਬਣਾ ਕੇ ਰੱਖਣਾ ਜ਼ਰੂਰੀ ਹੋਏਗਾ। ਸਿੱਖ ਪੰਥ ਅਤੇ ਮਨੁੱਖਤਾ ਦੀਆਂ ਨਵੀਆਂ ਉਪਜੀਆਂ ਲੋੜਾਂ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸਿੱਖ ਧਰਮ ਸੰਸਥਾਵਾਂ, ਸਿੱਖ ਪਾਲਿਟੀ ਅਤੇ ਸਿੱਖ ਆਰਥਿਕਤਾ ਸਮੇਤ ਸਮੂਹ ਸਿੱਖ ਸੰਸਥਾਵਾਂ ਨੂੰ ਹਰ ਦੌਰ ਵਿਚ ਸ਼ਕਤੀਸ਼ਾਲੀ ਅਤੇ ਸਿਰਜਣਾਤਮਕ ਰੱਖਣਾ ਹੋਏਗਾ। ਮਨੁੱਖੀ ਸੱਭਿਅਤਾ ਦੀ ਸੁਰੱਖਿਆ, ਮਾਨਵ ਵਿਕਾਸ-ਉਤਪਤੀ, ਬਰਾਬਰੀ, ਆਜ਼ਾਦੀ, ਨਿਆਂ ਅਤੇ ਕੌਮਾਂ ਦੀ ਆਪਸੀ ਸਾਂਝ ਅਤੇ ਸਿਰਜਣਾਤਮਿਕਤਾ ਲਈ ਵਿਸਮਾਦੀ ਚਿੰਤਨ ਦੀ ਰੌਸ਼ਨੀ ਵਿਚ "ਸਰਕਾਰ-ਏ-ਖਾਲਸਾ" ਨੂੰ ਸਥਾਨਕ ਤੋਂ ਗਲੋਬਲ ਭੂਮਿਕਾ ਨਿਭਾਉਣ ਅਤੇ ਵਿਸ਼ਵ ਯੋਗਦਾਨ ਲਈ ਹਰ ਸਮੇਂ ਯਤਨਸ਼ੀਲ ਰਹਿਣਾ ਪਵੇਗਾ।


---

# ਵਿਚਾਰ ਪ੍ਰਵਾਹ:- ਚਿੰਤਾ ਦਾ ਵਿਸ਼ਾ

ਹਰਦੀਪ ਸਿੰਘ ਸੰਧੂ ਨਡਾਲਾ
ਫੋਨਿਕਸ : 480-794-0325
(Punjab Mail USA)




ਅਸੀਂ ਕਿਹੜੀ ਦੁਨੀਆਂ ਜਾਂ ਕਿਹੜੇ ਗ੍ਰਹਿ ਵੱਲ ਜਾ ਰਹੇ ਹਾਂ, ਪਤਾ ਹੀ ਨਹੀਂ ਲੱਗਦਾ। ਪ੍ਰਵਾਸ ਨੂੰ ਕੁਦਰਤ ਦਾ ਨਿਯਮ ਵੀ ਕਹਿੰਦੇ ਹਾਂ ਕਿਉਂਕਿ ਇਹ ਯੁਗਾਂ-ਯੁਗਾਂਤਰਾਂ ਤੋਂ ਚਲਦਾ ਆ ਰਿਹਾ ਹੈ ਪਰ ਜਦੋਂ ਕੋਈ ਸੱਭਿਅਤਾ ਬਿਨਾ ਵਜ੍ਹਾ ਕਿਸੇ ਜਗ੍ਹਾ ਤੋਂ ਹਿਜਰਤ ਕਰਨੀ ਸ਼ੁਰੂ ਕਰ ਦੇਵੇ, ਜਿਸ ਕਾਰਨ ਆਪਣਾ ਪਿਛੋਕੜ ਵੀ ਭੁੱਲਣ ਲੱਗੇ, ਤਾਂ ਇਹੋ ਜਿਹੇ ਵਰਤਾਰੇ ਨੂੰ ਹੇਠਲੀ ਉੱਤੇ ਹੋਣੀ ਹੀ ਕਹਿ ਸਕਦੇ ਹਾਂ। ਕੱਲ੍ਹ ਬਖਤੌਰ ਸੋਹ ਨੂੰ ਇਸੇ ਗੱਲੋਂ ਰੋਂਦਿਆਂ ਵੇਖਿਆ। ਪੁੱਛਣ 'ਤੇ ਕਹਿੰਦਾ ਕਿ ਉਹ ਮੈਂ ਕੱਲ੍ਹ ਸ਼ਹਿਰ ਨੂੰ ਗਿਆ ਸੀ, ਉਥੇ ਬਾਜ਼ਾਰ ਵਿਚ ਇੱਕ ਛੱਲੀਆਂ ਲੱਗਾ ਟਾਂਡਾ ਵੇਖ ਕੇ ਮੇਰਾ ਪੋਤਾ ਕਹਿੰਦਾ ਬਾਪੂ ਔਹ ਵੇਖ ਗੰਨੇ ਨੂੰ ਛੱਲੀਆਂ ਲੱਗੀਆਂ ਹੋਈਆਂ ਨੇ। ਬਖਤੌਰ ਸਿੰਘ ਕਹਿੰਦਾ, ਮੈਂ ਮਾਰਿਆ ਮੱਥੇ 'ਤੇ ਹੱਥ, ਉਹ ਬਖਤੌਰ ਸਿਹਾਂ ਸਾਡੇ ਲਾਲਚ ਅਤੇ ਅਨਪੜ੍ਹਤਾ ਨੇ ਜਿਥੇ ਸਾਡੇ ਖੇਤ ਅਤੇ ਵਾਤਾਵਰਣ ਖਰਾਬ ਕੀਤਾ, ਉਥੇ ਸਾਡੇ ਬੱਚਿਆਂ ਦਾ ਭਵਿੱਖ ਵੀ ਖੋਹ



ਲਿਆ ਅਤੇ ਸੱਭਿਆਚਾਰ ਵੀ। ਤੀਹ-ਪੈਂਤੀ ਵਰ੍ਹੇ ਜੋ ਗੱਲਾਂ ਸ਼ਹਿਰੀ ਜਵਾਕ ਪਿੰਡੀਂ ਥਾਈਂ ਆਪਣੇ ਨਾਨਕੇ, ਦਾਦਕੇ ਜਾਂ ਹੋਰ ਥਾਈਂ ਆ ਕੇ ਕਰਦੇ ਸਨ, ਜਿਨ੍ਹਾਂ ਨੂੰ ਸੁਣ ਕੇ ਅਸੀਂ ਹੱਸਦੇ ਹੁੰਦੇ ਸਾਂ ਕਿ ਸ਼ਹਿਰੀਆਂ ਨੂੰ ਦੀਨ-ਦੁਨੀਆਂ ਦਾ ਪਤਾ ਨਹੀਂ ਸੀ ਹੁੰਦਾ, ਉਹੋ ਹਾਲ ਸਾਡੇ ਵੇਖਦਿਆਂ-ਵੇਖਦਿਆਂ ਹੀ ਸਾਡੇ ਜਵਾਕਾਂ ਦਾ ਹੋ ਗਿਆ ਹੈ ਕਿ ਗੰਨੇ ਜ਼ਮੀਨ ਦੇ ਵਿਚ ਡੂੰਘੇ ਜਾਂਦੇ ਹਨ। ਤਰਬੂਜ਼ ਦੇ ਪੇੜ ਕਿੰਨੇ-ਕਿੰਨੇ ਵੱਡੇ ਹੁੰਦੇ ਹਨ, ਵਗੈਰਾ-ਵਗੈਰਾ। ਕਈਆਂ ਨੇ ਤਾਂ ਦੀਵਾਰਾਂ ਉਤੇ ਪਾਥੀਆਂ ਸੁੱਕਦੀਆਂ ਵੇਖ ਕੇ ਕਹਿ ਦੇਣਾ ਕਿ ਗਾਏ ਪੋਟੀ ਕਰਨੇ ਕੇ ਲੀਏ ਦੀਵਾਰ ਪਰ ਕੈਸੇ ਚੜ੍ਹੀ ਥੀ? ਵਜ੍ਹਾ ਇਹ ਹੈ ਕਿ ਸਾਡੇ ਵੱਲੋਂ ਕਣਕ, ਝੋਨਾ ਬੀਜ ਕੇ ਦੇਸ਼ ਦਾ ਅੰਨਦਾਤਾ ਬਣਨ ਦੀ ਲਾਲਸਾ ਅਤੇ ਜ਼ਿਆਦਾ ਕਮਾਈ ਦੇ ਲਾਲਚ ਨੇ ਜਿਥੇ ਪੰਜਾਬ ਨੂੰ ਪਾਣੀ ਤੋਂ ਕੰਗਾਲ ਕਰ ਦਿੱਤਾ ਹੈ, ਨਾਲ-ਨਾਲ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣਾ ਵਿਰਸਾ ਅਤੇ ਸੱਭਿਆਚਾਰ ਭੁਲਾ ਦਿੱਤਾ ਹੈ। ਜਦੋਂ ਕਿਸਾਨ ਆਪਣੀਆਂ ਲੋੜਾਂ ਘਰੋਂ ਹੀ ਪੂਰੀਆਂ ਕਰਦੇ ਸਨ, ਸਰੋਂ, ਜੌਂ, ਕਮਾਦ, ਮੱਕੀ, ਕਪਾਹ ਬੀਜਦੇ ਸਨ, ਤਾਂ ਬੱਚਿਆਂ ਨੂੰ ਹਰ ਚੀਜ਼ ਦਾ ਪਤਾ ਹੁੰਦਾ ਸੀ ਅਤੇ ਹੁਣ ਗੰਨਿਆਂ ਨੂੰ ਛੱਲੀਆਂ ਲਾ ਰਹੇ ਹਨ, ਕਪਾਹਾਂ ਨਰਮੇ, ਛੋਲਿਆਂ ਦੇ ਬੂਟੇ ਤਾਂ ਸਾਡੇ ਇਲਾਕੇ ਵਿਚੋਂ ਐਂ ਗੁੰਮ ਹੋਏ ਹਨ, ਜਿਵੇਂ ਗਧੇ ਦੇ ਸਿਰ ਤੋਂ ਸਿੰਗ। ਸਾਨੂੰ ਖ਼ੁਦ ਨੂੰ ਸਰਕਾਰਾਂ ਕੋਲੋਂ ਮੰਗ ਰੱਖਣੀ ਚਾਹੀਦੀ ਹੈ ਕਿ ਬੱਚਿਆਂ ਨੂੰ ਸਿਰਫ ਕਿਤਾਬੀ ਕੀੜੇ ਨਾ ਬਣਾਈਏ, ਸਗੋਂ ਉਨ੍ਹਾਂ ਨੂੰ ਖੁੱਲ੍ਹੀ ਫਿਜ਼ਾ ਵਿਚ ਰਹਿ ਕੇ ਆਲ ਰਾਊਂਡਰ ਸੋਚ ਵਾਲੇ ਹਾਲਾਤਾਂ ਵਿਚੋਂ ਲੰਘਾਉਂਦੇ ਹੋਏ ਬੁੱਕ ਸਮਾਰਟ ਦੇ ਨਾਲ-ਨਾਲ ਸਟਰੀਟ ਸਮਾਰਟ ਵੀ ਬਣਾਈਏ, ਪੁਰਾਤਨ ਵਿਰਸੇ ਦੀ ਜਾਣਕਾਰੀ ਬੇਸ਼ੱਕ ਕਿਤਾਬੀ ਮਾਧਿਅਮ ਰਾਹੀਂ ਦੇਂਦੇ ਰਹੀਏ॥

# ਅਮੂਰਤ ਤੋਂ ਸਮੂਰਤ ਵਰਤਾਰੇ ਦੀ ਪੇਸ਼ਕਾਰੀ ‘ਫੇਸ ਟੂ ਫੇਸ’

ਜਾਣਕਾਰੀ ਅਤੇ ਸੰਚਾਰ ਦਾ ਮਨੁੱਖੀ ਜ਼ਿੰਦਗੀ ਵਿਚ ਹਮੇਸ਼ਾ ਹੀ ਵੱਡਾ ਮਹੱਤਵ ਰਿਹਾ ਹੈ। ਪਿਛਲੇ ਸਮੇਂ ਵਿਚ ਜਾਂ ਕਰੋਨਾ ਕਾਲ ਵਿਚ ਜਦੋਂ ਜਾਣਕਾਰੀ ਦੇ ਮਾਧਿਅਮ, ਪ੍ਰੰਪਰਾਗਤ ਤਰੀਕਿਆਂ ਨਾਲ ਬੰਦ ਹੋ ਗਏ ਸਨ, ਤਾਂ ਸੋਸ਼ਲ ਮੀਡੀਆ ਨੇ ਸੰਚਾਰ ਕਰਦੇ ਹੋਏ, ਜ਼ਿੰਦਗੀ ਨੂੰ ਜ਼ਿੰਦਗੀ ਨਾਲ ਜੋੜ ਕੇ ਰੱਖਿਆ ਅਤੇ ਬਹੁਤ ਸਾਰੀ ਕੀਮਤੀ ਜਾਣਕਾਰੀ ਸਾਈਬਰ ਮੰਚ ਉੱਤੇ ਉਪਲੱਬਧ ਹੁੰਦੀ ਰਹੀ ਸੀ। ਆਧੁਨਿਕ ਸਮੇਂ ਵਿਚ ਇਹ ਮੰਚ, ਸੋਸ਼ਲ ਮੀਡੀਆ ਵਜੋਂ ਵੀ ਜਾਣਿਆ ਜਾਣ ਲੱਗਾ ਹੈ। ਮਨੁੱਖੀ ਮਨ ਦੀਆਂ ਬਹੁਤ ਸਾਰੀਆਂ ਉਪਜਾਂ ਹਨ, ਉਸਦੀਆਂ ਭਾਵਨਾਵਾਂ, ਉਸਦੇ ਵਿਚਾਰ ਅਤੇ ਉਹ ਵਰਤਾਰੇ ਜਿਨ੍ਹਾਂ ਨੂੰ ਉਹ ਦਿਮਾਗ਼ੀ ਤੌਰ ’ਤੇ ਅਨੁਭਵ ਕਰਦਾ ਹੈ, ਉਹ ਜਿਸ ਮੰਚ ਰਾਹੀਂ ਲੋਕਾਂ ਦੇ ਸਨਮੁੱਖ ਰੱਖਦਾ ਹੈ, ਉਹ ਸਭ ਤੋਂ ਪਿਆਰਾ ਮੰਚ, ਅੱਜ ਸੋਸ਼ਲ ਮੀਡੀਆ ਬਣ ਚੁੱਕਾ ਹੈ। ਇਸ ਮੰਚ ਉੱਤੇ ਹਰੇਕ ਵਿਅਕਤੀ ਆਪਣੀ ਸਾਈਬਰ ਸਪੇਸ ਲੱਭ ਰਿਹਾ ਹੈ। ਵਿਅਕਤੀ ਦੇ ਅੰਦਰ ਅਨੇਕਾਂ ਹੀ ਵਿਚਾਰ ਹਨ, ਜਿਨ੍ਹਾਂ ਨੂੰ ਉਹ ਲੋਕਾਂ ਦੇ ਸਨਮੁੱਖ ਰੱਖਣਾ ਚਾਹੁੰਦਾ ਹੈ। ਸੋਸ਼ਲ ਮੀਡੀਆ ’ਤੇ ਮਿਲਦੀ ਜਾਣਕਾਰੀ ਦੀ ਭਰੋਸੇਯੋਗਤਾ ਉੱਪਰ ਹਮੇਸ਼ਾਂ ਇਹ ਸਵਾਲ ਜਵਾਬ ਹੁੰਦੇ ਰਹੇ ਹਨ। ਵਿਕਸਤ ਸੋਚ, ਰੱਖਣ ਵਾਲੇ ਵਿਅਕਤੀ ਹਮੇਸ਼ਾਂ ਹੀ ਇਸ ਮਾਧਿਅਮ ਦੀ ਵਰਤੋਂ ਜਨ ਕਲਿਆਣ ਹਿੱਤ ਲਈ ਕਰਦੇ ਆ ਰਹੇ ਹਨ। ਪੁਸਤਕ ਫੇਸ ਟੂ ਫੇਸ ਦੇ ਲੇਖਕ, ਡਾ. ਕੁਲਦੀਪ ਸਿੰਘ ਦੀਪ, ਉਹ ਸ਼ਖਸੀਅਤ ਹਨ, ਜਿਸ ਨੇ ਇਸ ਮੰਚ ਦੀ ਭਰਪੂਰ ਵਰਤੋਂ ਕਰਦੇ ਹੋਏ, ਆਪਣੀ ਵਿਲੱਖਣ ਭੂਮਿਕਾ ਅਦਾ ਕੀਤੀ ਹੈ। ਲੇਖਕ ਨੇ ਇਸ ਪੁਸਤਕ ਰਾਹੀਂ ਸੋਸ਼ਲ ਮੀਡੀਆ ’ਤੇ ਫੈਲੇ ਹੋਏ, ਸੰਸਾਰ ਨੂੰ ਕਿਤਾਬੀ ਰੂਪ ਦੇ ਕੇ ਹਕੀਕੀ ਜਾਮਾ ਪੁਆਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਪੁਸਤਕ ’ਚ ਲੇਖਕ ਦੇ 38 ਲੇਖ ਹਨ, ਜਿਨ੍ਹਾਂ ਨੂੰ ਉਸ ਨੇ ਇਸ ਕਿਤਾਬ ਦਾ ਸ਼ਿੰਗਾਰ ਬਣਾਇਆ ਹੈ। ਲੇਖਕ ਨੇ ਇਹ ਸਾਰੀਆਂ ਕਿਰਤਾਂ, ਪਹਿਲਾਂ ਸਾਈਬਰ ਸੰਸਾਰ ਵਿਚ ਸਾਹਿਤਕ ਸਪੇਸ ਵਜੋਂ ਫੇਸ-ਬੁੱਕ ਮਾਧਿਅਮ ਉਪਰ ਨਿਰੰਤਰ ਜਾਰੀ ਰੱਖੀਆਂ ਅਤੇ ਬਾਅਦ ਵਿਚ ਇਨ੍ਹਾਂ ਰਚਨਾਵਾਂ ਨੂੰ ਪੁਸਤਕ ਦਾ ਰੂਪ ਦੇ ਕੇ ਉਨ੍ਹਾਂ ਪਾਠਕਾਂ ਦੇ ਸਨਮੁੱਖ ਕੀਤਾ ਹੈ, ਜੋ ਕਿਸੇ ਨਾ ਕਿਸੇ ਤਰੀਕੇ ਅੱਜ ਵੀ ਇਸ ਮਾਧਿਅਮ ਤੋਂ ਦੂਰ ਹਨ। ਸੋਸ਼ਲ ਮੀਡੀਆ ’ਤੇ ਪਈਆਂ ਲਿਖਤਾਂ ਦੀ ਭਰੋਸੇਯੋਗਤਾ ਉਦੋਂ ਹੋਰ ਵਧ ਜਾਂਦੀ ਹੈ, ਜਦੋਂ ਲੇਖਕ, ਕਿਤਾਬੀ ਰੂਪ ਵਿਚ ਉਨ੍ਹਾਂ ਨੂੰ ਲੋਕਾਂ ਦੇ ਸਨਮੁੱਖ ਕਰ ਦਿੰਦਾ ਹੈ। ਇਸ ਪੁਸਤਕ ਵਿਚ ਪ੍ਰਾਪਤ ਲੇਖ, ਇਕ ਵਿਸ਼ੇਸ਼ ਸਮਾਂ ਕਾਲ ਦੀ ਗਵਾਹੀ ਭਰਦੇ ਹਨ। ਦਿੱਲੀ ਦੀਆਂ ਬਰੂਹਾਂ ’ਤੇ ਚੱਲੇ ਕਿਸਾਨੀ ਅੰਦੋਲਨ ਤੋਂ ਬਾਅਦ ਲੋਕਾਂ ਨੇ ਸੋਸ਼ਲ ਮੀਡੀਆ ਦੀ ਤਾਕਤ ਦੇ ਅਸਲੀ ਰੂਪ ਨੂੰ ਪਛਾਣਿਆ ਹੈ। ਕਿਸਾਨੀ ਅੰਦੋਲਨ ਦੀ ਜਿੱਤ ਦਾ ਸਿਹਰਾ ਜਿੱਥੇ ਆਮ ਲੋਕਾਂ ਨੂੰ ਜਾਂਦਾ ਹੈ, ਉਥੇ ਹੀ ਉਸ ਅੰਦੋਲਨ ਦੇ ਵਿਚ ਪੈਦਾ ਹੋਈ ਭਾਈਚਾਰਕ ਸਾਂਝ, ਲੋਕ ਰਾਜ ਵਿਚ ਲੋਕਾਂ ਦੇ ਹੱਕਾਂ ਦੀ ਪੇਸ਼ਕਾਰੀ, ਪੂਰੀ ਦੁਨੀਆਂ ਤੱਕ ਪਹੁੰਚਾਉਣ ਦਾ ਸਿਹਰਾ ਸੋਸ਼ਲ ਮੀਡੀਆ ਨੂੰ ਵੀ ਜਾਂਦਾ ਹੈ। ਕਿਸਾਨੀ ਅੰਦੋਲਨ ਤੋਂ ਬਾਅਦ ਵੀ ਖਾਸ ਕਰਕੇ ਇਸ ਖਿੱਤੇ ਦੇ ਵਿਚ ਵਾਪਰੇ ਵਰਤਾਰਿਆਂ ਅਤੇ ਪ੍ਰਸਥਿਤੀਆਂ ਨੇ ਲੇਖਕ




ਨੂੰ ਡੂੰਘੇ ਚਿੰਤਨ ਵੱਲ ਪ੍ਰੇਰਿਤ ਕੀਤਾ ਅਤੇ ਲੇਖਕ ਨੇ ਇਸ ਸਮਾਜ ਵਿਚ ਰਹਿੰਦਿਆਂ ਜੋ ਆਪਣੇ ਅਨੁਭਵ ਕੀਤੇ ਹਨ। ਇਸ ਪੁਸਤਕ ਦੇ ਲੇਖਕ ਵਜੋਂ ਡਾ. ਕੁਲਦੀਪ ਸਿੰਘ ਦੀਪ ਨੇ ਇਨ੍ਹਾਂ ਲਿਖਤਾਂ ਬਾਰੇ ਜੋ ਭੂਮਿਕਾ ਪੇਸ਼ ਕੀਤੀ ਹੈ, ਉਸਦੇ ਕੁੱਝ ਅੰਸ਼ ਦੱਸਣਾ ਚਾਹੁੰਦੇ ਹਾਂ। ਲੇਖਕ ਲਿਖਦਾ ਹੈ, ਇਸ ਪੁਸਤਕ ਦੇ ਜਨਮ ਵਿਚ ਕਿਸਾਨੀ ਸੰਘਰਸ਼ ਦੇ ਮੁੱਕਣ ਤੋਂ ਬਾਅਦ ਵਾਲੇ ਸਮੇਂ ਤੋਂ ਲੈ ਕੇ ਅੱਜ ਤੱਕ ਸਮਕਾਲ ਵਿਚ ਪੰਜਾਬ, ਦੇਸ਼ ਅਤੇ ਵਿਦੇਸ਼ਾਂ ਵਿਚ ਜੋ ਵੀ ਮਹੱਤਵਪੂਰਨ ਘਟਨਾਕ੍ਰਮ ਵਾਪਰਿਆ, ਉਸ ਵਿਸ਼ੇ ’ਤੇ ਸੋਸ਼ਲ ਮੀਡੀਆ ਸੰਵਾਦ ਰਚਾਇਆ। 2021 ਦੇ ਅਖੀਰ ਤੋਂ ਲੈ ਕੇ 2022 ਦੇ ਸਤੰਬਰ-ਅਕਤੂਬਰ ਮਹੀਨੇ ਤੱਕ ਤਤਕਾਲੀ ਘਟਨਾਕ੍ਰਮਾਂ ’ਤੇ ਲਿਖੇ ਆਰਟੀਕਲਾਂ ਨੂੰ ਇਸ ਪੁਸਤਕ ਵਿਚ ਸ਼ਾਮਲ ਕੀਤਾ ਗਿਆ ਹੈ। ਇਹ ਸਾਰੇ ਆਰਟੀਕਲ ਫੇਸਬੁੱਕ ’ਤੇ ਸਮੇਂ-ਸਮੇਂ ਸਿਰ ਲਿਖੇ ਗਏ ਅਤੇ ਇਨ੍ਹਾਂ ’ਤੇ ਸੋਸ਼ਲ ਮੀਡੀਆ ਮਿੱਤਰਾਂ ਰਾਹੀਂ ਭਰਪੂਰ ਚਰਚਾ ਹੋਈ। ਸੈਂਕੜੇ ਦੇ ਕਰੀਬ ਲੋਕਾਂ ਨੂੰ ਇਨ੍ਹਾਂ ਨੂੰ ਅੱਗੇ ਸ਼ੇਅਰ ਵੀ ਕੀਤਾ, ਲਾਈਕ ਵੀ ਕੀਤਾ, ਟਿੱਪਣੀਆਂ ਕੀਤੀਆਂ ਅਤੇ ਬਹੁਤ ਸਾਰੇ ਆਨਲਾਈਨ ਅਤੇ ਆਫ਼ਲਾਈਨ ਅਖ਼ਬਾਰਾਂ ਅਤੇ ਮੈਗਜ਼ੀਨਾਂ ਨੇ ਇਨ੍ਹਾਂ ਪੋਸਟਾਂ ਨੂੰ ਆਰਟੀਕਲਾਂ ਦੇ ਰੂਪ ਵਿਚ ਛਾਪ ਕੇ ਲੇਖਕ ਦਾ ਮਾਣ ਵਧਾਇਆ। ਇਸ ਪੁਸਤਕ ਬਾਰੇ ਡਾ. ਸ਼ਤੀਸ਼ ਕੁਮਾਰ ਵਰਮਾ ਨੇ ਜੋ ਵਿਚਾਰ ਪੇਸ਼ ਕੀਤੇ ਹਨ, ਉਹ ਪਾਠਕਾਂ ਨਾਲ ਸਾਂਝੇ ਕਰਨਾ ਚਾਹੁੰਦੇ ਹਾਂ। ਉਹ ਲਿਖਦੇ ਹਨ, ‘ਫੇਸਬੁੱਕ’ ਜਿਹੇ ‘ਅਮੂਰਤ ਵਰਤਾਰੇ’ ਨੂੰ ‘ਫੇਸ ਟੂ ਫੇਸ’ ਜਿਹੇ ‘ਸਮੂਰਤ ਵਰਤਾਰੇ’ ਦਾ ਬਦਲ ਬਣਾਉਣ ’ਚ ਕਾਮਯਾਬੀ ਹਾਸਲ ਕੀਤੀ ਹੈ। ਜਿਸ ਦਾ ਪ੍ਰਮਾਣ ਹਥਲੀ ਪੁਸਤਕ ਵਿਚਲੇ 38 ਲੇਖ ਹਨ, ਜਿਨ੍ਹਾਂ ਨੂੰ ਅਸਲ ਵਿਚ ਕੁਲਦੀਪ ਦੀ ‘ਨਿੱਜੀ ਤੋਂ ਅਨਿੱਜੀ ਵਿਚ ਤਬਦੀਲ ਹੋਈ ਡਾਇਰੀ’ ਕਹਿਣਾ ਯੋਗ ਹੋਵੇਗਾ। ਇਸ ਲਈ ‘ਫੇਸਬੁੱਕ’ ਰਾਹੀਂ ਲੇਖਕ ਦੀਆਂ ‘ਗੱਲਾਂ’ ਤੇ ‘ਫੇਸਬੁਕੀਆਂ’ ਦੀਆਂ ਭਾਵਨਾਵਾਂ ਤੱਕ ਯਾਤਰਾ ਕਰ ਚੁੱਕੀਆਂ ਇਨ੍ਹਾਂ ‘ਪੋਸਟਾਂ’ ਨੂੰ ਇਸ ਪੁਸਤਕ ਰਾਹੀਂ ‘ਪਾਠਕ’ ਨਾਲ ‘ਫੇਸ ਟੂ ਫੇਸ’ ਹੋ ਰਹੇ ਲੇਖ ਦੇ ਰੂਪ ਵਿਚ ਤੁਹਾਡੇ ਹੱਥ ਤੱਕ ਪਹੁੰਚਾਇਆ ਹੈ। ਇਸ ਪੁਸਤਕ ਵਿਚਲੇ ਲੇਖ ਬਹੁਪਰਤੀ ਅਤੇ ਬਹੁਪਾਸਾਰੀ ਹਨ, ਜੋ ਕਿ

| | | |
|---|---|---|
| ਰੀਵਿਊ ਕਰਤਾ | : | ਡਾ. ਸਰਬਜੀਤ ਸਿੰਘ |
| ਸਿਰਲੇਖ | : | ਫੇਸ ਟੂ ਫੇਸ |
| ਲੇਖਕ | : | ਡਾ. ਕੁਲਦੀਪ ਸਿੰਘ ਦੀਪ |
| ਕੁੱਲ ਪੰਨੇ | : | 00 |
| ਮੁੱਲ | : | 200 ਰੁਪਏ |
| ਪ੍ਰਕਾਸ਼ਕ | : | ਪੀਪਲਜ ਫੋਰਮ ਬਰਗਾੜੀ, ਪੰਜਾਬ |
| ਸਾਲ | : | 2023 |
| ਆਈ. ਐੱਸ. ਬੀ. ਐੱਨ | : | 978-81-956822-8-7 |


**ਡਾ. ਸਰਬਜੀਤ ਸਿੰਘ**
ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ,
ਖ਼ਾਲਸਾ ਕਾਲਜ, ਪਟਿਆਲਾ
9417626925
(Punjab Mail USA)




ਵਭਿੰਨ ਵਿਸ਼ਿਆਂ ਦੀ ਪੇਸ਼ਕਾਰੀ ਕਰਦੇ ਹਨ, ਜਿਵੇਂ ਕਿ ਤੈਨੂੰ ‘ਮੋਗੇ ਦੀ ਮੰਡੀ’ ਤੇ ਹੁਣ ਬੇਚ ਆਉਣਾ ਹੈ, ਸਿਆਸੀ ਲੱਕੜਸਿਰੇ ਬਨਾਮ ਅਕਬਰ ਇਲਾਹਾਬਾਦੀ, ਦਰਦ ਵਿਛੋੜੇ ਦਾ ਹਾਲ, ਸਿੱਖਿਆ ਦੀ ਜੜ੍ਹਾਂ ਵਿਚ ਦਾਤੀ, ਅਸੁਵਿਧਾ ਕੇ ਲੀਏ ਖ਼ੇਦ ਹੈ, ਨਗਮਿਆਂ ਦੀ ਭੋਇੰ ਬਾਂਝ ਨਹੀਂ ਹੁੰਦੀ, ਰੇਪਿਸਟ ਤਾਂ ਸਾਡੇ ਅੰਦਰ ਹੈ, ਹਿਜਾਬ ਦੇ ਨਕਾਬ ਹੇਠ, ਜਾਗ ਪਿਆ ਸ਼ੈਤਾਨ-1, ਜਾਗ ਪਿਆ ਸ਼ੈਤਾਨ-2, ਜਾਗ ਪਿਆ ਸ਼ੈਤਾਨ-3, ਬੜੀ ਕਠਿਨ ਹੈ ਡਗਰ ਪਨਘਟ ਕੀ, ਪੰਜਾਬੀਓ ਸਾਵਧਾਨ, ਕਾਲਖਾਂ ਦੇ ਦੌਰ ਵਿਚ ਰੌਸ਼ਨੀਆਂ ਦੇ ਵਾਰਿਸ, ਬਾਮੁਲਾਹਿਜ਼ਾ ਖ਼ਬਰਦਾਰ ਹੁਸ਼ਿਆਰ, ਨਵੀਆਂ ਗੁਡੀਆਂ ਨਵੇਂ ਪਟੋਲੇ, ਪਿਸਤੌਲ ਦੇ ਮੂੰਹ ਵਿਚ ਉਂਗਲ ਫਸਾਉਣ ਤੋਂ ਪਹਿਲਾਂ, ‘ਅਗਨੀਪਥ’ ਦੀ ‘ਅਗਨ ਖੇਡ, ਵਿਅਕਤੀਵਾਦੀ ਨਾਇਕਤਵ ਦਾ ਸ਼ਿਕਾਰ ਪੰਜਾਬ, ਪਾਪਾ ਬਾਝਹੁ ਹੋਵੈ ਨਾਹੀ, ਸਿਆਸਤ ਵਿਚਲੀ ਸਿਆਸਤ, ਸਿਆਸਤ ਦੇ ‘ਪੱਪਟ ਮਾਸਟਰ’ ਤੇ ਕਠਪੁਤਲੀਆਂ, ਝੂਠਾਂ ਦੀ ਗੁਲਾਮਦਾਰੀ ਦਾ ਦੌਰ, ਯਾਦਾਂ ਤੇ ਯਾਦਗਾਰਾਂ, ਛੱਲਾ ਮੁੜਕੇ ਨਹੀਂ ਆਇਆ, ਬਾਜਰੇ ਦਾ ਸਿੱਟਾ, ਝੰਡਿਆਂ ਵਾਲੀ ਸਰਕਾਰ ਜੀ, ਇੰਡੀਆ ਨੂੰ ਵਾਰ-ਵਾਰ ਮਲੇਰੀਆ ਕਿਉਂ ਹੁੰਦਾ ਹੈ, ਸਹਿਜ-ਅਸਹਿਜ, ਮਨ ਦੇ ਟਾਵਰ ਕਦ ਡਿੱਗਣਗੇ, ਵੀ.ਆਈ.ਪੀ. ਸਿਰਫ਼ ਪਾਣੀ ਹੀ ਨਹੀਂ ਹੁੰਦਾ, ਨੰਦ ਕੁਮਾਰ ਦੀ ਦੌੜ ਨੂੰ ਸਲਾਮ, ਕਿਵ ਸਚਿਆਰਾ ਹੋਈਐ, ਢਕੇ ਹੋਏ ਨੰਗੇ ਸਮਾਜ ਦੇ ਵਾਰਿਸੋ, ਹਨੇਰ ਨਗਰੀ ਨੇ ਰੋਲ ਦਿੱਤੇ ਚਾਨਣ ਦੇ ਵਣਜਾਰੇ-1, ਹਨੇਰ ਨਗਰੀ ਨੇ ਰੋਲ ਦਿੱਤੇ ਚਾਨਣ ਦੇ ਵਣਜਾਰੇ-2, **Beetween the lines**, ਸੰਪਾਦਕੀ ਦੀ ਥਾਂ ’ਤੇ ਕਵਿਤਾ ਆਦਿ ਹਨ। ਉਪਰੋਕਤ ਵਿਸ਼ੇ, ਕਿਤਾਬ ਦਾ ਹਿੱਸਾ ਹਨ, ਕਿਤਾਬ ਵਿਚ ਸ਼ਾਮਿਲ ਇਹ ਲੇਖ, ਬਹੁਤ ਅਹਿਮ ਅਤੇ ਧਿਆਨ ਮੰਗਦੇ ਵਿਸ਼ਿਆਂ ਦੀ ਤਰਜਮਾਨੀ ਕਰਦੇ ਹਨ। ਕੇਂਦਰੀ ਰੂਪ ਵਿਚ ਲੇਖਕ ਨੇ ਇਨ੍ਹਾਂ ਵਿਸ਼ਿਆ ਰਾਹੀਂ ਜਿਹੜੀਆਂ ਮੂਲ ਸਮੱਸਿਆਵਾਂ ਦੀ ਨਬਜ਼ ਫੜੀ ਹੈ। ਉਸ ਵਿਚ ਸਾਡੀ ਸਿੱਖਿਆ ਪ੍ਰਣਾਲੀ ਅਤੇ ਉਸ ਨਾਲ ਜੁੜਿਆ ਹੋਇਆ ਅਧਿਆਪਕ ਵਰਗ, ਜੋ ਸਰਕਾਰੀ ਨੀਤੀਆਂ ਦਾ ਸ਼ਿਕਾਰ ਹੋ ਰਿਹਾ ਹੈ। ਸਮਾਜ ਵਿਚ ਫੈਲੀਆਂ ਵੱਖ-ਵੱਖ ਕੁਰੀਤੀਆਂ ਜਿਸ ਵਿਚ ਛੋਟੇ ਬੱਚਿਆਂ ਅਤੇ ਇਸਤਰੀਆਂ ਦਾ ਸ਼ੋਸ਼ਣ ਹੋ ਰਿਹਾ ਹੈ। ਖਿੱਤੇ ਵਿਚ ਹੋ ਰਹੀ ਫੋਕੀ ਸਿਆਸਤ ਦੇ ਮਸਲੇ ਹਨ। ਇਸ ਖੇਤਰ ਦਾ ਘਟੀਆ ਸਿਹਤ ਪ੍ਰਬੰਧ ਅਤੇ ਪ੍ਰਵਾਸ ਦੇ ਮਸਲੇ ਹਨ। ਵਿਅਕਤੀ ਦੀ ਵਿਅਕਤੀ ਵਜੋਂ ਖਤਮ ਹੋ ਰਹੀ ਹੋਂਦ ਅਤੇ ਝੂਠ ਦੇ ਇਸ ਦੌਰ ’ਚ ਗਵਾਚੇ ਸੱਚ ਦੀ ਗੱਲ ਹੈ। ਸਰਕਾਰੀ ਤੰਤਰ ਵੱਲੋਂ ਵੱਖਰੇ ਕਿਸਮ ਦਾ ਵੀ.ਆਈ.ਪੀ. ਕਲਚਰ ਪੈਦਾ ਕਰਨ ਅਤੇ ਪਰਦੇ ਪਿੱਛੇ ਵਾਪਰ ਰਹੇ ਵਰਤਾਰਿਆਂ ਦੀ ਗੱਲ ਹੈ। ਨਸ਼ਿਆਂ ਦੇ ਵਗ ਰਹੇ ਦਰਿਆ ਅਤੇ ਮਨੁੱਖ ਦੀ ਪ੍ਰੀਭਾਸ਼ਾ ਦੀ ਗੱਲ ਹੈ। ਇਸ ਖਿੱਤੇ ਦੀਆਂ ਸਮੱਸਿਆ ’ਤੇ ਕੁਝ ਅਜਿਹੇ ਵਿਸ਼ੇ ਜਿਹੜੇ ਕਿ ਸਿੱਧੇ ਰੂਪ ਵਿਚ ਸਮਾਜ ਵਿਚ ਨਜ਼ਰ ਨਹੀਂ ਆ ਰਹੇ ਪਰ ਉਹ ਸਮਾਜ ਦੀ ਨੀਂਹ ਨੂੰ ਖੋਖਲਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਲੇਖਕ ਨੇ ਆਪਣੇ ਲੇਖਾਂ ਵਿਚ ਅਜਿਹੇ ਵਿਸ਼ਿਆਂ ਨੂੰ ਆਧਾਰ ਬਣਾ ਕੇ ਵਿਅਕਤੀ ਲਈ ਨਵੀਆਂ ਚੁਣੌਤੀਆਂ ਅਤੇ ਨਵੀਆਂ ਸੰਭਾਵਨਾਵਾਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਲੇਖਕ ਨੇ ਜਿੱਥੇ ਪਾਠਕਾਂ ਨੂੰ ਕਿਤਾਬੀ ਰੂਪ ਵਿਚ ਆਪਣੇ ਅਨੁਭਵ ਸਾਂਝੇ ਕੀਤੇ ਹਨ, ਉਥੇ ਸਮਾਜ ਦੁਆਰਾ ਸਿਰਜੇ ਹੋਏ, ਸੋਸ਼ਲ ਮੀਡੀਆ ਮੰਚ ’ਤੇ ਆਪਣੀ ਗੱਲ ਰੱਖ ਕੇ, ਉਸ ਵਿਚ ਵਿਚਾਰ-ਚਰਚਾ ਦਾ ਮੰਚ ਵੀ ਖੋਲ੍ਹਿਆ ਹੈ। ਇਸ ਤਰ੍ਹਾਂ ਲੇਖਕ ਨੇ ਆਪਣੀ ਦੂਰ ਅੰਦੇਸ਼ੀ ਸੋਚ ਦੀ ਪੇਸ਼ਕਾਰੀ ਕਰਦੇ ਹੋਏ, ਉਨ੍ਹਾਂ ਵਿਸ਼ਿਆਂ ਨੂੰ ਪੇਸ਼ ਕੀਤਾ ਹੈ, ਜੋ ਆਮ ਰੂਪ ਵਿਚ ਨਜ਼ਰ ਨਹੀਂ ਆਉਂਦੇ ਪਰ ਉਹ ਸਦੀਆਂ ਤੋਂ ਚਲੇ ਆ ਰਹੇ ਮੁੱਦੇ ਹਨ, ਜੋ ਸਮਾਜ ਨੂੰ ਘੁਣ ਵਾਂਗ ਖਾ ਰਹੇ ਹਨ। ਵਰਤਮਾਨ ਸਮਾਜ ਵਿਚ ਲੋਕਾਂ ਦੇ ਇਸ ਮੰਚ ’ਤੇ ਪੈਦਾ ਹੋਏ ਵਿਸ਼ਿਆਂ ਅਤੇ ਉਨ੍ਹਾਂ ਦੀ ਵਿਚਾਰ-ਚਰਚਾ ਨੂੰ ਲੇਖਕ ਨੇ ਕਿਤਾਬੀ ਰੂਪ ਵਿਚ ਰੱਖ ਕੇ ਸੋਸ਼ਲ ਮੀਡੀਆ ਅਤੇ ਪ੍ਰੰਪਰਾਗਤ ਸੰਚਾਰ ਸਾਧਨਾਂ ਦੀ ਭਰੋਸੇਯੋਗਤਾ ਦੀ ਪਹਿਲਕਦਮੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਪੁਸਤਕ ਲੋਕਾਂ ਨੂੰ ਸੋਸ਼ਲ ਮੀਡੀਆ ਦੇ ਅਸਲ ਮਕਸਦ ਅਤੇ ਪੰਜਾਬੀ ਸੱਭਿਆਚਾਰ ਵੱਲ ਮੁੜ ਲਈ ਪ੍ਰੇਰਿਤ ਕਰੇਗੀ। ਲੇਖਕ ਦੁਆਰਾ ਇਨ੍ਹਾਂ ਲਿਖਤਾਂ ਵਿਚ ਭਾਸ਼ਾਈ ਸ਼ਬਦਾਵਲੀ ਦੇ ਵਜੋਂ ਸਾਧਾਰਨ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ। ਪਾਠਕ, ਇਸ ਭਾਸ਼ਾਈ ਸ਼ਬਦਾਵਲੀ ਨੂੰ ਸਹਿਜ ਹੀ ਸਮਝ ਸਕਦਾ ਹੈ ਕਿਉਂਕਿ ਇਹ ਸ਼ਬਦਾਵਲੀ, ਲੋਕ ਭਾਸ਼ਾ ਵਜੋਂ ਪ੍ਰਵਾਨਿਤ ਹੈ। ਲੇਖਕ ਕਈ ਜਗ੍ਹਾ ਉੱਪਰ ਅੰਗਰੇਜ਼ੀ ਸ਼ਬਦਾਵਲੀ ਦੀ ਵਰਤੋਂ ਗੁਰਮੁਖੀ ਲਿਪੀ ਵਿਚ ਕਰਦਾ ਹੈ ਪਰ ਇਹ ਅਜਿਹੀ ਸ਼ਬਦਾਵਲੀ ਹੈ, ਜੋ ਸੋਸ਼ਲ ਮੀਡੀਆ ਦੇ ਮਾਧਿਅਮ ਰਾਹੀਂ ਲੋਕਾਂ ਨੂੰ ਪ੍ਰਵਾਨ ਹੈ। ਲੇਖਕ ਨੇ ਕੋਸ਼ਿਸ਼ ਕੀਤੀ ਹੈ ਕਿ ਲਿਖਤਾਂ ਦੀ ਭਾਸ਼ਾ ਟਕਸਾਲੀ ਭਾਸ਼ਾ ਦੇ ਰੂਪ ਵਾਲੀ ਹੋਵੇ। ਇਸ ਤਰ੍ਹਾਂ ਇਹ ਲਿਖਤਾਂ ਲੋਕਾਂ ਵਿਚ ਆਪਣਾ ਸੰਦੇਸ਼ ਪਹੁੰਚਾਉਣ ਵਿਚ ਕਾਮਯਾਬ ਹੋਈਆਂ ਹਨ।

# ਨਸ਼ਾ ਤਸਕਰਾਂ ’ਤੇ ਸ਼ਿਕੰਜਾ

ਨਸ਼ਾ ਕਿੱਥੋਂ ਆਉਂਦਾ ਹੈ ਅਤੇ ਕਿਵੇਂ ਇਸ ਦੀ ਪਹੁੰਚ ਹਰ ਇੱਕ ਵਿਅਕਤੀ ਤੱਕ ਹੋ ਰਹੀ ਹੈ, ਇਸ ਸਬੰਧੀ ਪਿਛਲੇ ਸਮੇਂ ਤੋਂ ਕਾਫ਼ੀ ਚਰਚਾ ਛਿੜੀ ਹੋਈ ਸੀ ਪਰ ਪ੍ਰਸ਼ਾਸਨ ਦੀ ਢਿੱਲੀ ਕਾਰਗੁਜ਼ਾਰੀ ਹੋਣ ਕਰਕੇ ਵੱਡੀਆਂ ਮਛਲੀਆਂ ਇਸ ਦੇ ਹੱਥ ਨਹੀਂ ਲੱਗੀਆਂ ਪਰ ਕਹਿੰਦੇ ਹਨ ਕਿ ਸੌ ਦਿਨ ਚੋਰ ਦਾ ਅਤੇ ਇੱਕ ਦਿਨ ਸਾਧ ਦਾ। ਜਿੰਨਾ ਵੀ ਨਸ਼ਾ ਅੱਜਕਲ੍ਹ ਪਹੁੰਚ ਵਿਚ ਹੈ, ਉਸ ਵਿਚ ਪ੍ਰਸ਼ਾਸਨ ਦੀ ਨਾਕਾਮੀ ਅਤੇ ਮਿਲੀਭੁਗਤ ਨਜ਼ਰ ਆ ਰਹੀ ਹੈ। ਪਿਛਲੇ ਦਿਨੀਂ ਖੁੱਲ੍ਹੀ ਸੀਲ ਬੰਦ ਰਿਪੋਰਟ ਵਿਚ ਇੱਕ ਉੱਚ ਪੁਲਿਸ ਅਧਿਕਾਰੀ ਦਾ ਨਾਮ ਆਉਣਾ ਇਹ ਸੋਚਣ ਲਈ ਮਜਬੂਰ ਕਰਦਾ ਹੈ ਕਿ ਜਿਨ੍ਹਾਂ ਦਾ ਕੰਮ ਨਸ਼ਾ ਤਸਕਰਾਂ ਨੂੰ ਰੋਕਣਾ ਸੀ, ਉਹ ਹੀ ਇਸ ਦੇ ਪੈਰੋਕਾਰ ਬਣ ਗਏ। ਰਕਸ਼ਕ ਹੀ ਭਕਸ਼ਕ ਬਣ ਗਏ। ਨਸ਼ਾ ਰੋਕਣ ਵਾਲੇ ਖ਼ੁਦ ਹੀ ਨਸ਼ੇ ਦੇ ਸੌਦਾਗਰਾਂ ਵਿਚ ਸ਼ਾਮਲ




**ਰਜਵਿੰਦਰ ਪਾਲ ਸ਼ਰਮਾ**
ਪਿੰਡ ਕਾਲਝਰਾਣੀ
ਡਾਕਖਾਨਾ ਚੱਕ ਅਤਰ ਸਿੰਘ ਵਾਲਾ
ਤਹਿ ਅਤੇ ਜ਼ਿਲ੍ਹਾ-ਬਠਿੰਡਾ
70873-67969
(Punjab Mail USA)




ਹੋ ਗਏ। ਪੰਜਾਬ ਗੁਆਂਢੀ ਸੂਬਾ ਹੋਣ ਕਰਕੇ ਆਏ ਦਿਨ ਡਰੋਨਾਂ ਦੇ ਆਉਣਾ ਅਤੇ ਉਨ੍ਹਾਂ ਡਰੋਨਾਂ ਰਾਹੀਂ ਸਮਗਲਿੰਗ ਦਾ ਹੋਣਾ ਜਿਥੇ ਗੁਆਂਢੀ ਮੁਲਕ ਦੇ ਮਨਸੂਬਿਆਂ ਵੱਲ ਇਸ਼ਾਰਾ ਕਰਦਾ ਹੈ, ਉਥੇ ਵੱਡੇ-ਵੱਡੇ ਅਧਿਕਾਰੀਆਂ ਦਾ ਨਸ਼ਾ ਤਸਕਰਾਂ ਵਿਚ ਸ਼ਾਮਲ ਹੋਣਾ ਨਸ਼ਾ ਖ਼ਤਮ ਕਰਨ ਵਿਚ ਰੋੜਾ ਬਣਿਆ ਹੋਇਆ ਹੈ। ਪਤਾ ਨਹੀਂ ਇਹ ਨਸ਼ਾ ਤਸਕਰਾਂ ਦੀ ਚੇਨ ਕਿੰਨੀ ਲੰਮੀ ਹੈ, ਜੋ ਘਰਾਂ ਤੋਂ ਨਿਕਲਦੀ ਹੋਈ ਬਾਰਡਰਾਂ ਤੱਕ ਪਹੁੰਚਦੀ ਹੈ। ਇਨ੍ਹਾਂ ਨਸ਼ਾ ਤਸਕਰਾਂ ਨੇ ਪਤਾ ਨਹੀਂ ਕਿੰਨੇ ਹੀ ਘਰਾਂ ਦੇ ਚਿਰਾਗ ਬੁਝਾ ਦਿੱਤੇ ਅਤੇ ਜੋ ਜਿਉਂਦੇ ਹਨ, ਉਹ ਮਰਿਆ ਨਾਲੋਂ ਵੀ ਭੈੜੇ ਹਨ। ਨਸ਼ਾ ਤਸਕਰਾਂ ਨੂੰ ਲਗਾਮ ਲਗਾਉਣ ਲਈ ਰਾਸ਼ਟਰੀ, ਅੰਤਰਰਾਸ਼ਟਰੀ ਅਤੇ ਜਨਤਕ ਪੱਧਰ ’ਤੇ ਠੋਸ ਪਹਿਲ ਕਦਮੀ ਕਰਨੀ ਹੋਵੇਗੀ, ਤਾਂ ਜੋ ਨਸ਼ੇ ਵਰਗੀਆਂ ਕੁਰੀਤੀਆਂ ਨੂੰ ਲਗਾਮ ਲਗਾ ਕੇ ਮੁੜ ਰੰਗਲੇ ਪੰਜਾਬ ਦੇ ਸੁਪਨੇ ਵੱਲ ਵੱਧ ਸਕੀਏ।

# ਅਦਰਕ



ਡਾ. ਹਰਸ਼ਿੰਦਰ ਕੌਰ
ਐੱਮ.ਡੀ., ਬੱਚਿਆਂ ਦੀ ਮਾਹਿਰ,
28, ਪ੍ਰੀਤ ਨਗਰ, ਲੋਅਰ ਮਾਲ,
ਪਟਿਆਲਾ।
ਫੋਨ ਨੰ: 0175-2216783
(Punjab Mail USA)



ਅਦਰਕ ਦਾ ਨਾਂ ਲੈਂਦਿਆਂ ਹੀ ਕਈਆਂ ਨੂੰ ਅਦਰਕ ਦੀ ਚਾਹ ਤੇ ਕੁੱਝ ਨੂੰ ਅਦਰਕ ਚਿਕਨ ਯਾਦ ਆ ਜਾਂਦਾ ਹੈ। ਇਸਤੋਂ ਇਲਾਵਾ ਅਨੇਕ ਖਾਣ ਅਤੇ ਪੀਣ ਵਾਲੇ ਪਦਾਰਥਾਂ ਵਿਚ ਅਦਰਕ ਦੀ ਵਰਤੋਂ ਕੀਤੀ ਜਾ ਰਹੀ ਹੈ। ਸ਼ਾਇਦ ਬਹੁਤਿਆਂ ਨੂੰ ਪਤਾ ਨਾ ਹੋਵੇ ਕਿ ਇਸਦੇ ਡਾਕਟਰੀ ਪੱਖੋਂ ਵੀ ਕਾਫ਼ੀ ਫ਼ਾਇਦੇ ਹਨ।

ਸਦੀਆਂ ਤੋਂ ਅਦਰਕ ਵਿਚਲੇ ਖੰਘ ਨੂੰ ਰੋਕਣ ਵਾਲੇ ਤੱਤਾਂ ਤੇ ਦਰਦ ਨਿਵਾਰਕ ਤੱਤਾਂ ਦਾ ਜ਼ਿਕਰ ਹੁੰਦਾ ਆਇਆ ਹੈ। ਅੱਜ ਵੀ ਲਗਾਤਾਰ ਆਉਂਦੀ ਖੰਘ ਨੂੰ ਰੋਕਣ ਲਈ ਬਜ਼ੁਰਗ ਮਲੱਠੀ ਮੂੰਹ ਵਿਚ ਰੱਖ ਕੇ ਚੂਸ ਲੈਂਦੇ ਹਨ ਤੇ ਕਸਰਤ ਤੋਂ ਬਾਅਦ ਹੋ ਰਹੀ ਪੱਠਿਆਂ ਦੀ ਦਰਦ ਵਾਸਤੇ ਵੀ ਤਾਜ਼ਾ ਅਦਰਕ ਦਾ ਚੂਸਣਾ ਬਹੁਤ ਅਸਰਦਾਰ ਸਾਬਤ ਹੋ ਰਿਹਾ ਹੈ।

ਇਹ ਅਸਰ ਵੇਖਦੇ ਹੋਏ ਅਸਲ ਮਾਅਨਿਆਂ ਵਿਚ ਪਹਿਲੀ ਖੋਜ ਸੰਨ 2010 ਵਿਚ ਹੋਈ, ਜਿੱਥੇ ਕਸਰਤ ਕਰਨ ਵਾਲੇ ਲੋਕਾਂ ਨੂੰ ਪੱਠਿਆਂ ਦੀ ਦਰਦ ਵਾਸਤੇ ਰੋਜ਼ਾਨਾ ਅਦਰਕ ਦਿੱਤਾ ਗਿਆ। ਇਹ ਵੇਖਣ ਵਿਚ ਆਇਆ ਕਿ ਉਨ੍ਹਾਂ ਦੀ ਦਰਦ ਅਦਰਕ ਖਾਂਦੇ ਸਾਰ 25 ਪ੍ਰਤੀਸ਼ਤ ਘੱਟ ਗਈ।

'ਅਮਰੀਕਨ ਪੇਨ ਸੋਸਾਇਟੀ' ਨੇ 'ਜਰਨਲ ਔਫ ਪੇਨ' ਵਿਚ ਇਸ ਨਵੀਂ ਖੋਜ ਬਾਰੇ ਜ਼ਿਕਰ ਕੀਤਾ ਹੈ।

ਉਨ੍ਹਾਂ ਨੇ 74 ਵਿਦਿਆਰਥੀ ਚੁਣੇ, ਜਿਨ੍ਹਾਂ ਨੂੰ ਬਹੁਤੀ ਕਸਰਤ ਬਾਅਦ ਜਾਂ ਸਟ ਵੱਜਣ ਬਾਅਦ ਦਰਦ ਹੋ ਰਹੀ ਸੀ। ਇਨ੍ਹਾਂ ਸਾਰਿਆਂ ਨੂੰ ਤਿੰਨ ਹਿੱਸਿਆਂ ਵਿਚ ਵੰਡ ਲਿਆ ਗਿਆ। ਇਕ ਤਿਹਾਈ ਨੂੰ ਦੱਸੇ ਬਗ਼ੈਰ ਕੱਚਾ ਅਦਰਕ ਫੇਹ ਕੇ ਖਾਣ ਲਈ ਦਿੱਤਾ ਗਿਆ ਤੇ ਇਕ ਤਿਹਾਈ ਨੂੰ ਦਵਾਈ ਕਹਿ ਕੇ ਗਰਮ ਕੀਤਾ ਅਦਰਕ ਦਿੱਤਾ ਗਿਆ ਤੇ ਤੀਜੇ ਹਿੱਸੇ ਨੂੰ ਅਦਰਕ ਦੇ ਸਵਾਦ ਵਾਲੀ ਟਾਫ਼ੀ ਦੇ ਦਿੱਤੀ ਗਈ, ਜਿਸ ਵਿਚ ਅਦਰਕ ਦਾ ਰਸ ਉੱਕਾ ਹੀ ਨਹੀਂ ਸੀ।

ਜਾਰਜੀਆ ਦੀ ਯੂਨੀਵਰਸਿਟੀ ਵਿਚ ਕੀਤੀ ਇਸ ਖੋਜ ਨੇ ਕਮਾਲ ਦੇ ਸਿੱਟੇ ਸਾਡੇ ਸਾਹਮਣੇ ਲਿਆ ਧਰੇ ਹਨ ਕਿ ਅਦਰਕ ਪੱਠਿਆਂ ਦੀ ਦਰਦ ਨੂੰ ਅਤੇ ਪੱਠਿਆਂ ਦੀ ਸੋਜ਼ਿਸ਼ ਨੂੰ ਬਿਨਾਂ ਕਿਸੇ ਮਾੜੇ ਅਸਰ ਦੇ, ਪੂਰੀ ਤਰ੍ਹਾਂ ਦੂਰ ਕਰ ਦਿੰਦਾ ਹੈ। ਜਿਹੜੇ ਤੀਜੇ ਹਿੱਸੇ ਨੂੰ ਅਦਰਕ ਨਹੀਂ ਸੀ ਦਿੱਤਾ ਗਿਆ, ਉਨ੍ਹਾਂ ਵਿਦਿਆਰਥੀਆਂ ਦੀ ਪੀੜ ਬਰਕਰਾਰ ਰਹੀ, ਜਦਕਿ ਬਾਕੀ ਦੋਵਾਂ ਗਰੁੱਪਾਂ ਦੇ ਵਿਦਿਆਰਥੀਆਂ ਦੀ ਪੀੜ ਪੂਰੀ ਤਰ੍ਹਾਂ ਠੀਕ ਹੋ ਗਈ। ਇਹ ਤਾਂ ਸਪੱਸ਼ਟ ਹੋ ਗਿਆ ਕਿ ਭਾਵੇਂ ਕੱਚਾ ਲਿਆ ਜਾਵੇ ਤੇ ਭਾਵੇਂ ਭੁੰਨ ਕੇ, ਅਦਰਕ ਕੁਦਰਤੀ ਦਰਦ ਨਿਵਾਰਕ ਤਾਂ ਕਮਾਲ ਦਾ ਹੈ!

ਅਦਰਕ ਵਿਚ 9 ਤੱਤ ਲੱਭੇ ਗਏ ਹਨ, ਜਿਹੜੇ ਇਨਸਾਨੀ ਸਰੀਰ ਅੰਦਰਲੇ ਸਿਰੋਟੋਨਿਨ ਨੂੰ ਬੰਨ੍ਹ ਕੇ ਰੱਖ ਦਿੰਦੇ ਹਨ, ਤਾਂ ਜੋ ਅੰਤੜੀਆਂ ਦੀ ਨਾਰਮਲ ਤੌਰ ਬਰਕਰਾਰ ਰਹੇ ਅਤੇ ਢਹਿੰਦੀ ਕਲਾ ਵੀ ਠੀਕ ਹੋ ਜਾਏ।

ਅਦਰਕ ਦੀ ਜੜ੍ਹ ਵਿਚੋਂ ਬਣਾਏ ਰਸ ਨਾਲ ਕੀਤੀ ਇਕ ਖੋਜ ਵਿਚ ਇਹ ਜ਼ਾਹਰ ਹੋਇਆ ਕਿ ਇਸ ਨਾਲ ਅੰਤੜੀਆਂ ਦੀ ਸੋਜ਼ਿਸ਼ ਕਰਨ ਵਾਲਾ ਮਾਰਕਰ ਪਰੋਸਟਾਗਲੈਂਡਿਨ ਈ2 (**PGE2**) ਘੱਟ ਜਾਂਦਾ ਹੈ। ਧਿਆਨ ਰਹੇ ਕਿ ਇਸ ਮਾਰਕਰ ਦਾ ਅੰਤੜੀਆਂ ਦੇ ਕੈਂਸਰ ਵਿਚ ਰੋਲ ਲੱਭਿਆ ਗਿਆ ਹੈ। ਇਸ ਤਰੀਕੇ ਅਦਰਕ ਅੰਤੜੀਆਂ ਲਈ ਕਾਫ਼ੀ ਲਾਹੇਵੰਦ ਸਾਬਤ ਹੋ ਗਿਆ।

ਕੁੱਝ ਖੋਜਾਂ ਸਮੁੰਦਰੀ ਰਸਤੇ ਜਾਣ ਵਾਲਿਆਂ ਨੂੰ ਆ ਰਹੀ ਉਲਟੀ ਜਾਂ ਦਿਲ ਕੱਚੇ ਹੋਣ ਦੀ ਸ਼ਿਕਾਇਤ ਕਰਨ ਵਾਲਿਆਂ ਉੱਤੇ ਕੀਤੀਆਂ ਗਈਆਂ। ਇਹ ਵੇਖਣ ਵਿਚ ਆਇਆ ਕਿ ਆਮ ਟਾਫ਼ੀ ਖਾਣ ਵਾਲਿਆਂ ਨਾਲੋਂ ਉਨ੍ਹਾਂ ਵਿਚ ਜਿਨ੍ਹਾਂ ਨੂੰ ਅਦਰਕ ਦਾ ਰਸ ਪੀਣ ਲਈ ਦਿੱਤਾ ਗਿਆ, ਉਲਟੀ ਛੇਤੀ ਤੇ ਜ਼ਿਆਦਾ ਦੇਰ ਲਈ ਰੁਕ ਗਈ ਤੇ ਦਿਲ ਕੱਚਾ ਹੋਣਾ ਵੀ ਬੰਦ ਹੋ ਗਿਆ। ਇੰਜ ਹੀ ਜੱਚਾ ਨੂੰ ਸਵੇਰ ਵੇਲੇ ਆ ਰਹੀਆਂ ਉਲਟੀਆਂ ਰੋਕਣ ਵਿਚ ਵੀ ਅਦਰਕ ਅਸਰਦਾਰ ਸਾਬਤ ਹੋਇਆ ਤੇ ਕੈਂਸਰ ਵਾਸਤੇ ਚੱਲ ਰਹੀ ਕੀਮੋਥੈਰਪੀ ਵਿਚਲੀਆਂ ਉਲਟੀਆਂ ਰੋਕਣ ਲਈ ਵੀ ਕੁੱਝ ਹੱਦ ਤੱਕ ਅਸਰ ਵਿਖਾ ਗਿਆ।

ਹੋਰ ਤਾਂ ਹੋਰ, ਉਪਰੇਸ਼ਨ ਤੋਂ ਬਾਅਦ ਆ ਰਹੀਆਂ ਉਲਟੀਆਂ ਵਿਚ ਵੀ ਮਰੀਜ਼ ਨੂੰ ਅਦਰਕ ਦੇ ਕੇ ਇਸਦਾ ਅਸਰ ਵੇਖਣ ਲਈ ਖੋਜ ਕਰਨ ਦੀ ਕੋਸ਼ਿਸ਼ ਕੀਤੀ ਗਈ ਤੇ ਉਸ ਵਿਚ ਵੀ ਥੋੜ੍ਹੇ ਜਿਹੇ ਮਰੀਜ਼ਾਂ ਵਿਚ ਮਲੱਠੀ ਮੂੰਹ ਵਿਚ ਰੱਖ ਕੇ ਚੂਸ ਲੈਣ ਨਾਲ ਫ਼ਰਕ ਦਿਸਿਆ।

### ਕੁੱਝ ਖੋਜਾਂ ਜੋ ਹਾਲੇ ਚੱਲ ਰਹੀਆਂ ਹਨ ਪਰ ਪੂਰੀ ਤਰ੍ਹਾਂ ਸਾਬਤ ਨਹੀਂ ਹੋ ਸਕੀਆਂ, ਉਹ ਹਨ :-

1. ਅਦਰਕ ਜੋੜਾਂ ਦੀ ਦਰਦ ਉੱਤੇ ਥੋੜ੍ਹਾ ਬਹੁਤ ਫ਼ਰਕ ਪਾਉਂਦਾ ਹੈ।
2. ਕੋਲੈਸਟਰੋਲ ਘਟਾਉਂਦਾ ਹੈ।
3. ਲਹੂ ਪਤਲਾ ਕਰਦਾ ਹੈ।
4. ਜ਼ਿੰਜਰੋਨ ਈ. ਕੋਲਾਈ ਕੀਟਾਣੂ (Enterotoxigenic E. Coli) ਵਿਚੋਂ ਨਿਕਲੇ ਮਾੜੇ ਰਸਾਂ (**Enterotoxin**) ਨੂੰ ਅਸਰ ਕਰਨ ਤੋਂ ਰੋਕਦਾ ਹੈ ਤੇ ਟੱਟੀਆਂ ਲੱਗਣ ਤੋਂ ਵੀ!

ਇਕ ਹੋਰ ਖੋਜ ਜੋ ਕਈ ਦੇਸ਼ਾਂ ਵਿਚ ਚੱਲ ਰਹੀ ਹੈ, ਉਹ ਹੈ ਸ਼ੱਕਰ ਰੋਗੀਆਂ ਵਿਚ ਵਧੀ ਹੋਈ ਸ਼ੱਕਰ ਦੀ ਮਾਤਰਾ ਨਾਲ ਅੱਖਾਂ ਵਿਚ ਹੋ ਰਿਹਾ ਚਿੱਟਾ ਮੋਤੀਆ। ਸ਼ੁਰੂਆਤੀ ਦੌਰ ਵਿਚ ਜੇ ਬੀਮਾਰੀ ਦਾ ਧਿਆਨ ਕਰ ਲਿਆ ਜਾਏ, ਤਾਂ ਅਦਰਕ ਆਪਣੇ ਐਂਟੀਗਲਾਈਕੇਟਿੰਗ ਅਸਰ ਰਾਹੀਂ ਚਿੱਟੇ ਮੋਤੀਏ ਨੂੰ ਕੁੱਝ ਹੋਰ ਦੇਰ ਤੱਕ ਹੋਣ ਤੋਂ ਰੋਕਦਾ ਰਹਿੰਦਾ ਹੈ।

ਅਦਰਕ ਵਿਚਲੇ ਤੇਲ ਜੋ ਇਸਦੀ ਖ਼ੁਸ਼ਬੋ ਦਾ ਕਾਰਣ ਹਨ, ਉਹ ਹਨ - ਜ਼ਿੰਜਰੋਨ, ਸ਼ੋਗੋਲਜ਼, ਜਿੰਜੀਰੋਲ, ਵੋਲਾਟਾਈਲ ਤੇਲ। ਇਹ ਤਾਜ਼ੇ ਅਦਰਕ ਵਿਚਲੇ ਤਿੰਨ ਪ੍ਰਤੀਸ਼ਤ ਭਾਰ ਦਾ ਹਿੱਸਾ ਬਣਦੇ ਹਨ।

ਚੂਹਿਆਂ ਉੱਤੇ ਜਿੰਜੀਰੋਲ ਦਾ ਅਸਰ ਵੇਖਣ ਲਈ ਮਿਸ਼ੀਗਨ ਦੀ ਯੂਨੀਵਰਸਿਟੀ ਵਿਚ ਖੋਜ ਕੀਤੀ ਗਈ। ਨਤੀਜਿਆਂ ਨੇ ਦੱਸਿਆ ਕਿ ਅੰਤੜੀਆਂ ਦੀ ਚਾਲ ਰਵਾਂ ਹੋਈ, ਦਰਦ ਘੱਟ ਮਹਿਸੂਸ ਹੋਈ, ਹਲਕੀ ਨੀਂਦਰ ਆਉਣੀ ਸ਼ੁਰੂ ਹੋਈ, ਬੁਖ਼ਾਰ ਘੱਟ ਹੋ ਗਿਆ ਤੇ ਕੀਟਾਣੂਆਂ ਦੇ ਅਸਰ ਨੂੰ ਘਟਾਉਣ ਲਈ ਵੀ ਇਹ ਕਾਫ਼ੀ ਅਸਰਦਾਰ ਹੈ। ਇੱਥੋਂ ਤੱਕ ਕਿ ਚੂਹਿਆਂ ਦੇ ਅੰਡਕੋਸ਼ ਦੇ ਕੈਂਸਰ ਵਿਚਲੇ ਕੁੱਝ ਸੈੱਲ ਮਾਰ ਦੇਣ ਵਿਚ ਵੀ ਇਸਦਾ ਅਸਰ ਦਿਸਿਆ।

ਕਮਾਲ ਤਾਂ ਇਹ ਹੈ ਕਿ ਪਹਿਲੇ ਵਿਸ਼ਵ ਯੁੱਧ ਦੌਰਾਨ ਘੋੜਿਆਂ ਦੀ ਕਬਜ਼ ਠੀਕ ਕਰਨ ਲਈ ਵੀ ਅਦਰਕ ਦੀਆਂ ਗੋਲੀਆਂ ਉਨ੍ਹਾਂ ਦੇ ਮਲ ਦਵਾਰ ਰਾਹੀਂ ਪਾ ਕੇ ਇਲਾਜ ਕੀਤਾ ਗਿਆ।

ਇਹ ਤਾਂ ਮੰਨੀ ਪ੍ਰਮੰਨੀ ਗੱਲ ਹੈ ਤੇ ਖੋਜ ਵੀ ਸਾਬਤ ਕਰ ਚੁੱਕੀ ਹੈ ਕਿ ਅਦਰਕ ਮੂੰਹ ਵਿਚ ਥੁੱਕ ਦੀ ਮਾਤਰਾ ਵਧਾ ਦਿੰਦਾ ਹੈ ਤੇ ਖਾਣਾ ਛੇਤੀ ਹਜ਼ਮ ਹੋਣ ਵਿਚ ਮਦਦ ਕਰਦਾ ਹੈ। ਪੇਟ ਗੈਸ, ਅਫ਼ਾਰਾ, ਕਬਜ਼, ਪੇਟ ਦਰਦ ਆਦਿ ਲਈ ਤਾਂ ਸਦੀਆਂ ਤੋਂ ਇਹ ਵਰਤਿਆ ਜਾ ਰਿਹਾ ਹੈ।

ਜ਼ੁਕਾਮ ਠੀਕ ਕਰਨ ਲਈ ਅਦਰਕ ਤੋਂ ਬਣੀ ਚਾਹ ਤਾਂ ਕਮਾਲ ਦਾ ਅਸਰ ਵਿਖਾਉਂਦੀ ਹੈ। ਅੱਜ ਦੇ ਦਿਨ ਵੀ ਬਰਮਾ, ਚੀਨ, ਕੌਂਗੋ, ਭਾਰਤ, ਇੰਡੋਨੇਸ਼ੀਆ, ਨੇਪਾਲ, ਫਿਲੀਪੀਨਜ਼ ਅਮਰੀਕਾ ਤੇ ਕੈਨੇਡਾ ਵਿਚ ਸਫ਼ਰ ਦੌਰਾਨ ਹੋ ਰਹੇ ਦਿਲ ਕੱਚੇ, ਪੇਟ ਗੈਸ ਤੇ ਜ਼ੁਕਾਮ ਲਈ ਇਸਦੀ ਵਰਤੋਂ ਜ਼ੋਰਾਂ ਉੱਤੇ ਹੈ। ਇਸ ਨੂੰ ਵਰਤਣ ਦੇ ਤਰੀਕੇ ਜ਼ਰੂਰ ਹਰ ਥਾਂ ਵੱਖ-ਵੱਖ ਹਨ। ਕੋਈ ਚੂਸ ਕੇ ਲੈਂਦਾ ਹੈ। ਕੋਈ ਇਸਨੂੰ ਗਰਮ ਪਾਣੀ ਵਿਚ ਉਬਾਲ ਕੇ, ਕੋਈ ਰਿੰਨ੍ਹ ਕੇ ਜਾਂ ਭੁੰਨ ਕੇ, ਕੋਈ ਅਦਰਕ ਕੁੱਟ ਕੇ ਅੰਬ ਦੇ ਦਰੱਖ਼ਤ ਦੀ ਛਾਲ ਵਿਚ ਮਿਲਾ ਕੇ (ਕੌਂਗੋ ਵਿਚ), ਕੋਈ ਅੰਡਿਆਂ ਵਿਚ ਪਾ ਕੇ ਜਾਂ ਕੋਲਾ ਵਿਚ ਮਿਲਾ ਕੇ (ਚੀਨ), ਕੋਈ ਅਦਰਕ ਦੇ ਰਸ ਨੂੰ ਪਾਮ ਦਰਖ਼ਤ ਦੇ ਜੂਸ ਵਿਚ ਮਿਲਾ ਕੇ (ਬਰਮਾ), ਤੇ ਕੋਈ ਪੇਸਟ ਬਣਾ ਕੇ ਮੱਥੇ ਉੱਤੇ ਲਾ ਕੇ ਸਿਰਦਰਦ ਅਤੇ ਜੋੜਾਂ ਦੀ ਦਰਦ ਠੀਕ ਕਰਨ ਲਈ ਜਾਂ ਨਿੰਬੂ ਕਾਲਾ ਲੂਣ ਨਾਲ ਰਲਾ ਕੇ ਦਿਲ ਕੱਚਾ ਹੁੰਦਾ ਠੀਕ ਕਰਨ ਲਈ (ਭਾਰਤ) ਵਰਤ ਰਿਹਾ ਹੈ!

ਅਮਰੀਕਾ ਵਿਚ ਤਾਂ ਗਰਮੀ ਨਾਲ ਹੋ ਰਹੇ ਪੱਠਿਆਂ ਵਿਚਲੇ ਅਕੜਾਓ ਠੀਕ ਕਰਨ ਲਈ ਵੀ ਅਦਰਕ ਦਾ ਪਾਣੀ ਵਰਤਿਆ ਜਾ ਰਿਹਾ ਹੈ।

ਜਿੱਥੇ ਏਨੇ ਫ਼ਾਇਦੇ ਗਿਣਾਏ ਹਨ, ਉੱਥੇ ਮੇਰਾ ਫ਼ਰਜ਼ ਹੈ ਕਿ ਇਸ ਨਾਲ ਹੋ ਰਹੇ ਮਾੜੇ ਅਸਰਾਂ ਦਾ ਵੀ ਜ਼ਿਕਰ ਕਰਾਂ ਕਿਉਂਕਿ ਹਰ ਇਨਸਾਨ ਲਈ ਜ਼ਰੂਰੀ ਨਹੀਂ ਕਿ ਅਦਰਕ ਓਨਾ ਹੀ ਅਸਰਦਾਰ ਸਾਬਤ ਹੋਵੇ। ਜਿਵੇਂ ਹਰ ਸ਼ਕਲ ਦੂਜੇ ਇਨਸਾਨ ਤੋਂ ਵੱਖਰੀ ਹੈ, ਸਰੀਰ ਦੀ ਬਣਤਰ ਤੇ ਹਰ ਕਿਸੇ ਦੀ ਸਹਿਣਸ਼ਕਤੀ ਵੀ ਵੱਖਰੀ ਹੈ, ਉਂਜ ਹੀ ਜੇ ਕਿਸੇ ਦਾ ਅਫ਼ਾਰਾ ਅਦਰਕ ਠੀਕ ਕਰਦੀ ਹੈ, ਤਾਂ ਕਿਸੇ ਹੋਰ ਨੂੰ ਅਦਰਕ ਲੈਣ ਨਾਲ ਅਫ਼ਾਰਾ ਵਧ ਵੀ ਸਕਦਾ ਹੈ। ਛਾਤੀ ਵਿਚ ਦਰਦ, ਦਿਲ ਕੱਚਾ ਹੋਣਾ ਤੇ ਸਰੀਰ ਉੱਤੇ ਦਾਣੇ ਨਿਕਲੇ ਵੀ ਦਿਸ ਸਕਦੇ ਹਨ ਪਰ ਇਹ ਆਮ ਤੌਰ ਉੱਤੇ ਅਦਰਕ ਦੇ ਪਾਊਡਰ ਨੂੰ ਖਾਣ ਨਾਲ ਹੁੰਦਾ ਹੈ।

ਜੇ ਅੰਤੜੀਆਂ ਜਾਂ ਢਿੱਡ ਵਿਚ ਅਲਸਰ ਹੋਵੇ, ਤਾਂ ਵਾਧੂ ਅਦਰਕ ਖਾਣ ਨਾਲ ਅੰਤੜੀਆਂ ਵਿਚ ਰੋਕਾ ਵੀ ਪੈ ਸਕਦਾ ਹੈ।

ਅਦਰਕ ਵਾਰਫੈਰਿਨ ਦਵਾਈ ਖਾਣ ਵਾਲਿਆਂ ਨੂੰ ਵੀ ਨੁਕਸਾਨ ਕਰ ਸਕਦਾ ਹੈ ਕਿਉਂਕਿ ਇਹ ਉਸਦਾ ਅਸਰ ਕਾਟ ਕਰਦਾ ਹੈ। ਕੁੱਝ ਕੁ ਬੰਦਿਆਂ ਦਾ ਅਦਰਕ ਖਾਂਦੇ ਸਾਰ ਬਲੱਡ ਪ੍ਰੈਸ਼ਰ ਵੀ ਵਧਿਆ ਲੱਭਿਆ ਗਿਆ ਪਰ ਇਹ ਸਾਬਤ ਨਹੀਂ ਹੋ ਸਕਿਆ ਕਿ ਇਹ ਸਿਰਫ਼ ਅਦਰਕ ਖਾਣ ਕਾਰਣ ਹੀ ਹੋਇਆ। ਜਾਂ ਨਾਲ ਖਾਧੀ ਕਿਸੇ ਹੋਰ ਚੀਜ਼ ਨਾਲ, ਯਾਨੀ ਲੂਣ, ਆਦਿ!

ਜਿਨ੍ਹਾਂ ਨੂੰ ਪਿੱਤੇ ਵਿਚ ਪੱਥਰੀ ਹੈ, ਉਨ੍ਹਾਂ ਲਈ ਵੀ ਜ਼ਿਆਦਾ ਅਦਰਕ ਖਾਣਾ ਠੀਕ ਨਹੀਂ ਕਿਉਂਕਿ ਇਹ ਬਾਈਲ ਰਸ ਵਧਾ ਦਿੰਦਾ ਹੈ, ਜੋ ਪਥਰੀ ਵਾਲਿਆਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ।

ਮੈਂ ਤਾਂ ਹੁਣ ਅਦਰਕ ਦੇ ਢੇਰ ਸਾਰੇ ਫ਼ਾਇਦੇ ਤੇ ਕੁੱਝ ਕੁ ਮਾੜੇ ਅਸਰ ਵੀ ਗਿਣਾ ਦਿੱਤੇ! ਤੁਸੀਂ ਹੁਣ ਆਪ ਫੈਸਲਾ ਕਰਨਾ ਹੈ ਕਿ ਇਸ ਕੁਦਰਤੀ ਸੌਗਾਤ ਤੋਂ ਫ਼ਾਇਦਾ ਲੈਣਾ ਹੈ ਜਾਂ ਨਹੀਂ! ਜਿਨ੍ਹਾਂ ਨੇ ਇਸ ਦਰਦ ਨਿਵਾਰਕ, ਖੰਘ ਠੀਕ ਕਰਨ ਵਾਲੀ, ਵਧੀਆ ਕਿਸਮ ਦੀ ਹਾਜ਼ਮੇ ਦੀ ਕੁਦਰਤੀ ਦਵਾਈ ਦਾ ਸੁਆਦ ਨਹੀਂ ਮਾਣਿਆ, ਮੇਰੀ ਜਾਚੇ, ਉਹ ਕੁੱਝ ਤਾਂ ਜ਼ਰੂਰ ਗੁਆਈ ਬੈਠੇ ਹਨ! ਜੇ ਥਕਾਨ ਮਹਿਸੂਸ ਕਰ ਰਹੇ ਹੋ, ਤਾਂ ਕੀ ਹਰਜ਼ ਹੈ ਜੇ ਇਕ ਵਾਰ ਅਦਰਕ ਦੀ ਚਾਹ ਅਜ਼ਮਾ ਹੀ ਲਈ ਜਾਏ?

# "ਗਿੱਲ ਸਾਬ੍ਹ ਸਕੂਟਰ ਵਾਲੇ" ਦਾ ਲੇਖਕ-ਨਿਰਦੇਸ਼ਕ 'ਰਾਜੀਵ ਦਾਸ'




ਅਮਰਿੰਦਰ ਬੌਬੀ, ਅਮਰੀਨ ਸ਼ਰਮਾ ਤੇ ਰਾਜੀਵ ਦਾਸ

ਸੁਰਜੀਤ ਜੱਸਲ
: 98146-07737
(Punjab Mail USA)



ਰਾਜੀਵ ਦਾਸ ਬਤੌਰ ਲੇਖਕ-ਨਿਰਦੇਸ਼ਕ ਪਿਛਲੇ ਲੰਮੇ ਸਮੇਂ ਤੋਂ ਫ਼ਿਲਮ ਕਲਾ ਨਾਲ ਜੁੜਿਆ ਹੋਇਆ ਹੈ। ਦੂਰਦਰਸ਼ਨ ਦਿੱਲੀ ਤੇ ਮੁੰਬਈ ਲਈ ਉਸਨੇ ਅਨੇਕਾਂ ਸਮਾਜਿਕ, ਇਤਿਹਾਸਕ ਤੇ ਜਾਗਰੂਕਤਾ ਵਾਲੀਆਂ ਡਾਕੂਮੈਂਟਰੀ ਫ਼ਿਲਮਾਂ ਦਾ ਨਿਰਮਾਣ ਕੀਤਾ। ਖੇਤਰੀ ਭਾਸ਼ਾਈ ਸਿਨਮੇ ਲਈ ਵੀ ਉਸਦਾ ਵੱਡਾ ਯੋਗਦਾਨ ਰਿਹਾ ਹੈ। ਵਿਲੱਖਣ ਸੋਚ ਦਾ ਸਿਨਮਾ ਦੇਣ ਬਦਲੇ ਉਸਨੂੰ ਅਨੇਕਾਂ ਮਾਣ-ਸਨਮਾਨ ਵੀ ਮਿਲੇ ਹਨ।

ਦਿੱਲੀ ਦੇ ਜੰਮਪਲ ਰਾਜੀਵ ਦਾਸ ਨੇ ਇਨ੍ਹੀਂ ਦਿਨੀਂ ਪੰਜਾਬੀ ਸਿਨਮੇ ਵੱਲ ਕਦਮ ਵਧਾਇਆ ਹੈ ਤੇ ਆਪਣੀ ਪਲੇਠੀ ਪੰਜਾਬੀ ਫ਼ੀਚਰ ਫ਼ਿਲਮ 'ਗਿੱਲ ਸਾਹਬ ਸਕੂਟਰ ਵਾਲੇ' ਲੈ ਕੇ ਆਏ ਹਨ। ਭਾਵੇਂਕਿ ਇਹ ਫ਼ਿਲਮ ਮੌਜੂਦਾ ਦੌਰ ਦੇ ਸਿਨਮੇ ਤੋਂ ਬਹੁਤ ਅਲੱਗ ਜਾਪਦੀ ਹੈ ਪ੍ਰੰਤੂ ਵਿਸ਼ੇ ਤੇ ਤਕਨੀਕ ਪੱਖੋਂ ਇਹ ਬਹੁਤ ਅਹਿਮੀਅਤ ਵਾਲੀ ਹੈ। ਇਸ ਬਾਰੇ ਫ਼ਿਲਮ ਦੇ ਨਿਰਮਾਤਾ ਲੇਖਕ ਤੇ ਨਿਰਦੇਸ਼ਕ ਰਾਜੀਵ ਦਾਸ ਨੇ ਦੱਸਿਆ ਕਿ 'ਗਿੱਲ ਸਾਹਬ ਸਕੂਟਰ ਵਾਲੇ' ਸਾਡੇ ਸਮਾਜ ਵਿਚ ਫੈਲੇ ਨਸ਼ਿਆਂ ਦੇ ਕੋਹੜ ਬਾਰੇ ਗੱਲ ਕਰਦੀ ਫ਼ਿਲਮ ਹੈ। ਜਿਸ ਵਿਚ ਸਰਦਾਰ ਸੋਹੀ ਨੇ 'ਗਿੱਲ ਸਾਹਬ' ਦਾ ਕਿਰਦਾਰ ਨਿਭਾਇਆ ਹੈ। ਗਿੱਲ ਸਾਹਬ ਸਮਾਜ ਦੇ ਹਰ ਵਰਗ ਵਿਚ ਵਿਚਰਣ ਵਾਲਾ ਤੇਜ਼ਬੁੱਧੀ ਵਾਲਾ ਸਮਾਜ ਸੇਵੀ ਬੰਦਾ ਹੈ। ਉਸ ਦੀ ਖੁਦ ਦੀ ਜ਼ਿੰਦਗੀ ਕੌੜੇ-ਮਿੱਠੇ ਤਜ਼ਰਬਿਆਂ ਨਾਲ ਭਰੀ ਪਈ ਹੈ। ਅੱਜ ਦੇ ਨੌਜਵਾਨਾਂ ਦਾ ਹਾਲ ਵੇਖ ਕੇ ਉਹ ਚਿੰਤਤ ਹੁੰਦਾ ਹੈ ਕਿ ਪੰਜਾਬ ਵਿਚ ਕਿਸੇ ਵੇਲੇ ਦੁੱਧਾਂ ਦੀ ਨਦੀਆਂ ਵਗਦੀਆਂ ਸਨ, ਜਦਕਿ ਅੱਜ ਨਸ਼ਿਆਂ ਦੇ ਵਗਦੇ ਦਰਿਆ ਵਿਚ ਸਾਡੀ ਨੌਜਵਾਨੀ ਡੁੱਬਦੀ ਜਾ ਰਹੀ ਹੈ। ਜਿਸਨੂੰ ਬਚਾਉਣ ਲਈ ਗਿੱਲ ਸਾਹਬ ਕੁਝ ਅਨੋਖੇ ਯਤਨ ਕਰਦੇ ਹਨ ਤੇ ਆਪਣੇ ਨੇਕ ਕੰਮਾਂ ਕਰਕੇ ਉਹ ਸਮਾਜ ਵਿਚ ਇੱਕ ਖਾਸ ਮੁਕਾਮ ਹਾਸਲ ਕਰਦੇ ਹਨ। ਸਰਦਾਰ ਸੋਹੀ ਤੋਂ ਇਲਾਵਾ ਗਾਇਕੀ ਤੋਂ ਅਦਾਕਾਰੀ ਵੱਲ ਆਇਆ ਅਮਰਿੰਦਰ ਬੌਬੀ ਵੀ ਬਤੌਰ ਨਾਇਕ ਅਦਾਕਾਰਾ ਅਮਰੀਨ ਸ਼ਰਮਾ ਨਾਲ ਸੈਕਿੰਡ ਲੀਡ ਵਿਚ ਨਜ਼ਰ ਆਵੇਗਾ।

ਰਾਜੀਵ ਦਾਸ ਨੇ ਕਿਹਾ ਕਿ ਇਸ ਫ਼ਿਲਮ ਰਾਹੀਂ ਅਸੀਂ ਨੌਜਵਾਨੀ ਨੂੰ ਨਸ਼ਿਆਂ ਤੋਂ ਹਟਾ ਕੇ ਚੰਗੇ ਸਿਹਤਮੰਦ ਪੰਜਾਬ ਦੇ ਗੱਭਰੂ ਬਣਾਉਣ ਦਾ ਯਤਨ ਕੀਤਾ ਹੈ। ਜੇਕਰ ਸਾਡੇ ਇਸ ਹੰਭਲੇ ਸਦਕਾ 10 ਪ੍ਰਤੀਸ਼ਤ ਵੀ ਫਾਇਦਾ ਹੁੰਦਾ ਹੈ, ਤਾਂ ਅਸੀਂ ਆਪਣੀ ਮਿਹਨਤ ਨੂੰ ਸਫ਼ਲ ਸਮਝਾਂਗੇ। ਸਾਡਾ ਮਕਸਦ ਸਿਰਫ਼ ਪੈਸਾ ਕਮਾਉਣਾ ਨਹੀਂ ਹੈ, ਬਲਕਿ ਸਮਾਜ ਨੂੰ, ਲੋਕਾਂ ਨੂੰ ਇਕ ਮਨੋਰੰਜਨ ਭਰਿਆ ਸੁਨੇਹਾ ਦੇ ਕੇ ਸਮਾਜ ਦੇ ਹਰੇਕ ਵਰਗ ਨੂੰ ਜਾਗਰੂਕ ਕਰਨਾ ਹੈ।

ਇੰਡੋ ਕੀ ਵੀ ਫ਼ਿਲਮਜ਼ ਦੀ ਪੇਸ਼ਕਸ਼ ਇਸ ਫ਼ਿਲਮ ਵਿਚ ਸਰਦਾਰ ਸੋਹੀ ਤੋਂ ਇਲਾਵਾ ਅਮਰਿੰਦਰ ਬੌਬੀ, ਅਮਰੀਨ ਸ਼ਰਮਾ, ਹੌਬੀ ਧਾਲੀਵਾਲ, ਬਲਵੀਰ ਬੋਪਾਰਾਏ, ਆਦਿੱਤੀ ਆਰੀਆ, ਹੈਪੀ ਗੋਸਲ, ਸੱਜਣ ਕਪੂਰ, ਤੇ ਕੇ.ਕੇ. ਗਿੱਲ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦੀ ਕਹਾਣੀ ਰਾਜੀਵ ਦਾਸ ਤੇ ਕੇ.ਕੇ. ਗਿੱਲ ਨੇ ਲਿਖੀ ਹੈ। ਫ਼ਿਲਮ ਦੇ ਗੀਤ ਬਹੁਤ ਵਧੀਆ ਤੇ ਦਿਲਟੁੰਬਵੇਂ ਹਨ, ਜਿਨ੍ਹਾਂ ਨੂੰ ਅਮਰਿੰਦਰ ਬੌਬੀ, ਬਲਵੀਰ ਬੋਪਾਰਾਏ, ਮੌਡੀ ਸੰਧੂ, ਦੀਪ ਅਟਵਾਲ ਤੇ ਤਰੁੰਨਮ ਮਲਿਕ ਨੇ ਗਾਇਆ ਹੈ। ਫ਼ਿਲਮ ਦੇ ਗੀਤ ਬਲਵੀਰ ਬੋਪਾਰਾਏ, ਰਾਜੀਵ ਦਾਸ ਤੇ ਬਿੱਲਾ ਮਾਨ੍ਹੇਵਾਲਾ ਨੇ ਲਿਖੇ ਹਨ। ਫ਼ਿਲਮ ਦੇ ਨਿਰਮਾਤਾ ਰਾਜੀਵ ਦਾਸ ਤੇ ਕੇ.ਕੇ. ਗਿੱਲ ਹਨ, ਜਦਕਿ ਸਹਿ ਨਿਰਮਾਤਾ ਜੇ.ਪੀ. ਪਰਦੇਸੀ ਹਨ। ਫ਼ਿਲਮ ਦਾ ਸੰਗੀਤ ਦਲੀਪ ਸੈਨ ਤੇ ਸੋਨੀ ਵਿਰਦੀ ਨੇ ਦਿੱਤਾ ਹੈ। ਨਸ਼ਿਆਂ ਖ਼ਿਲਾਫ਼ ਯੁੱਧ ਛੇੜਦੀ ਇਹ ਮਨੋਰੰਜਨ ਭਰਪੂਰ ਫ਼ਿਲਮ 19 ਮਈ ਨੂੰ ਪੰਜਾਬੀ ਸਿਨੇਮਾਂ ਘਰਾਂ ਦਾ ਸ਼ਿੰਗਾਰ ਬਣੇਗੀ।

# ਖੇਡਾਂ ਦਾ ਗੰਦਾ ਦੰਗਾ ਜਾਂ ਨਿਯਮਾਂ ਦੀ ਉਲੰਘਣਾ

## (ਵਿਸ਼ਵ ਅਥਲੈਟਿਕਸ ਦਿਵਸ ਵਿਸ਼ੇਸ਼)




ਪ੍ਰਿਅੰਕਾ ਸੌਰਭ
ਰਾਜਨੀਤੀ ਵਿਗਿਆਨ ਵਿਚ ਖੋਜ ਵਿਦਵਾਨ, ਹਿਸਾਰ, (ਹਰਿਆਣਾ)
ਮੋ : 70153-75570
(Punjab Mail USA)



ਕਿਸ ਦੀ ਸਰਕਾਰ ਹੈ ਜਾਂ ਕਿਸ ਦੀ ਸੀ, ਇਹ ਕੋਈ ਮੁੱਦਾ ਨਹੀਂ ਹੈ। ਸਵਾਲ ਇਹ ਹੈ ਕਿ ਕੀ ਕ੍ਰਿਕਟ ਤੋਂ ਲੈ ਕੇ ਕੁਸ਼ਤੀ ਤੱਕ ਹਰ ਫੈਡਰੇਸ਼ਨ ਵਿਚ ਮਹਿਲਾ ਖਿਡਾਰੀਆਂ ਨਾਲ ਜਿਨਸੀ ਸ਼ੋਸ਼ਣ ਹੁੰਦਾ ਹੈ। ਮਸਲਾ ਮਹਿਲਾ ਖਿਡਾਰੀਆਂ ਦੇ ਸਨਮਾਨ ਅਤੇ ਮਾਨਸਿਕ, ਸਰੀਰਕ ਸੁਰੱਖਿਆ ਦਾ ਹੈ। ਇਸ ਦੇ ਨਾਲ ਹੀ ਫੈਡਰੇਸ਼ਨ ਨੂੰ ਖਿਡਾਰੀਆਂ ਲਈ ਸੁਰੱਖਿਅਤ ਸਥਾਨ ਬਣਾਉਣ ਦੀ ਲੋੜ ਹੈ। ਜੇਕਰ ਧੀਆਂ ਦੀ ਸੁਰੱਖਿਆ ਯਕੀਨੀ ਨਾ ਬਣਾਈ ਗਈ, ਤਾਂ ਮਹਿਲਾ ਖਿਡਾਰੀਆਂ ਵਿਚ ਖੇਡਾਂ ਪ੍ਰਤੀ ਰੁਚੀ ਖਤਮ ਹੋ ਜਾਵੇਗੀ। ਉਨ੍ਹਾਂ ਦਾ ਮਨੋਬਲ ਡਿੱਗ ਜਾਵੇਗਾ। ਖੇਡਾਂ ਵਿਚ ਔਰਤਾਂ ਦੀ ਭਾਗੀਦਾਰੀ ਘਟੇਗੀ। ਦੇਸ਼ ਦੀ ਸ਼ਾਨ ਅਤੇ ਮਹਿਲਾ ਖਿਡਾਰੀਆਂ ਦੇ ਮਾਣ ਦਾ ਸਵਾਲ ਹੈ। ਸਿਆਸਤ ਵਿਚ ਪ੍ਰਤਿਭਾ ਕਿਉਂ ਮਰ ਜਾਂਦੀ ਹੈ, ਖੇਡਾਂ ਵਿਚ ਸਰਗਰਮ ਸਿਆਸਤ ਕਾਰਨ ਹੋਣਹਾਰ ਖਿਡਾਰੀਆਂ ਨੂੰ ਦਬਾਇਆ ਜਾਂਦਾ ਹੈ, ਖਿਡਾਰੀ ਹਮੇਸ਼ਾ ਖੇਡ ਅਧਿਕਾਰੀਆਂ ਦੇ ਦਬਾਅ ਵਿਚ ਰਹਿੰਦੇ ਹਨ। ਖੇਡਾਂ ਵਿਚ ਸਖ਼ਤ ਮਿਹਨਤ ਕਰਨ ਵਾਲਿਆਂ ਦੀ ਪ੍ਰਤਿਭਾ ਦੱਬੀ ਰਹਿੰਦੀ ਹੈ, ਜਦੋਂ ਉਹ ਆਵਾਜ਼ ਉਠਾਉਂਦੇ ਹਨ, ਤਾਂ ਉਹ ਖ਼ਤਮ ਹੋ ਜਾਂਦੇ ਹਨ।

ਉੱਚਤਮ ਖੇਡਾਂ 'ਚ ਤਗਮਾ ਜੇਤੂ ਖਿਡਾਰੀਆਂ ਵੱਲੋਂ ਬੋਰਡ 'ਤੇ ਲਗਾਏ ਗਏ ਅਜਿਹੇ ਦੋਸ਼ਾਂ ਅਤੇ ਧਰਨੇ ਤੋਂ ਬਾਅਦ ਜਾਂਚ ਤੋਂ ਬੋਰਡ ਅਤੇ ਸਰਕਾਰ ਦੋਵਾਂ ਦਾ ਕਿਰਦਾਰ ਸਪੱਸ਼ਟ ਹੋ ਰਿਹਾ ਹੈ। ਜਿੱਥੇ ਬੋਰਡ ਹੈ, ਉੱਥੇ ਸਰਕਾਰ ਹੈ, ਤਾਂ ਕੀ ਸਰਕਾਰ ਬੋਰਡ ਦੇ ਚੇਅਰਮੈਨ ਨੂੰ ਹਟਾਉਣ ਦੇ ਸਮਰੱਥ ਸੀ? ਕੀ ਨਿਰਪੱਖ ਜਾਂਚ ਸੀ? ਡਬਲਯੂ.ਐੱਫ.ਆਈ. ਦਾ ਪ੍ਰਧਾਨ ਇੱਕ ਸੰਸਦ ਮੈਂਬਰ ਹੈ ਅਤੇ ਭਾਰਤ ਦੇ ਲਗਭਗ ਸਾਰੇ ਖੇਡ ਬੋਰਡਾਂ ਦਾ ਪ੍ਰਧਾਨ ਇੱਕ ਸਿਆਸੀ ਵਿਅਕਤੀ ਹੈ, ਇਸ ਲਈ ਖੇਡਾਂ ਵਿਚ ਵਿਸ਼ੇਸ਼ ਤਰੱਕੀ ਅਤੇ ਵਿਕਾਸ ਲਈ ਪ੍ਰਧਾਨ ਨੂੰ ਸਾਬਕਾ ਖਿਡਾਰੀ ਹੋਣ ਦੀ ਮੰਗ ਵੀ ਜ਼ੋਰ ਫੜ ਰਹੀ ਹੈ। ਵੈਸੇ ਵੀ ਖੇਡ ਪ੍ਰਤਿਭਾਵਾਂ ਨੂੰ ਅਜਿਹੀਆਂ ਐਸੋਸੀਏਸ਼ਨਾਂ ਅਤੇ ਸੰਸਥਾਵਾਂ 'ਤੇ ਬਿਠਾਉਣਾ ਚਾਹੀਦਾ ਹੈ, ਸਿਆਸਤਦਾਨਾਂ ਨੂੰ ਨਹੀਂ। ਇਨ੍ਹਾਂ ਸੰਸਥਾਵਾਂ ਵਿਚ ਅਹੁਦੇਦਾਰਾਂ ਦਾ ਕਾਰਜਕਾਲ ਵੀ ਨਿਸ਼ਚਿਤ ਕੀਤਾ ਜਾਵੇ ਅਤੇ ਕਿਸੇ ਨੂੰ ਵੀ ਇੱਕ ਤੋਂ ਵੱਧ ਕਾਰਜਕਾਲ ਨਾ ਦਿੱਤਾ ਜਾਵੇ। ਭਾਰਤ ਲਈ ਕੁਸ਼ਤੀ ਹੀ ਇੱਕ ਅਜਿਹੀ ਖੇਡ ਹੈ, ਜੋ ਸਭ ਤੋਂ ਵੱਧ ਤਮਗੇ ਜਿੱਤਦੀ ਹੈ, ਭਾਵੇਂ ਇਹ ਓਲੰਪਿਕ ਹੋਵੇ ਜਾਂ ਰਾਸ਼ਟਰਮੰਡਲ ਖੇਡਾਂ। ਖਿਡਾਰੀਆਂ ਦੀ ਨੀਂਹ ਲੀਡਰਾਂ ਤੋਂ ਨਹੀਂ, ਸਗੋਂ ਖਿਡਾਰੀਆਂ ਤੋਂ ਹੀ ਹੋਣੀ ਚਾਹੀਦੀ ਹੈ। ਇਸ ਵਿਚ ਸੀਨੀਅਰ ਖਿਡਾਰੀ ਹੋਣੇ ਚਾਹੀਦੇ ਹਨ, ਨੇਤਾ ਨਹੀਂ। ਇਹ ਸਾਡੇ ਦੇਸ਼ ਦੇ ਖਿਡਾਰੀ ਹਨ, ਜਿਨ੍ਹਾਂ ਨੇ ਸਾਡੇ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ। ਉਹ ਸੋਨ ਤਗਮਾ ਲੈ ਕੇ ਆਇਆ ਹੈ।

ਇਸ ਖੇਡ ਨੇ ਵਿਸ਼ਵ ਵਿਚ ਭਾਰਤੀ ਖੇਡਾਂ ਦਾ ਝੰਡਾ ਬੁਲੰਦ ਕੀਤਾ ਹੈ, ਭਾਰਤ ਦੀਆਂ ਖੇਡਾਂ ਨੂੰ ਇੱਕ ਜੋਸ਼ ਭਰਿਆ ਹੈ ਅਤੇ ਆਪਣੀ ਪਛਾਣ ਨੂੰ ਇੱਕ ਉਚਾਈ ਦਿੱਤੀ ਹੈ। ਇਸ ਦੇ ਖਿਡਾਰੀ ਆਪਣੇ ਜਨੂੰਨ ਦੇ ਬਲ 'ਤੇ ਜੇਤੂ ਰਹੇ ਹਨ। ਇਸ ਤਰ੍ਹਾਂ ਭਾਰਤੀ ਪਹਿਲਵਾਨਾਂ ਨੇ ਦੇਸ਼ ਦਾ ਖੇਡ ਝੰਡਾ ਅਤੇ ਦੁਨੀਆਂ ਭਰ 'ਚ ਮਾਣ ਵਧਾਇਆ ਹੈ, ਇਸ ਲਈ ਜੇਕਰ ਕੁਸ਼ਤੀ ਮਹਾਸੰਘ ਦੇ ਪ੍ਰਧਾਨ ਅਤੇ ਕੋਚਾਂ 'ਤੇ ਮਹਿਲਾ ਖਿਡਾਰਨਾਂ ਦੇ ਜਿਨਸੀ ਸ਼ੋਸ਼ਣ ਦੇ ਦੋਸ਼ ਲੱਗ ਰਹੇ ਹਨ, ਤਾਂ ਇਹ ਪੂਰੀ ਦੁਨੀਆਂ 'ਚ ਭਾਰਤ ਨੂੰ ਬਦਨਾਮ ਕਰ ਰਿਹਾ ਹੈ। ਇਹ ਇੱਕ ਬਦਨਾਮ ਦਾਗ ਹੈ, ਇੱਕ ਵੱਡੀ ਤ੍ਰਾਸਦੀ ਹੈ। ਸ਼ਰਮ ਵਾਲੀ ਗੱਲ ਹੈ। ਧਰਨੇ 'ਤੇ ਬੈਠੇ ਇਹ ਖਿਡਾਰੀ ਜਦੋਂ ਤਗਮੇ ਜਿੱਤ ਕੇ ਆਉਂਦੇ ਹਨ, ਤਾਂ ਸਿਆਸਤਦਾਨ ਖੁਦ ਹੀ ਇਨ੍ਹਾਂ ਨੂੰ ਬੁਲਾ ਕੇ ਸਾਰਿਆਂ ਦੇ ਮਾਈਕ ਲਗਾ ਲੈਂਦੇ ਹਨ ਅਤੇ ਮੀਡੀਆ ਦੇ ਪ੍ਰਚਾਰ ਲਈ ਸਭ ਦੀ ਤਾਰੀਫ ਕਰਦੇ ਹਨ ਪਰ ਜਦੋਂ ਇਹ ਖਿਡਾਰੀ ਉਨ੍ਹਾਂ ਨਾਲ ਕੀਤੇ ਜਾ ਰਹੇ ਮਾੜੇ ਵਿਵਹਾਰ ਦੇ ਖਿਲਾਫ ਧਰਨੇ 'ਤੇ ਬੈਠਦੇ ਹਨ। ਉਸ ਸਮੇਂ ਬਹੁਤ ਤਤਪਰਤਾ ਦਿਖਾਉਣ ਵਾਲੇ ਸਿਆਸਤਦਾਨਾਂ ਨੂੰ ਸੱਪ ਸੁੰਘ ਸਕਦੇ ਹਨ, ਅਜਿਹਾ ਕਿਉਂ ਹੈ?

ਦੇਸ਼ ਦੇ ਨੌਜਵਾਨਾਂ ਲਈ ਇਹ ਸਹੀ ਗੱਲ ਹੋਣੀ ਸੀ। ਇਸ ਨੂੰ ਦੇਸ਼ ਦੀ ਬਦਕਿਸਮਤੀ ਹੀ ਕਿਹਾ ਜਾਵੇਗਾ ਕਿ ਸਰਕਾਰ ਦੀਆਂ ਪਾਬੰਦੀਆਂ ਦੇ ਬਾਵਜੂਦ ਜ਼ਿਆਦਾਤਰ ਖੇਡ ਐਸੋਸੀਏਸ਼ਨਾਂ 'ਤੇ ਸਿਆਸਤਦਾਨਾਂ ਅਤੇ ਸਰਕਾਰੀ ਅਧਿਕਾਰੀਆਂ ਦਾ ਕਬਜ਼ਾ ਹੈ। ਇਨ੍ਹਾਂ ਵਿਚ ਭ੍ਰਿਸ਼ਟਾਚਾਰ ਦੀ ਭਰਮਾਰ ਹੈ, ਜੋ ਅਸਲ ਖੇਡ ਪ੍ਰਤਿਭਾਵਾਂ ਨੂੰ ਅੱਗੇ ਨਹੀਂ ਆਉਣ ਦਿੰਦੀ। ਇਨ੍ਹਾਂ ਅਹੁਦੇਦਾਰਾਂ ਨੂੰ ਖੇਡਾਂ ਦੇ ਵਿਕਾਸ ਨਾਲੋਂ ਆਪਣੇ ਵਿਕਾਸ ਦੀ ਜ਼ਿਆਦਾ ਚਿੰਤਾ ਹੈ। ਉਨ੍ਹਾਂ ਦਾ ਬਹੁਤਾ ਸਮਾਂ ਕੁਰਸੀ 'ਤੇ ਬੈਠੇ ਸਿਆਸਤਦਾਨਾਂ ਨੂੰ ਖੁਸ਼ ਕਰਨ 'ਚ ਅਤੇ ਖੇਡ ਐਸੋਸੀਏਸ਼ਨਾਂ ਦੀ ਸਿਆਸੀ ਹੇਰਾਫੇਰੀ 'ਚ ਵੀ ਬੀਤ ਜਾਂਦਾ ਹੈ। ਖਿਡਾਰੀਆਂ ਤੋਂ ਵੱਧ ਇਹ ਅਧਿਕਾਰੀ ਸਹੂਲਤਾਂ ਮਾਣਦੇ ਹਨ, ਵਿਦੇਸ਼ਾਂ ਵਿਚ ਘੁੰਮਦੇ ਹਨ। ਪੀੜਤ ਖਿਡਾਰੀਆਂ ਨੂੰ ਵੀ ਧਰਨੇ ਤੋਂ ਪਹਿਲਾਂ ਦੇਸ਼ ਅਤੇ ਦੇਸ਼ ਦੀ ਕਚਹਿਰੀ ਦੇ ਸਾਹਮਣੇ ਠੋਸ ਸਬੂਤ ਰੱਖਣੇ ਚਾਹੀਦੇ ਸਨ, ਫਿਰ ਵੀ ਜੋ ਵੀ ਇਲਜ਼ਾਮ ਹੈ, ਉਹ ਬਹੁਤ ਗੰਭੀਰ ਹੈ, ਇਸਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ ਅਤੇ ਜੇਕਰ ਦੋਸ਼ ਸਾਬਤ ਹੁੰਦੇ ਹਨ, ਤਾਂ ਸ. ਕੌਮ ਨੂੰ ਸਖ਼ਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਸਾਰੇ ਬੋਰਡਾਂ ਦੀ ਕਾਰਜਕਾਰਨੀ ਭੰਗ ਕਰਕੇ ਅਜਿਹਾ ਕਾਨੂੰਨ ਬਣਾਇਆ ਜਾਣਾ ਚਾਹੀਦਾ ਹੈ ਕਿ ਖੇਡ ਬੋਰਡਾਂ ਵਿਚ ਸਿਰਫ਼ ਗੈਰ-ਸਿਆਸੀ ਅਤੇ ਖੇਡ ਪਿਛੋਕੜ ਵਾਲੇ ਹੀ ਚੁਣੇ ਜਾਣ।

ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ ਜੇਕਰ ਦੇਸ਼ ਦਾ ਮਾਣ ਤੇ ਸ਼ਾਨ ਵਧਾਉਣ ਵਾਲੀਆਂ ਮਹਿਲਾ ਪਹਿਲਵਾਨਾਂ ਨੂੰ ਆਪਣੀ ਇੱਜ਼ਤ ਬਚਾਉਣ ਲਈ ਵੀ ਸੰਘਰਸ਼ ਕਰਨਾ ਪੈਂਦਾ ਹੈ, ਤਾਂ ਸਾਡੀਆਂ ਖੇਡ ਫੈਡਰੇਸ਼ਨਾਂ ਦੀ ਕਾਰਜਪ੍ਰਣਾਲੀ 'ਤੇ ਵੀ ਸਵਾਲੀਆ ਨਿਸ਼ਾਨ ਲੱਗ ਜਾਂਦਾ ਹੈ। ਜਿੱਥੇ ਦੇਸ਼ ਦੇ ਖਿਡਾਰੀਆਂ ਨੂੰ ਆਪਣੀਆਂ ਫੈਡਰੇਸ਼ਨਾਂ ਅਤੇ ਖੇਡ ਸੰਸਥਾਵਾਂ ਪ੍ਰਤੀ ਮਾਣ ਅਤੇ ਸਤਿਕਾਰ ਦੀ ਭਾਵਨਾ ਹੋਣੀ ਚਾਹੀਦੀ ਹੈ, ਉਥੇ ਹੀ ਉਨ੍ਹਾਂ ਵਿਚ ਨਫ਼ਰਤ ਅਤੇ ਬਗਾਵਤ ਦੀ ਭਾਵਨਾ ਵੀ ਹੋਣੀ ਚਾਹੀਦੀ ਹੈ, ਇਹ ਸ਼ਰਮ ਵਾਲੀ ਗੱਲ ਹੈ। ਇਸ ਦੇ ਨਾਲ ਹੀ ਇਹ ਵੀ ਦੇਖਿਆ ਜਾਣਾ ਚਾਹੀਦਾ ਹੈ ਕਿ ਖੇਡ ਜਗਤ ਤੋਂ ਸਮੇਂ-ਸਮੇਂ 'ਤੇ ਅਜਿਹੇ ਦੋਸ਼ ਕਿਉਂ ਲੱਗਦੇ ਰਹਿੰਦੇ ਹਨ। ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੋਣ ਤੋਂ ਬਾਅਦ ਵੀ ਮਹਿਲਾ ਖਿਡਾਰਨਾਂ ਚੁੱਪ ਕਿਉਂ ਰਹਿੰਦੀਆਂ ਹਨ, ਕਿਤੇ ਉਨ੍ਹਾਂ ਦਾ ਕਰੀਅਰ ਬਰਬਾਦ ਨਾ ਹੋ ਜਾਵੇ। ਭਵਿੱਖ ਵਿਚ ਅਜਿਹਾ ਨਾ ਹੋਵੇ ਅਤੇ ਦੇਸ਼ ਦੀਆਂ ਧੀਆਂ ਸੁਰੱਖਿਅਤ ਮਹਿਸੂਸ ਕਰਦੇ ਹੋਏ ਖੇਡਾਂ ਵਿਚ ਆਪਣਾ ਕੈਰੀਅਰ ਬਣਾਉਣ ਨੂੰ ਯਕੀਨੀ ਬਣਾਉਣ ਲਈ ਵੱਖ-ਵੱਖ ਫੈਡਰੇਸ਼ਨਾਂ ਦੇ ਅੰਦਰ ਇੱਕ ਪ੍ਰਭਾਵੀ ਤੰਤਰ ਬਣਾਉਣ ਲਈ ਵੀ ਗੰਭੀਰਤਾ ਨਾਲ ਵਿਚਾਰ ਕੀਤਾ ਜਾਣਾ ਚਾਹੀਦਾ ਹੈ।

ਨਾਲ ਹੀ ਦੁਨੀਆਂ ਦੇ ਕਈ ਦੇਸ਼ਾਂ ਦੇ ਨਿਯਮਾਂ ਦਾ ਅਧਿਐਨ ਕਰਨ ਤੋਂ ਬਾਅਦ ਓਲੰਪਿਕ ਤੋਂ ਬਾਅਦ ਟਰਾਇਲਾਂ ਦੇ ਨਿਯਮ ਬਣਾਏ ਗਏ ਹਨ, ਇਸ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ। ਜੇਕਰ ਕੋਈ ਓਲੰਪਿਕ ਜਾਂ ਇਸ ਤਰ੍ਹਾਂ ਦੇ ਵੱਡੇ ਮੁਕਾਬਲੇ 'ਚ ਜਾਣਾ ਚਾਹੁੰਦਾ ਹੈ, ਤਾਂ ਉਸ ਨੂੰ ਦੇਸ਼ ਦੇ ਹੋਰ ਖਿਡਾਰੀਆਂ ਦੇ ਨਾਲ ਟਰਾਇਲ ਦੇਣੇ ਪੈਂਦੇ ਹਨ। ਜਿਸ ਖਿਡਾਰੀ ਨੇ ਓਲੰਪਿਕ ਕੋਟਾ ਹਾਸਲ ਕੀਤਾ ਹੈ, ਉਹ ਦੇਸ਼ ਵਿਚ ਟਰਾਇਲ ਦੇ ਜੇਤੂ ਨਾਲ ਮੁਕਾਬਲਾ ਕਰੇਗਾ। ਫਿਰ ਉਥੋਂ ਪਹਿਲਵਾਨ ਨੂੰ ਓਲੰਪਿਕ ਲਈ ਚੁਣਿਆ ਜਾਵੇਗਾ। ਜੇਕਰ ਓਲੰਪਿਕ ਕੋਟਾ ਹੋਲਡਰ ਹਾਰਦਾ ਹੈ, ਤਾਂ ਉਸ ਨੂੰ ਇਕ ਹੋਰ ਮੌਕਾ ਦਿੱਤਾ ਜਾਵੇਗਾ। ਜੇਕਰ ਪਹਿਲਵਾਨ ਇਸ ਨਿਯਮ ਦੇ ਖਿਲਾਫ ਜਾ ਕੇ ਇਹ ਸਾਰਾ ਡਰਾਮਾ ਕਰ ਰਹੇ ਹਨ, ਤਾਂ ਸੱਚਾਈ ਸਭ ਦੇ ਸਾਹਮਣੇ ਆਉਣੀ ਚਾਹੀਦੀ ਹੈ ਅਤੇ ਖੇਡ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਹੋਣੀ ਚਾਹੀਦੀ ਹੈ, ਚਾਹੇ ਉਹ ਕਿੰਨਾ ਵੀ ਵੱਡਾ ਖਿਡਾਰੀ ਕਿਉਂ ਨਾ ਹੋਵੇ।

ਭਾਰਤ ਦਾ ਖੇਡਾਂ ਅਤੇ ਖਿਡਾਰੀਆਂ ਦੀ ਅਣਦੇਖੀ ਦਾ ਲੰਮਾ ਇਤਿਹਾਸ ਰਿਹਾ ਹੈ। ਖੇਡ ਫੈਡਰੇਸ਼ਨਾਂ ਦੀ ਕਾਰਜਸ਼ੈਲੀ, ਚੋਣ ਵਿਚ ਪੱਖਪਾਤ ਕਰਨ ਅਤੇ ਖਿਡਾਰੀਆਂ ਨੂੰ ਬਣਦੀਆਂ ਸਹੂਲਤਾਂ ਨਾ ਮਿਲਣ ਦੇ ਦੋਸ਼ ਪਹਿਲਾਂ ਵੀ ਲੱਗਦੇ ਰਹੇ ਹਨ ਪਰ ਤਾਜ਼ਾ ਮਾਮਲਾ ਅਜਿਹਾ ਹੈ ਕਿ ਕੁਸ਼ਤੀ ਫੈਡਰੇਸ਼ਨ ਹੀ ਨਹੀਂ, ਸਗੋਂ ਸਭ ਦੀ ਭਰੋਸੇਯੋਗਤਾ ਅਤੇ ਪਾਰਦਰਸ਼ਤਾ ਦਾ ਵੀ ਘਾਣ ਹੋਇਆ। ਖੇਡ ਫੈਡਰੇਸ਼ਨਾਂ ਨੇ ਉਠਾਏ ਸਵਾਲ ਦੇਸ਼ ਦੀਆਂ ਲੜਕੀਆਂ ਅਤੇ ਨੌਜਵਾਨ ਖਿਡਾਰੀਆਂ ਨਾਲ ਦੁਰਵਿਵਹਾਰ ਕਰਨ ਵਾਲੇ ਸੰਸਦ ਮੈਂਬਰ ਨੂੰ ਤੁਰੰਤ ਉਸ ਦੇ ਅਹੁਦੇ ਤੋਂ ਹਟਾਇਆ ਜਾਣਾ ਚਾਹੀਦਾ ਸੀ ਅਤੇ ਨਿਰਪੱਖ ਜਾਂਚ ਅਤੇ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਸੀ, ਜੋ ਕਿ ਨਹੀਂ ਹੋਇਆ। ਜਿਸ ਨਾਲ ਦੇਸ਼ ਦੇ ਨੌਜਵਾਨ ਖਿਡਾਰੀਆਂ ਦਾ ਆਤਮ-ਵਿਸ਼ਵਾਸ ਅਤੇ ਮਨੋਬਲ ਦੇਸ਼ ਤੋਂ ਉੱਪਰ ਰਹੇਗਾ ਅਤੇ ਵਿਸ਼ਵ ਪੱਧਰ 'ਤੇ ਭਾਰਤ ਦਾ ਨਾਮ ਰੌਸ਼ਨ ਹੋਵੇਗਾ।

---


# ਨਿਰਾ ਬਾਬੇ ਦੇ ਤਵੀਤਾਂ 'ਤੇ ਨਾ ਰਹਿ ਸੱਜਣਾ

-ਸੱਤਪਾਲ ਸਿੰਘ ਦਿਓਲ
ਐਡਵੋਕੇਟ
ਸੰਪਰਕ: 98781-70771
(Punjab Mail USA)



ਸਾਡੇ ਦੇਸ਼ ਵਿਚ ਸਾਧਾਂ ਦੀ ਗਿਣਤੀ ਨੌਕਰੀ ਪੇਸ਼ਾ ਲੋਕਾਂ ਨਾਲੋਂ ਜ਼ਿਆਦਾ ਹੈ। ਮੌਜੂਦਾ ਸਮੇਂ 'ਚ ਐਸ਼ ਕਰਨ ਲਾਇਕ ਮਾਸਟਰੀ ਨਹੀਂ ਰਹੀ, ਇਹ ਮਿੱਥ ਬਦਲ ਕੇ ਐਸ਼ ਕਰਨ ਲਈ ਸਾਧਗਿਰੀ ਹੋ ਗਈ ਹੈ। ਪਿਛਲੇ ਕੁਝ ਸਮੇ ਤੋਂ ਕਈ ਸਾਧ ਜੋ ਆਪਣੇ ਅਖੌਤੀ ਸਮਾਜ ਸੇਵਾ ਦੇ ਕੰਮਾਂ ਲਈ ਪ੍ਰਸਿੱਧ ਸਨ ਤੇ ਲੋਕਾਂ ਨੂੰ ਚਮਤਕਾਰ ਦਿਖਾਉਣ ਦਾ ਢੌਂਗ ਕਰਦੇ ਸੀ, ਅੱਜ ਸਲਾਖਾਂ ਪਿੱਛੇ ਖੁਦ ਕਿਸੇ ਕਾਨੂੰਨੀ ਚਮਤਕਾਰ ਦੀ ਉਡੀਕ 'ਚ ਹਨ। ਪਰ ਸਾਡੇ ਭੋਲੇ ਲੋਕ ਅੱਜ ਵੀ ਪਖੰਡੀਆਂ ਨੂੰ ਰੱਬ ਦਾ ਦਰਜਾ ਦੇ ਕੇ ਪੂਰੇ ਸਮਾਜ ਦੀ ਜੱਗ ਹਸਾਈ ਕਰਾ ਰਹੇ ਹਨ। ਉਹ ਨਹੀਂ ਜਾਣਦੇ ਕਿ ਠੱਗ ਸਾਧ ਅਖੌਤੀ ਸਮਾਜ ਸੇਵਾ ਕਾਨੂੰਨ ਦੇ ਡੰਡੇ ਤੋਂ ਬਚਣ ਲਈ ਅਤੇ ਲੋਕਤੰਤਰ ਦਾ ਦੁਰਉਪਯੋਗ ਕਰਨ ਲਈ ਵਰਤਦੇ ਹਨ। ਚੋਰਾਂ ਤੇ ਡਾਕੂਆਂ ਦਾ ਜੇਮਸ ਬਾਂਡ ਕਿਰਦਾਰ ਦੁਨੀਆਂ ਜਾਣਦੀ ਹੈ। ਸੱਭਿਅਕ ਸਮਾਜ ਵਿਚ ਕਾਨੂੰਨ ਸਭ ਤੋਂ ਵੱਡਾ ਹੋਣਾ ਚਾਹੀਦਾ ਹੈ, ਅਜਿਹਾ ਨਾ ਹੋਣ ਦੀ ਸੂਰਤ ਵਿਚ ਹੀ ਅਪਰਾਧ ਵਧਦਾ-ਫੁਲਦਾ ਹੈ। ਸਾਧਾਂ ਵੱਲੋਂ ਫੈਲਾਏ ਜਾ ਰਹੇ ਭਰਮ-ਭੁਲੇਖੇ ਸਮਾਜ ਨੂੰ ਸਿੱਖਿਅਤ ਕਰਕੇ ਹੀ ਦੂਰ ਕੀਤੇ ਜਾ ਸਕਦੇ ਹਨ।

ਕਾਫੀ ਅਰਸਾ ਪਹਿਲਾਂ ਮੇਰੇ ਨੇੜਲੇ ਪਿੰਡ ਤੋਂ ਇੱਕ ਵਿਅਕਤੀ ਨੇ ਘਰੋਂ ਭੱਜ ਕੇ ਕਿਸੇ ਵਿਆਹੀ ਔਰਤ ਨਾਲ ਅੰਤਰਜਾਤੀ ਵਿਆਹ ਕਰ ਲਿਆ। ਉਸ ਔਰਤ ਦੇ ਪਤੀ ਨੇ ਗਰੀਬ ਹੋਣ ਕਾਰਨ ਤੇ ਕਾਨੂੰਨੀ ਝੰਜਟਾਂ ਤੋਂ ਬਚਣ ਲਈ ਕੋਈ ਵੀ ਕਾਨੂੰਨੀ ਕਾਰਵਾਈ ਨਹੀਂ ਕੀਤੀ। ਘਰੋਂ ਭੱਜਣ ਵਾਲਾ ਜੋੜਾ ਰਾਜਸਥਾਨ ਵਿਚ ਕਿਤੇ ਰਹਿਣ ਲੱਗ ਪਿਆ। ਉਸ ਵਿਅਕਤੀ ਦੇ ਪਿਤਾ ਨੇ ਗੁੱਸੇ ਵਿਚ ਆਪਣੀ ਸਾਰੀ ਚਲ-ਅਚੱਲ ਜਾਇਦਾਦ ਆਪਣੇ ਦੂਸਰੇ ਪੁੱਤਰ ਨੂੰ ਰਜਿਸਟਰਡ ਵਸੀਅਤ ਰਾਹੀਂ ਦੇ ਦਿੱਤੀ। ਕਾਫੀ ਸਮਾਂ ਬੀਤਣ ਤੋਂ ਬਾਅਦ ਬਜ਼ੁਰਗ ਪਿਤਾ ਦੀ ਮੌਤ ਹੋ ਗਈ, ਜਿਸ ਦੀ ਵਿਰਾਸਤ ਵਸੀਅਤ ਮੁਤਾਬਕ ਉਸ ਦੇ ਕੋਲ ਰਹਿਣ ਵਾਲੇ ਲੜਕੇ ਨੂੰ ਚਲੀ ਗਈ ਅਤੇ ਰਿਕਾਰਡ ਮਾਲ ਵਿਚ ਅਮਲ ਹੋ ਗਿਆ। ਰਿਕਾਰਡ ਮਾਲ ਵਿਚ ਇੰਤਕਾਲ ਮਨਜ਼ੂਰ ਹੋਣ ਤੋਂ ਅਰਸਾ ਕਰੀਬ ਦਸ ਸਾਲ ਬਾਅਦ ਵਿਰਾਸਤ ਹਾਸਲ ਕਰਨ ਵਾਲਾ ਭਰਾ ਪੰਚਾਇਤੀ ਚੋਣਾਂ ਨੂੰ ਲੈ ਕੇ ਪਿੰਡ ਦੇ ਕੁਝ ਲੋਕਾਂ ਦੀਆਂ ਅੱਖਾਂ ਵਿਚ ਰੜਕਣ ਲੱਗ ਪਿਆ। ਰੜਕ ਮਿਟਾਉਣ ਲਈ ਪਿੰਡ ਦੇ ਕੁਝ ਬੰਦਿਆਂ ਨੇ ਬਾਹਰ ਰਹਿੰਦੇ ਭਰਾ ਨੂੰ ਉਕਸਾ ਕੇ ਪਿਤਾ ਦੀ ਵਿਰਾਸਤ ਨੂੰ ਅਦਾਲਤ ਵਿਚ ਚੁਣੌਤੀ ਦਿਵਾ ਦਿੱਤੀ ਅਤੇ ਨਾਲ ਹੀ ਜੱਦੀ ਜਾਇਦਾਦ ਹੋਣ ਨੂੰ ਵੀ ਆਪਣੇ ਕੇਸ ਦਾ ਆਧਾਰ ਬਣਾ ਲਿਆ। ਲਾਭਪਾਤਰੀ ਭਰਾ ਨੂੰ ਸੰਮਨ ਹੋਣ 'ਤੇ ਮੈਂ ਉਸ ਵਿਅਕਤੀ ਵੱਲੋਂ ਅਦਾਲਤ ਵਿਚ ਬਤੌਰ ਵਕੀਲ ਪੇਸ਼ ਹੋਇਆ। ਮੇਰਾ ਸਾਇਲ ਕਿਸੇ ਤਵੀਤ ਵਾਲੇ ਸਾਧ ਦੀ ਪੱਕਾ ਚੇਲਾ ਸੀ, ਜਿਹੜਾ ਕਿ ਕੇਸਾਂ ਦੇ ਸੰਬੰਧ ਵਿਚ ਪੁੱਛਾਂ ਦਿੰਦਾ ਸੀ। ਮੇਰੇ ਨਾਲੋਂ ਵੱਧ ਵਿਸ਼ਵਾਸ ਉਸ ਨੂੰ ਸਾਧ 'ਤੇ ਸੀ। ਉਸ ਦੇ ਦੱਸਣ ਮੁਤਾਬਕ ਪਹਿਲਾਂ ਸਾਧ ਨੇ ਹੀ ਮੇਰਾ ਨਾਮ ਕੇਸ ਜਿੱਤ ਸਕਣ ਵਾਲੇ ਵਕੀਲ ਵਜੋਂ ਦੱਸਿਆ ਸੀ। ਮੈਨੂੰ ਯਕੀਨ ਸੀ ਕਿ ਸਾਧ ਸ਼ਾਤਿਰ ਬੰਦਾ ਸੀ। ਉਸ ਨੂੰ ਮੇਰੇ ਸਾਇਲ ਨੇ ਹੀ ਮੇਰਾ ਨਾਮ ਦੱਸਿਆ ਸੀ। ਸਾਡੇ ਕੇਸ ਦੀ ਸ਼ੁਰੂ ਤੋਂ ਹੀ ਕਾਨੂੰਨੀ ਸਥਿਤੀ ਮਜ਼ਬੂਤ ਸੀ। ਵਸੀਅਤ ਵੀ ਗਵਾਹਾਂ ਨੇ ਸਹੀ ਸਾਬਤ ਕਰ ਦਿੱਤੀ ਸੀ। ਪਰ ਬਹਿਸ ਸਮੇਂ ਮੇਰਾ ਸਾਇਲ ਵਾਰ-ਵਾਰ ਅੱਗੇ ਤਰੀਕ ਲੈਣ ਲਈ ਕਹਿੰਦਾ ਰਿਹਾ, ਤਾਂ ਕਿ ਸਾਧ ਕੇਸ ਜਿੱਤਣ ਦਾ ਓਹੜ-ਪੋਹੜ ਕਰ ਸਕੇ। ਕੇਸ ਦਾ ਸਾਡੇ ਹੱਕ ਵਿਚ ਫੈਸਲਾ ਹੋਣ 'ਤੇ ਵੀ ਮੇਰੇ ਸਾਇਲ ਨੇ ਸਾਰਾ ਸਿਹਰਾ ਸਾਧ ਨੂੰ ਦੇ ਦਿੱਤਾ, ਬੜੀ ਅਹਿਸਾਨ ਫਰਾਮੋਸ਼ੀ ਵਾਲੀ ਗੱਲ ਹੈ। ਉਸ ਦਾ ਕੇਸ ਅਦਾਲਤ ਵਿਚ ਚਾਰ ਸਾਲ ਚੱਲਦਾ ਰਿਹਾ ਸੀ ਅਤੇ ਵਿਰੋਧੀ ਵਕੀਲ ਸਮੇਤ ਅਦਾਲਤ ਨੂੰ ਵੀ ਮਿਹਨਤ ਕਰਨੀ ਪਈ ਹੋਵੇਗੀ ਪਰ ਸਾਧ ਪੱਕਿਆ ਪਕਾਇਆ ਛਕ ਗਿਆ ਸੀ।



ਮੇਰੇ ਇਸ ਕੇਸ ਦੇ ਸਾਇਲ ਨੂੰ ਦੁਬਾਰਾ ਇੱਕ ਕੇਸ ਵਿਚ ਵਕੀਲ ਦੀ ਜ਼ਰੂਰਤ ਪਈ। ਉਸ ਨੇ ਕਿਸੇ ਨਾਲ ਰਿਹਾਇਸ਼ੀ ਜਗ੍ਹਾ ਦਾ ਇਕਰਾਰਨਾਮਾ ਕੀਤਾ ਸੀ, ਜਿਸ 'ਤੇ ਮੇਰੇ ਖਾਸ ਮਿੱਤਰ ਦੀ ਪਤਨੀ ਨੇ ਸਰਪੰਚ ਹੋਣ ਕਾਰਨ ਗਵਾਹੀ ਪਾਈ ਸੀ। ਕਾਨੂੰਨੀ ਰੂਪ 'ਚ ਉਹ ਬੰਦਾ ਮਾੜੀ ਸਥਿਤੀ ਵਿਚ ਸੀ, ਮੈਂ ਉਸ ਦੇ ਕੇਸ ਵਿਚ ਵਕੀਲ ਵਜੋਂ ਪੇਸ਼ ਹੋਣ ਤੋਂ ਇਸ ਵਜ੍ਹਾ ਕਰਕੇ ਇਨਕਾਰ ਕਰ ਦਿੱਤਾ ਕਿ ਭਵਿੱਖ 'ਚ ਕੇਸ ਖਿਲਾਫ ਹੋਣ 'ਤੇ ਸਾਧ ਪਤਾ ਨਹੀਂ ਕੀ ਪੁੱਠੀ ਗੱਲ ਜਚਾ ਦੇਵੇ। ਵੈਸੇ ਵੀ ਸਰਪੰਚ ਗਵਾਹ ਨਾਲ ਮੇਰੇ ਪਰਿਵਾਰਕ ਸੰਬੰਧ ਹੋਣ ਕਾਰਨ ਮੇਰੇ ਉਪਰ ਵਕੀਲ ਮਿਲਣ ਦਾ ਦੋਸ਼ ਲੱਗ ਸਕਦਾ ਸੀ। ਉਸ ਨੂੰ ਮੈਂ ਕਰੀਬੀ ਦੋਸਤ ਵਕੀਲ ਕੋਲ ਭੇਜ ਦਿੱਤਾ, ਜਿਸ ਨੇ ਉਸ ਕੇਸ 'ਤੇ ਬਹੁਤ ਮਿਹਨਤ ਕੀਤੀ। ਕਾਨੂੰਨੀ ਸਥਿਤੀ ਵਧੀਆ ਨਾ ਹੋਣ ਕਰਕੇ ਉਹ ਵਿਅਕਤੀ ਕੇਸ ਹਾਰ ਗਿਆ। ਸ਼ਾਤਿਰ ਦਿਮਾਗ ਸਾਧ ਨੇ ਮੇਰੇ ਵੱਲੋਂ ਪੈਰਵੀ ਨਾ ਕਰਨ ਨੂੰ ਕੇਸ ਹਾਰਨ ਦਾ ਕਾਰਨ ਦੱਸਿਆ। ਅਪੀਲ ਵਾਸਤੇ ਉਹ ਬੰਦਾ ਮੇਰੇ ਕੋਲ ਆਇਆ ਤੇ ਜ਼ਿਲ੍ਹਾ ਅਦਾਲਤ ਦੇ ਪੰਜ ਸੀਨੀਅਰ ਵਕੀਲਾਂ ਦੇ ਨਾਮ ਪੁੱਛਣ ਲੱਗਾ। ਮੇਰੇ ਦੱਸਣ 'ਤੇ ਉਸ ਨੇ ਕਿਹਾ ਕਿ ਬਾਬਾ ਜੀ ਇਨ੍ਹਾਂ ਵਿਚੋਂ ਇਕ ਨਾਮ ਚੁਣ ਕੇ ਦੱਸਣਗੇ। ਬਾਬਾ ਜੀ ਨੇ ਨਾਮ ਚੁਣ ਦਿੱਤਾ ਤੇ ਸਾਇਲ ਨੂੰ ਕਹਿ ਦਿੱਤਾ ਕਿ ਬਸ ਹੁਣ ਤੂੰ ਅਪੀਲ 'ਚ ਜਿੱਤ ਜਾਵੇਂਗਾ। ਉਸ ਬੰਦੇ ਨੇ ਅਪੀਲੀ ਅਦਾਲਤ ਦੇ ਵਕੀਲ ਨਾਲ ਕੇਸ ਦੇ ਸੰਬੰਧ 'ਚ ਮੇਰੀ ਗੱਲ ਵੀ ਕਰਵਾਈ। ਅਪੀਲੀ ਅਦਾਲਤ ਦੇ ਵਕੀਲ ਦਾ ਮੈਨੂੰ ਉਸ ਤੋਂ ਦੋ ਦਿਨ ਬਾਅਦ ਫੋਨ ਆਇਆ ਕਿ ਇਸ ਕੇਸ ਵਿਚ ਲਿਖਾਉਣ ਨੂੰ ਵੀ ਕੁਝ ਨਹੀਂ। ਕਾਨੂੰਨੀ ਸਥਿਤੀ ਬੇਹੱਦ ਮਾੜੀ ਹੈ। ਮੈਂ ਉਸ ਬੰਦੇ ਨੂੰ ਸਮਝਾਉਣ ਦੀ ਵੀ ਨਾਕਾਮ ਕੋਸ਼ਿਸ਼ ਕੀਤੀ ਕਿ ਅਜਿਹੇ ਸਾਧਾਂ ਦੀ ਅੱਖ ਤੁਹਾਡੇ ਚੜ੍ਹਾਵੇ 'ਤੇ ਹੁੰਦੀ ਹੈ ਪਰ ਆਖਿਰ ਤੱਕ ਉਸ ਨੂੰ ਵਿਸ਼ਵਾਸ ਸਾਧ 'ਤੇ ਹੀ ਰਿਹਾ। ਮੇਰੇ ਖਿਆਲ ਉਸ ਬੰਦੇ ਦਾ ਸਾਧ ਨੇ ਬਹੁਤ ਨੁਕਸਾਨ ਕੀਤਾ। ਇਕਰਾਰਨਾਮੇ ਤੋਂ ਮੁਕਰਨ ਦੀ ਉਸ ਨੂੰ ਸਾਧ ਨੇ ਹੀ ਪੱਟੀ ਪੜ੍ਹਾਈ ਸੀ। ਕੇਸ ਜਿਤਾਉਣ ਦੀ ਗਾਰੰਟੀ ਵੀ ਸਾਧ ਨੇ ਲਈ ਸੀ। ਕਿੰਨਾ ਆਰਥਿਕ ਤੇ ਭਾਈਚਾਰਕ ਨੁਕਸਾਨ ਸਾਧ ਨੇ ਕਰਾਇਆ। ਅਪੀਲ ਖਾਰਜ ਹੋਣ ਤੋਂ ਬਾਅਦ ਵੀ ਉਸ ਬੰਦੇ ਦੀਆਂ ਅੱਖਾਂ ਨਹੀਂ ਖੁੱਲ੍ਹੀਆਂ। ਅੱਜ ਵੀ ਉਸ ਨੂੰ ਸਾਧ 'ਤੇ ਪੂਰਾ ਵਿਸ਼ਵਾਸ ਹੈ ਕਿ ਜੇ ਮੈਂ ਹੇਠਲੀ ਅਦਾਲਤ ਵਿਚ ਕੇਸ ਝਗੜਦਾ, ਤਾਂ ਉਹ ਕੇਸ ਹਾਰਦਾ ਨਹੀਂ ਸੀ।

## ਵਿਗਿਆਨ ਗਲਪ ਕਹਾਣੀ

# ਠਹਿਰੇ ਹੋਏ ਸਮੇਂ ਵਾਲਾ ਗ੍ਰਹਿ





-ਡਾ. ਡੀ. ਪੀ. ਸਿੰਘ,
ਮਿਸੀਸਾਗਾ, ਓਨਟਾਰੀਓ,
ਕੈਨੇਡਾ
(Punjab Mail USA)

ਬਹੁਤ ਪੁਰਾਣੀ ਗੱਲ ਨਹੀਂ। ਬ੍ਰਹਿਮੰਡ ਦੇ ਇਕ ਖੂੰਜੇ, ਇਕ ਅਜਬ ਗ੍ਰਹਿ ਮੌਜੂਦ ਸੀ ਜਿਸ ਦਾ ਨਾਮ ਸੀ ਅਚਲ ਗ੍ਰਹਿ। ਕਿਸੇ ਰਹੱਸਮਈ ਕਾਰਣ ਕਰਕੇ ਇਥੇ ਸਮਾਂ ਠਹਿਰ ਗਿਆ ਸੀ।

ਪਹਿਲਾਂ ਪਹਿਲ ਤਾਂ ਅਚਲ ਗ੍ਰਹਿ, ਸਾਡੀ ਧਰਤੀ ਵਾਂਗ ਹੀ ਜੀਵਨ ਰੌ ਦੀ ਚਹਿਲ-ਪਹਿਲ ਨਾਲ ਭਰਪੂਰ ਸੀ, ਪਰ ਫਿਰ ਅਚਾਨਕ ਕੁਝ ਅਜਿਹਾ ਵਾਪਰ ਗਿਆ ਕਿ ਇਸ ਗ੍ਰਹਿ ਵਿਖੇ ਸਮੇਂ ਦੀ ਹਰਕਤ ਬੰਦ ਹੋ ਗਈ।

ਫਲਸਰੂਪ ਗ੍ਰਹਿ ਵਿਖੇ ਅਜਬ ਹਾਲਾਤ ਪੈਦਾ ਹੋ ਗਏ ਸਨ। ਗ੍ਰਹਿ ਦਾ ਸੂਰਜ ਅੱਧ-ਅਸਮਾਨ ਵਿਚ ਟੰਗਿਆ ਨਜ਼ਰ ਆ ਰਿਹਾ ਸੀ। ਇਥੋਂ ਦੀ ਦੁਨੀਆਂ ਵਿਖੇ ਸਦੀਵੀ ਦੁਪਹਿਰ ਦੇ ਹਾਲਤ ਬਣੇ ਹੋਏ ਸਨ। ਅੰਬਰ ਵਿਚ ਵੰਨ-ਸੁਵੰਨੇ ਆਕਾਰਾਂ ਤੇ ਸ਼ਕਲਾਂ ਵਾਲੇ ਬੱਦਲ ਬੇਹਰਕਤ ਟਿਕੇ ਹੋਏ ਦਿਸ ਰਹੇ ਸਨ। ਹਵਾ ਦਾ ਸ਼ਾਂਤ ਸਮੁੰਦਰ ਹਰ ਪਾਸੇ ਬੇਆਵਾਜ਼ ਫੈਲਿਆ ਹੋਇਆ ਸੀ। ਹਵਾ ਦਾ ਵਹਾਅ ਰੁੱਕ ਚੁੱਕਾ ਸੀ। ਜਿਸ ਕਾਰਣ ਗ੍ਰਹਿ ਦੇ ਸਾਗਰਾਂ ਦੀਆਂ ਲਹਿਰਾਂ ਨੱਚਣਾ-ਟੱਪਣਾ ਭੁੱਲ ਚੁੱਕੀਆਂ ਸਨ। ਇਥੋਂ ਦੇ ਮਹਾਂਦੀਪ ਬਰਫ਼ ਦੀ ਇੱਕ ਮੋਟੀ ਪਰਤ ਵਿਚ ਢੱਕੇ ਹੋਏ ਸਨ। ਬਰਫ਼ ਦਾ ਪਿਘਲਣਾ ਪੁਰਾਣੇ ਵਕਤ ਦੀ ਗੱਲ ਬਣ ਗਿਆ ਸੀ।

ਰੁੱਖਾਂ ਨਾਲ ਲੱਗੇ ਫਲ ਵੱਧਣ-ਫੁੱਲਣ ਤੋਂ ਮੁਨਕਰ ਸਨ। ਕਿਉਂ ਜੋ ਸਮੇਂ ਦੇ ਰੁੱਕਣ ਦਾ ਵਰਤਾਰਾ ਬਸੰਤ ਰੁੱਤ ਵਿਚ ਵਾਪਰਿਆ ਸੀ, ਸਭ ਪਾਸੇ ਫੁੱਲ ਤਾਂ ਖਿੜ੍ਹੇ ਹੋਏ ਸਨ। ਹਰੇ-ਭਰੇ ਰੁੱਖ ਤੇ ਪੌਦੇ ਵੀ ਮੌਜੂਦ ਸਨ ਪਰ ਸਮੇਂ ਨਾਲ ਨਾ ਉਨ੍ਹਾਂ ਦਾ ਰੰਗ ਬਦਲਦਾ ਸੀ ਤੇ ਨਾ ਹੀ ਉਹ ਪੱਤਝੜ ਦਾ ਸ਼ਿਕਾਰ ਹੁੰਦੇ ਸਨ। ਸਮੁੰਦਰਾਂ ਦਾ ਪਾਣੀ ਵਾਸ਼ਪ ਬਨਣ ਤੋਂ ਇਨਕਾਰੀ ਸੀ, ਜਿਸ ਦੇ ਨਤੀਜੇ ਵਜੋਂ ਬਰਸਾਤੀ ਹਵਾਵਾਂ ਦਾ ਦੌਰ ਬੰਦ ਹੋ ਗਿਆ ਸੀ। ਹੁਣ ਬਾਰਸ਼ ਨਹੀਂ ਸੀ ਪੈਂਦੀ ਤੇ ਨਦੀਆਂ, ਨਾਲਿਆਂ, ਤੇ ਦਰਿਆਵਾਂ ਦਾ ਪਾਣੀ ਵਹਿਣ ਦਾ ਸੁਭਾਅ ਗੁਆ ਚੁੱਕਾ ਸੀ। ਗ੍ਰਹਿ ਵਿਖੇ ਪਿਛਲੇ ਕਾਫ਼ੀ ਅਰਸੇ ਤੋਂ ਨਾ ਤਾਂ ਕਿਸੇ ਦੀ ਮੌਤ ਹੀ ਹੋਈ ਸੀ ਤੇ ਨਾ ਹੀ ਕੋਈ ਨਵਾਂ ਜਨਮ।

ਕੋਈ ਨਹੀਂ ਜਾਣਦਾ ਸੀ ਕਿ ਇਸ ਅਜੀਬ ਵਰਤਾਰੇ ਦਾ ਕੀ ਕਾਰਣ ਸੀ। ਕੁਝ ਕੁ ਗ੍ਰਹਿ ਵਾਸੀਆਂ ਦਾ ਵਿਚਾਰ ਸੀ ਕਿ ਕਿਸੇ ਸ਼ਕਤੀਸ਼ਾਲੀ ਜਾਦੂਗਰ ਨੇ ਆਪਣੀ ਜਾਦੂਈ ਤਾਕਤ ਨਾਲ ਸਮੇਂ ਨੂੰ ਕੈਦ ਕਰ ਲਿਆ ਹੈ, ਪਰ ਕੁਝ ਹੋਰ ਲੋਕਾਂ ਦਾ ਮੰਨਣਾ ਸੀ ਕਿ ਅਜਿਹਾ ਵਾਪਰਣਾ ਉਨ੍ਹਾਂ ਦੇ ਦੇਵਤਿਆਂ ਦੀ ਨਰਾਜ਼ਗੀ ਦਾ ਨਤੀਜਾ ਸੀ। ਗੱਲ ਕੀ ਜਿੰਨ੍ਹੇ ਮੂੰਹ ਉੱਨ੍ਹੀਆਂ ਗੱਲਾਂ। ਕਾਰਣ ਕੁਝ ਵੀ ਹੋਵੇ, ਸੱਚ ਤਾਂ ਇਹ ਸੀ ਕਿ ਅਚਲ ਗ੍ਰਹਿ ਦੇ ਵਾਸੀ ਸਮੇਂ ਦੇ ਠਹਿਰਾਉ ਦਾ ਸ਼ਿਕਾਰ ਬਣ ਚੁੱਕੇ ਸਨ। ਅਸੁਭਾਗ ਹੀ ਸੀ ਕਿ ਉਹ ਅਜਿਹੇ ਹਾਲਾਤਾਂ ਨੂੰ ਬਦਲਣ ਤੋਂ ਅਸਮਰੱਥ ਸਨ।

ਅਚਲ ਗ੍ਰਹਿ ਦੇ ਲੋਕ ਇੰਨੇ ਲੰਬੇ ਸਮੇਂ ਤੋਂ ਸਮੇਂ ਦੇ ਠਹਿਰਾਉ ਦਾ ਸ਼ਿਕਾਰ ਸਨ ਕਿ ਉਹ ਸਮੇਂ ਬਾਰੇ ਆਪਣੀ ਸਮਝ ਹੀ ਗੁਆ ਚੁੱਕੇ ਸਨ। ਉਹ ਆਪਣੇ ਰੋਜ਼ਾਨਾ ਜੀਵਨ ਦੌਰਾਨ ਉਹੀ ਰੁਟੀਨ ਦੁਬਾਰਾ-ਦੁਬਾਰਾ ਕਰਦੇ ਰਹਿੰਦੇ ਸਨ। ਸਮੇਂ ਦੇ ਠਹਿਰਾਉ ਕਾਰਣ ਉਨ੍ਹਾਂ ਦੀ ਉਮਰ ਵੀ ਠਹਿਰ ਗਈ ਸੀ। ਨਾ ਤਾਂ ਬੱਚੇ ਵੱਡੇ ਹੋ ਰਹੇ ਸਨ ਤੇ ਨਾ ਹੀ ਜਵਾਨ ਬੁੱਢਾਪੇ ਵੱਲ ਵੱਧ ਰਹੇ ਸਨ। ਜਿਧਰ ਵੀ ਨਜ਼ਰ ਮਾਰੋ, ਪੌਦੇ ਤੇ ਰੁੱਖ ਵੀ ਬਿਨ੍ਹਾਂ ਕਿਸੇ ਵਾਧੇ ਦੇ ਅਹਿੱਲ ਖੜ੍ਹੇ ਦੇਖੇ ਜਾ ਸਕਦੇ ਸਨ। ਜਾਨਵਰ ਵੀ ਵੱਧਣਾ-ਫੁੱਲਣਾ ਭੁੱਲ ਚੁੱਕੇ ਸਨ। ਨਿਰੰਤਰ ਦਿਨ ਵਾਲੇ ਇਸ ਗ੍ਰਹਿ ਵਿਖੇ ਰਾਤ ਆਪਣੀ ਹੋਂਦ ਗੁਆ ਚੁੱਕੀ ਸੀ। ਗ੍ਰਹਿ ਵਾਸੀਆਂ ਕੋਲ ਸਮੇਂ ਦੇ ਬੀਤਣ ਬਾਰੇ ਕੋਈ ਸੰਕਲਪ ਹੀ ਨਹੀਂ ਸੀ ਅਤੇ ਉਨ੍ਹਾਂ ਲਈ, ਹਰ ਦਿਨ ਹੀ ਹਮੇਸ਼ਾਂ ਵਾਂਗ ਇਕੋ ਜਿਹਾ ਹੀ ਸੀ।

ਤਬਦੀਲੀ ਦੀ ਘਾਟ ਦੇ ਬਾਵਜੂਦ, ਅਚਲ ਗ੍ਰਹਿ ਵਿਖੇ ਜੀਵਨ ਪੂਰੀ ਤਰ੍ਹਾਂ ਮੁਸ਼ਕਲਾਂ ਤੋਂ ਮੁਕਤ ਨਹੀਂ ਸੀ। ਲੋਕਾਂ ਨੂੰ ਤਾਜ਼ੇ ਭੋਜਨ ਜਾਂ ਵਗਦੇ ਪਾਣੀ ਤੋਂ ਬਿਨਾਂ ਸੰਸਾਰ ਵਿਚ ਜਿਉਂਦੇ ਰਹਿਣ ਲਈ ਨਵੇਂ ਢੰਗ ਲੱਭਣ ਦੀ ਅਹਿਮ ਲੋੜ ਪੈ ਗਈ ਸੀ। ਉਨ੍ਹਾਂ ਨੇ ਲੱਕੜ ਤੇ ਇੱਟ ਦੀ ਥਾਂ ਬਰਫ਼ ਦੀਆਂ ਸਿੱਲਾਂ ਅਤੇ ਪੱਥਰ ਤੋਂ ਘਰ ਅਤੇ ਸ਼ਹਿਰ ਬਣਾਣੇ ਸਿੱਖ ਲਏ। ਉਨ੍ਹਾਂ ਨਵੀਂ ਕਿਸਮ ਦੇ ਔਜ਼ਾਰ ਅਤੇ ਤਕਨਾਲੋਜੀਆਂ ਦੀ ਖੋਜ ਕਰ ਲਈ, ਜੋ ਬਦਲੇ ਹੋਏ ਕਠੋਰ ਹਾਲਤਾਂ ਦਾ ਸਾਹਮਣਾ ਕਰ ਸਕਣ।

ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ, ਅਚਲ ਗ੍ਰਹਿ ਦੇ ਲੋਕਾਂ ਨੇ ਸਮੇਂ ਦੇ ਠਹਿਰਾਉ ਵਾਲੀ ਜ਼ਿੰਦਗੀ ਨੂੰ ਹੀ ਜੀਵਨ ਦੀ ਹਕੀਕਤ ਵਜੋਂ ਸਵੀਕਾਰ ਕਰ ਲਿਆ। ਉਨ੍ਹਾਂ ਨੇ ਆਪਣੇ ਰੋਜ਼ਾਨਾ ਦੇ ਕੰਮਾਂ ਵਿਚ ਜ਼ਿੰਦਗੀ ਦੀ ਖ਼ੁਸ਼ੀ ਤੇ ਮੰਤਵ ਲੱਭ ਲਏ। ਉਨ੍ਹਾਂ ਨੇ ਜੀਵਨ ਦੇ ਸਾਧਾਰਨ ਵਰਤਾਰਿਆਂ ਵਿਚ ਜਿਵੇਂ ਕਿ ਅਜ਼ੀਜ਼ਾਂ ਨਾਲ ਸਮਾਂ ਬਿਤਾਉਣਾ ਅਤੇ ਠਹਿਰੇ ਹੋਏ ਸੰਸਾਰ ਦੀ ਸੁੰਦਰਤਾ ਦਾ ਆਨੰਦ ਲੈਣਾ, ਵਿਚ ਖੁਸ਼ੀ ਪ੍ਰਾਪਤੀ ਨੂੰ ਤਰਜ਼ੀਹ ਦੇਣਾ ਸਿੱਖ ਲਿਆ। ਉਨ੍ਹਾਂ ਨੇ ਆਪਣੇ ਗ੍ਰਹਿ ਨਾਲ ਇੱਕ ਸਨੇਹਪੂਰਣ ਰਿਸ਼ਤਾ ਕਾਇਮ ਕਰ ਲਿਆ ਤੇ ਉਹ ਮਹਿਸੂਸ ਕਰਣ ਲੱਗ ਪਏ ਕਿ ਉਹ ਇਸ ਗ੍ਰਹਿ ਦਾ ਹੀ ਇੱਕ ਹਿੱਸਾ ਸਨ।

ਬਾਹਰਲੀ ਦੁਨੀਆਂ ਅਨੁਸਾਰ ਬਹੁਤ ਅਰਸਾ ਬੀਤਣ ਦੇ ਬਾਵਜੂਦ ਅਚਲ ਗ੍ਰਹਿ ਦੀ ਠਹਿਰੀ ਹੋਈ ਦੁਨੀਆਂ ਅਜੇ ਵੀ ਬਦਲੀ ਨਹੀਂ ਸੀ। ਬੀਤ ਚੁੱਕੇ ਸਮੇਂ ਦੇ ਇੱਕ ਠਹਿਰੇ ਹੋਏ ਸਮਾਰਕ ਵਾਂਗ ਇਹ ਗ੍ਰਹਿ ਪੁਲਾੜ ਵਿਚ ਤੈਰ ਰਿਹਾ ਸੀ। ਅਚਲ ਗ੍ਰਹਿ ਦੇ ਲੋਕਾਂ, ਆਪੋ-ਆਪਣੇ ਕੰਮਾਂ ਵਿਚ ਰੁੱਝੇ ਹੋਣ ਕਾਰਣ, ਕਦੇ ਵੀ ਇਹ ਮਹਿਸੂਸ ਨਾ ਕੀਤਾ ਕਿ ਉਹ ਸਮੇਂ ਦੇ ਠਹਿਰਾਉ ਦਾ ਸ਼ਿਕਾਰ ਹੋ ਚੁੱਕੇ ਸਨ।

ਇਸ ਤਰ੍ਹਾਂ ਅਚਲ ਗ੍ਰਹਿ ਇਕ ਸ਼ਾਂਤ ਤੇ ਕੁਦਰਤੀ ਹਰਕਤ ਤੋਂ ਮੁਕਤ ਦੁਨੀਆਂ ਬਣ ਚੁੱਕਾ ਸੀ। ਹੌਲੇ-ਹੌਲੇ ਇਸ ਗ੍ਰਹਿ ਦੀ ਕਥਾ ਨੇ, ਸਮੇਂ ਦੇ ਵਹਾਉ ਨਾਲ ਖ਼ਿਲਵਾੜ ਕਾਰਨ ਪੈਦਾ ਹੋਏ ਹਾਲਾਤਾਂ ਦੀ ਦੰਤਕਥਾ ਜਾਂ ਮਿੱਥਹਾਸਿਕ ਕਹਾਣੀ ਦਾ ਰੂਪ ਧਾਰ ਲਿਆ। ਪਰ ਜਿਹੜੇ ਲੋਕ ਇਸ ਧਰਤੀ ਉੱਤੇ ਰਹਿੰਦੇ ਸਨ, ਉਨ੍ਹਾਂ ਲਈ ਇਹ ਸਿਰਫ਼ ਉਨ੍ਹਾਂ ਦਾ ਘਰ ਸੀ, ਇੱਕ ਠਹਿਰੀ ਹੋਈ ਦੁਨੀਆਂ ਜਿਸ ਨੂੰ ਉਨ੍ਹਾਂ ਨੇ ਆਪਣਾ ਕਹਿਣਾ ਸਿੱਖ ਲਿਆ ਸੀ।

ਪਰ ਜਿਵੇਂ-ਜਿਵੇਂ, ਹੋਰ ਦੁਨੀਆ ਅਨੁਸਾਰ, ਸਾਲਾਂ ਦਾ ਅਰਸਾ ਸਦੀਆਂ ਵਿਚ ਬਦਲ ਗਿਆ, ਕੁਝ ਲੋਕਾਂ ਵਿਚ ਕੁਝ ਹੋਰ ਤੇ ਕੁਝ ਨਵਾਂ ਦੇਖਣ ਤੇ ਜਾਨਣ ਦੀ ਉਮੰਗ ਜਾਗ ਪਈ। ਉਹ ਤਬਦੀਲੀ, ਵਿਕਾਸ ਤੇ ਕੁਝ ਨਵਾਂ ਅਨੁਭਵ ਕਰਨ ਦੀ ਲਾਲਸਾ ਕਰਨ ਲੱਗ ਪਏ। ਉਹ ਸੋਚਣ ਲੱਗੇ ਪਏ ਕਿ ਉਸ ਦੁਨੀਆਂ ਵਿਚ ਜ਼ਿੰਦਗੀ ਕਿਹੋ ਜਿਹੀ ਹੋਵੇਗੀ, ਜਿੱਥੇ ਸਮਾਂ ਦਾ ਵਹਾਉ ਨਿਰੰਤਰ ਚੱਲਦਾ ਹੈ, ਜਿੱਥੇ ਰੁੱਤਾਂ ਬਦਲਦੀਆਂ ਹਨ ਅਤੇ ਸੂਰਜ ਚੜ੍ਹਦਾ ਅਤੇ ਡੁੱਬਦਾ ਹੈ।

ਅਚਾਨਕ ਇੱਕ ਦਿਨ ਕੁਝ ਸਾਹਸੀ ਪੁਲਾੜ ਯਾਤਰੀਆਂ ਦੀ ਇੱਕ ਟੋਲੀ ਇਸ ਗ੍ਰਹਿ ਉੱਤੇ ਆ ਉੱਤਰੀ। ਉਹ ਇੱਕ ਦੂਰ-ਦੁਰਾਡੇ ਦੀ ਦੁਨੀਆਂ ਤੋਂ ਆਏ ਸਨ। ਉਹ ਕਿਸੇ ਵੱਡੇ ਖਜ਼ਾਨੇ ਦੀ ਖੋਜ ਕਰਦੇ ਹੋਏ ਇਥੇ ਪਹੁੰਚੇ ਸਨ ਕਿਉਂਕਿ ਉਨ੍ਹਾਂ ਦੀ ਧਾਰਣਾ ਸੀ ਕਿ ਅਚਲ ਗ੍ਰਹਿ ਵਿਖੇ ਇਹ ਖਜ਼ਾਨਾ ਛੁਪਿਆ ਹੋਇਆ ਸੀ। ਜਦੋਂ ਉਹ ਸਮੇਂ ਦੇ ਠਹਿਰਾਉ ਵਾਲੇ ਸੰਸਾਰ ਵਿਖੇ ਪੁੱਜੇ, ਤਾਂ ਉਹ ਇਹ ਜਾਣ ਕੇ ਹੈਰਾਨ ਰਹਿ ਗਏ ਕਿ ਇਥੇ ਸਮੇਂ ਦੀ ਹਰਕਤ ਰੁੱਕ ਚੁੱਕੀ ਸੀ।

ਪਹਿਲਾਂ ਪਹਿਲ ਤਾਂ ਉਨ੍ਹਾਂ ਸਾਹਸੀ ਖੋਜੀਆਂ ਨੇ ਇਸ ਸਮੇਂ ਦੇ ਠਹਿਰਾਉ ਵਾਲੇ ਸੰਸਾਰ ਦੀ ਜਾਂਚ ਕਰਨ ਲਈ ਖ਼ੂਬ ਉਤਸ਼ਾਹ ਦਿਖਾਇਆ, ਪਰ ਜਲਦੀ ਹੀ ਉਨ੍ਹਾਂ ਨੂੰ ਅਹਿਸਾਸ ਹੋ ਗਿਆ ਕਿ ਉਹ ਅਚਲ ਗ੍ਰਹਿ ਦੇ ਵਾਸੀਆਂ ਵਾਂਗ ਹੀ ਸਮੇਂ ਦੇ ਠਹਿਰਾਉ ਦਾ ਸ਼ਿਕਾਰ ਬਣ ਚੁੱਕੇ ਹਨ। ਉਨ੍ਹਾਂ ਨੇ ਗ੍ਰਹਿ ਦੇ ਹਾਲਾਤਾਂ ਨੂੰ ਬਦਲਣ ਦਾ ਹਰ ਸੰਭਵ ਯਤਨ ਕੀਤਾ ਪਰ ਕੋਈ ਵੀ ਹੀਲਾ ਰਾਸ ਨਹੀਂ ਸੀ ਆ ਰਿਹਾ। ਉਨ੍ਹਾਂ ਦੇਖਿਆਂ ਕਿ ਕਈ ਗ੍ਰਹਿ ਵਾਸੀਆਂ ਨੇ ਵੀ, ਸਮੇਂ ਦੇ ਪ੍ਰਵਾਹ ਨੂੰ ਚਾਲੂ ਕਰਨ ਲਈ, ਕਈ ਤਰ੍ਹਾਂ ਦੀਆਂ ਕੋਸ਼ਿਸ਼ਾਂ ਕੀਤੀਆਂ ਸਨ। ਜਿਨ੍ਹਾਂ ਵਿਚ ਜਾਦੂ-ਮੰਤਰਾਂ ਦੀ ਵਰਤੋਂ, ਅਜੀਬੋ-ਗਰੀਬ ਧਾਰਮਿਕ ਰਸਮਾਂ ਤੇ ਬਲੀ ਦੇਣ ਦੀ ਰਸਮ ਆਦਿ ਸ਼ਾਮਲ ਸਨ, ਪਰ ਕੋਈ ਵੀ ਕੋਸ਼ਿਸ਼ ਸਫ਼ਲ ਨਹੀਂ ਸੀ ਹੋਈ।

ਜਿਸ ਖਜ਼ਾਨੇ ਦੀ ਖੋਜ ਵਿਚ ਉਹ ਇਸ ਗ੍ਰਹਿ ਵਿਖੇ ਪੁੱਜੇ ਸਨ, ਉਸ ਦਾ ਵੀ ਕੁਝ ਥਹੁ-ਪਤਾ ਨਹੀਂ ਸੀ ਲੱਗ ਰਿਹਾ। ਪੁਲਾੜ ਯਾਤਰੀਆਂ ਦੇ ਪੁਲਾੜੀ ਵਾਹਣ ਦੇ ਸਮਾਂ-ਆਧਾਰਿਤ ਸਾਰੇ ਯੰਤਰ ਵੀ ਰੁੱਕ ਚੁੱਕੇ ਸਨ। ਜਿਸ ਕਾਰਣ ਵਾਪਸ ਆਪਣੇ ਗ੍ਰਹਿ ਮੁੜਣ ਦਾ ਕੋਈ ਰਾਹ ਨਜ਼ਰ ਨਹੀਂ ਸੀ ਆ ਰਿਹਾ। ਇਸ ਸਭ ਦਾ ਇਕੋ ਇਕ ਹੱਲ ਜਾਪ ਰਿਹਾ ਸੀ, ਸਮੇਂ ਦੇ ਠਹਿਰਾਉ ਦਾ ਖ਼ਾਤਮਾ। ਹਰ ਕੋਈ ਆਪਣੀ ਅਕਲ ਦੇ ਘੋੜੇ ਦੌੜਾ ਰਿਹਾ ਸੀ। ਪਰ ਸਮੱਸਿਆ ਦਾ ਹੱਲ ਨਜ਼ਰ ਨਹੀਂ ਸੀ ਆ ਰਿਹਾ। ਇਸੇ ਉਲਝਣ ਵਿਚ ਪਤਾ ਨਹੀਂ ਕਿੰਨਾਂ ਕੁ ਅਰਸਾ ਗੁਜ਼ਰ ਗਿਆ।

ਇਕ ਦਿਨ, ਲੀਨਾ ਨਾਂ ਦੀ ਇਕ ਮੁਟਿਆਰ ਨੂੰ ਇਕ ਵਿਚਾਰ ਆਇਆ। ਪਿਛਲੇ ਲੰਮੇ ਅਰਸੇ ਤੋਂ ਉਹ ਅਚਲ ਗ੍ਰਹਿ ਦੇ ਪ੍ਰਾਚੀਨ ਗ੍ਰੰਥਾਂ ਦਾ ਅਧਿਐਨ ਕਰ ਰਹੀ ਸੀ। ਉਹ ਅਜਿਹੇ ਸੁਰਾਗ ਦੀ ਖੋਜ ਕਰ ਰਹੀ ਸੀ, ਜੋ ਉਨ੍ਹਾਂ ਨੂੰ ਇਸ ਗ੍ਰਹਿ ਵਿਖੇ ਮੌਜੂਦ ਸਮੇਂ ਦੇ ਠਹਿਰਾਉ ਨੂੰ ਤੋੜਣ ਵਿਚ ਮਦਦ ਕਰ ਸਕੇ। ਉਸ ਨੂੰ ਯਕੀਨ ਸੀ ਕਿ ਸਮੇਂ ਦੇ ਵਹਾਉ ਦੀ ਰੁਕਾਵਟ ਨੂੰ ਦੂਰ ਕਰਨ ਦਾ ਜ਼ਰੂਰ ਕੋਈ ਢੰਗ ਹੈ, ਜਿਸ ਨੂੰ ਹਟਾ ਕੇ ਸਮੇਂ ਦੇ ਕੁਦਰਤੀ ਪ੍ਰਵਾਹ ਨੂੰ ਬਹਾਲ ਕੀਤਾ ਜਾ ਸਕਦਾ ਹੈ।

ਲੀਨਾ ਨੇ ਆਪਣੇ ਖਿਆਲ ਨਾਲ ਸਹਿਮਤ ਸਾਥੀਆਂ ਦੀ ਇਕ ਟੋਲੀ ਬਣਾ ਲਈ। ਉਹ ਸਾਰੇ ਅਚਲ ਗ੍ਰਹਿ ਵਿਖੇ ਸਮੇਂ ਦੇ ਪ੍ਰਵਾਹ ਵਿਚ ਆਈ ਰੁਕਾਵਟ ਦਾ ਪਤਾ ਕਰਨ ਲਈ ਇਕਜੁੱਟ ਹੋ ਖੋਜ ਕਰਨ ਲੱਗ ਪਏ। ਉਨ੍ਹਾਂ ਨੇ ਪੂਰੇ ਗ੍ਰਹਿ ਦੀ ਯਾਤਰਾ ਕੀਤੀ। ਪ੍ਰਾਚੀਨ ਖੰਡਰਾਂ ਦੀ ਪੜਤਾਲ ਕੀਤੀ ਅਤੇ ਪ੍ਰਾਚੀਨ ਲਿਖਤਾਂ ਨੂੰ ਸਮਝਣ ਦੇ ਯਤਨ ਕੀਤੇ, ਤਾਂ ਜੋ ਕੋਈ ਅਜਿਹਾ ਸੁਰਾਗ ਲੱਭ ਸਕਣ, ਜੋ ਉਨ੍ਹਾਂ ਨੂੰ ਉਨ੍ਹਾਂ ਦੀ ਮੰਜ਼ਿਲ ਤੱਕ ਲੈ ਜਾਵੇ।

ਬਾਹਰੀ ਦੁਨੀਆਂ ਅਨੁਸਾਰ ਸਾਲ ਬੀਤਦੇ ਗਏ। ਖੋਜੀ ਟੋਲੀ ਦੇ ਮੈਂਬਰ ਆਪਣੀ ਖੋਜ ਵਿਚ ਲਗਾਤਾਰ ਜੁੱਟੇ ਰਹਿਣ ਦੇ ਬਾਵਜੂਦ ਸਫ਼ਲਤਾ ਨਹੀਂ ਸੀ ਪਾ ਸਕੇ। ਪਰ ਉਨ੍ਹਾਂ ਹਾਰ ਨਾ ਮੰਨੀ। ਅੰਤ ਵਿਚ, ਕਈ ਦਹਾਕਿਆਂ ਦੀ ਖੋਜ ਤੋਂ ਬਾਅਦ, ਉਨ੍ਹਾਂ ਨੂੰ ਉਹ ਸੁਰਾਗ ਮਿਲ ਹੀ ਗਿਆ, ਜੋ ਉਹ ਲੱਭ ਰਹੇ ਸਨ। ਇਹ ਇੱਕ ਸ਼ਕਤੀਸ਼ਾਲੀ ਖ਼ਾਸ ਯੰਤਰ ਦਾ ਨਕਸ਼ਾ ਸੀ, ਜੋ ਅਚਲ ਗ੍ਰਹਿ ਵਿਖੇ ਸਮੇਂ ਦੇ ਠਹਿਰਾਉ ਦੀ ਸਥਿਤੀ ਨੂੰ ਤੋੜ ਕੇ ਇਸ ਦੇ ਕੁਦਰਤੀ ਪ੍ਰਵਾਹ ਨੂੰ ਬਹਾਲ ਕਰ ਸਕਦਾ ਸੀ।

ਲੀਨਾ ਅਤੇ ਉਸ ਦੇ ਸਾਥੀਆਂ ਨੇ ਅਚਲ ਗ੍ਰਹਿ ਦੇ ਲੋਕਾਂ ਨਾਲ ਆਪਣੀ ਖੋਜ ਦੇ ਨਤੀਜੇ ਸਾਂਝੇ ਕਰਨ ਲਈ ਜਨਤਕ ਸਭਾ ਬੁਲਾ ਲਈ। ਬਹੁਤ ਸਾਰੇ ਗ੍ਰਹਿ ਵਾਸੀ ਇਸ ਸਭਾ ਵਿਚ ਸ਼ਾਮਲ ਹੋਏ। ਅਨੇਕ ਲੋਕ ਇਸ ਖੋਜ ਨਤੀਜਿਆਂ ਨੂੰ ਸ਼ੱਕ ਦੀ ਨਿਗਾਹ ਨਾਲ ਦੇਖ ਰਹੇ ਸਨ। ਪਰ ਲੀਨਾ ਅਤੇ ਉਸ ਦੇ ਸਾਥੀਆਂ ਨੇ ਉਨ੍ਹਾਂ ਨੂੰ ਯਕੀਨ ਦਿਵਾਇਆ ਕਿ ਇਸ ਖੋਜ ਕਾਰਜ ਦੇ ਨਤੀਜੇ ਉਨ੍ਹਾਂ ਸਭ ਲਈ ਲਾਭਦਾਇਕ ਸੰਭਾਵਨਾਵਾਂ ਸਮੋਈ ਬੈਠੇ ਹਨ। ਉਨ੍ਹਾਂ ਮੌਜੂਦਾ ਹਾਲਾਤਾਂ ਵਿਚੋਂ ਨਿਕਲਣ ਲਈ ਲੋੜੀਂਦੀ ਕੋਸ਼ਿਸ਼ ਕਰਨ ਲਈ ਸਭ ਦੇ ਸਹਿਯੋਗ ਦੀ ਮੰਗ ਕੀਤੀ। ਲੰਮੀ ਵਿਚਾਰ-ਚਰਚਾ ਤੋਂ ਬਾਅਦ ਗ੍ਰਹਿ ਵਾਸੀ ਸੰਭਾਵੀ ਯੰਤਰ ਬਨਾਉਣ ਲਈ ਲੋੜੀਂਦੀ ਸਹਾਇਤਾ ਦੇਣ ਲਈ ਤਿਆਰ ਹੋ ਗਏ।

ਬਾਹਰੀ ਦੁਨੀਆਂ ਦੇ ਸਮੇਂ ਅਨੁਸਾਰ ਅਗਲੇ ਕੁਝ ਕੁ ਸਾਲਾਂ ਦੌਰਾਨ, ਲੀਨਾ ਤੇ ਉਸ ਦੇ ਸਾਥੀਆਂ ਨੇ ਗ੍ਰਹਿ ਵਾਸੀਆਂ ਦੇ ਸਹਿਯੋਗ ਨਾਲ ਉਸ ਯੰਤਰ ਦਾ ਨਿਰਮਾਣ ਕਰ ਲਿਆ। ਜਿਵੇਂ ਹੀ ਉਨ੍ਹਾਂ ਇਸ ਯੰਤਰ ਨੂੰ ਕ੍ਰਿਆਸ਼ੀਲ ਕੀਤਾ, ਗ੍ਰਹਿ ਦਾ ਹਵਾਈ ਗਿਲਾਫ਼ ਹਰਕਤ ਵਿਚ ਆ ਗਿਆ।

ਕਈ ਹਜ਼ਾਰ ਸਾਲ ਬਾਅਦ, ਅਚਲ ਗ੍ਰਹਿ ਉੱਤੇ ਅਜਿਹਾ ਪਹਿਲੀ ਵਾਰ ਵਾਪਰ ਰਿਹਾ ਸੀ। ਗ੍ਰਹਿ ਦੇ ਸੂਰਜ ਦੀ ਨਿੱਘੀ ਰੋਸ਼ਨੀ ਗ੍ਰਹਿਵਾਸੀਆਂ ਨੂੰ ਨਵਾਂ ਸੁਨੇਹਾ ਦਿੰਦੀ ਜਾਪ ਰਹੀ ਸੀ। ਲੋਕ ਹੈਰਾਨ ਹੋ ਕੇ ਦੇਖ ਰਹੇ ਸਨ ਕਿ ਉਨ੍ਹਾਂ ਦੇ ਆਲੇ-ਦੁਆਲੇ ਦੀ ਦੁਨੀਆਂ ਹੌਲੇ-ਹੌਲੇ ਬਦਲਣ ਲੱਗ ਪਈ ਸੀ। ਬੱਦਲ ਆਸਮਾਨ ਵਿਚ ਹੌਲੇ-ਹੌਲੇ ਚੱਲਣ ਲੱਗ ਪਏ ਸਨ। ਸੂਰਜ ਦੀ ਤਪਸ਼ ਨਾਲ ਬਰਫ਼ ਪਿਘਲਣ ਲੱਗ ਪਈ। ਬਹੁਤ ਸਾਰੇ ਫੁੱਲ ਮੁਰਝਾ-ਮੁਰਝਾ ਕੇ ਗਿਰਣ ਲਗ ਪਏ। ਪਰ ਖੁਸ਼ੀ ਦੀ ਗੱਲ ਸੀ ਕਿ ਨਵੇਂ ਫੁੱਲ ਖਿੜਣਾ ਸ਼ੁਰੂ ਕਰ ਰਹੇ ਸਨ। ਫਲਾਂ ਦਾ ਪੱਕਣਾ ਸ਼ੁਰੂ ਹੋ ਗਿਆ ਸੀ। ਬਰਫ਼ ਦੇ ਪਿਘਲਣ ਨਾਲ ਨਦੀਆਂ, ਨਾਲੇ ਤੇ ਦਰਿਆ ਇੱਕ ਵਾਰ ਫਿਰ ਵਹਿਣ ਲੱਗ ਪਏ ਸਨ। ਪੌਦਿਆਂ ਨੇ ਨਵੀਆਂ ਕਰੂੰਬਲਾਂ ਕੱਢਣੀਆਂ ਸ਼ੁਰੂ ਕਰ ਲਈਆਂ ਸਨ ਤੇ ਰੁੱਖਾਂ ਦੇ ਨਵੇਂ ਪੱਤੇ ਨਜ਼ਰ ਆਉਣ ਲੱਗ ਪਏ ਸਨ। ਰੁੱਖਾਂ ਦੇ ਪੁਰਾਣੇ ਪੱਤੇ ਰੰਗ ਬਦਲਦੇ ਹੋਏ, ਹਵਾ ਸੰਗ ਅਠਖੇਲੀਆਂ ਕਰਦੇ, ਗ੍ਰਹਿ ਦੀ ਧਰਤੀ ਨੂੰ ਚੁੰਮਣ ਵੱਲ ਵੱਧ ਰਹੇ ਸਨ। ਨਵਜੰਮੇ ਬੱਚਿਆਂ ਦੀਆਂ ਕਿਲਕਾਰੀਆਂ ਨੇ ਮਾਹੌਲ ਨੂੰ ਨਵ੍ਹਾਂਪਣ ਬਖ਼ਸ਼ ਦਿੱਤਾ ਸੀ। ਗ੍ਰਹਿਵਾਸੀਆਂ ਨੇ ਸਦੀਆਂ ਬਾਅਦ ਪਹਿਲੀ ਵਾਰ ਜੀਵਨ ਦੀ ਨਵੀਂ ਸਵੇਰ ਨੂੰ 'ਜੀ ਆਇਆਂ' ਆਖਿਆ ਸੀ।

ਅਚਲ ਗ੍ਰਹਿ ਵਿਚ ਜ਼ਿੰਦਗੀ ਫਿਰ ਹਰਕਤਨੁਮਾ ਹੋ ਗਈ ਸੀ। ਚਾਰੇ ਪਾਸੇ ਖ਼ੁਸ਼ੀ ਦਾ ਮਾਹੌਲ ਸੀ। ਖੁਸ਼ੀਆਂ ਰੱਤੇ ਲੋਕ ਜਸ਼ਨ ਮਨਾ ਕੇ ਸਮੇਂ ਦੇ ਪ੍ਰਵਾਹ ਦੇ ਮੁੜ ਸ਼ੁਰੂ ਹੋਣ ਦਾ ਸਵਾਗਤ ਕਰ ਰਹੇ ਸਨ। ਬੇਸ਼ੱਕ ਉਹ ਜਾਣਦੇ ਸਨ ਕਿ ਉਨ੍ਹਾਂ ਦੀ ਜ਼ਿੰਦਗੀ ਕਦੇ ਵੀ ਪਹਿਲਾਂ ਵਰਗੀ ਨਹੀਂ ਹੋਵੇਗੀ। ਪਰ ਉਹ ਭਵਿੱਖ ਦੀ ਬੁੱਕਲ ਵਿਚ ਲੁੱਕੀਆਂ ਨਵੀਆਂ ਖੁਸ਼ੀਆਂ ਨੂੰ 'ਜੀ ਆਇਆਂ' ਕਹਿਣ ਲਈ ਤੱਤਪਰ ਸਨ।

ਲੀਨਾ ਅਤੇ ਉਸ ਦੀ ਟੋਲੀ, ਜਿਨ੍ਹਾਂ ਨੇ ਅਚਲ ਗ੍ਰਹਿ ਵਿਖੇ ਠਹਿਰੇ ਹੋਏ ਸਮੇਂ ਦਾ ਪ੍ਰਵਾਹ ਦੁਬਾਰਾ ਸ਼ੁਰੂ ਕਰਨ ਵਿਚ ਅਹਿਮ ਯੋਗਦਾਨ ਪਾਇਆ ਸੀ, ਦਾ ਖ਼ੂਬ ਸਨਮਾਨ ਕੀਤਾ ਗਿਆ। ਬੇਸ਼ੱਕ ਗ੍ਰਹਿ ਵਾਸੀ ਸਮੇਂ ਦੇ ਨਿਰੰਤਰ ਪ੍ਰਵਾਹ ਵਾਲੇ ਸੰਸਾਰ ਵਿਚ ਜੀਵਨ ਦਾ ਆਨੰਦ ਮਾਣ ਸਕਣ ਦੇ ਮੌਕੇ ਲਈ ਸ਼ੁਕਰਗੁਜ਼ਾਰ ਸਨ, ਪਰ ਉਹ ਜਾਣਦੇ ਸਨ ਕਿ ਸਮੇਂ ਦੇ ਠਹਿਰਾਉ ਵਾਲੇ ਗ੍ਰਹਿ ਨਾਲ ਹਮੇਸ਼ਾਂ ਉਨ੍ਹਾਂ ਦਾ ਇੱਕ ਖ਼ਾਸ ਰਿਸ਼ਤਾ ਰਹੇਗਾ ਕਿਉਂਕਿ ਉਹ ਲੰਬੇ ਸਮੇਂ ਤੋਂ ਉਨ੍ਹਾਂ ਦਾ ਘਰ ਸੀ।

ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ, ਅਚਲ ਗ੍ਰਹਿ ਬਦਲਦਾ ਅਤੇ ਵਿਕਸਤ ਹੁੰਦਾ ਰਿਹਾ। ਅਨੇਕ ਮੌਸਮ ਆਏ ਅਤੇ ਚਲੇ ਗਏ। ਗ੍ਰਹਿ ਨੂੰ ਨਵਾਂ ਜੀਵਨ ਅਤੇ ਵਿਕਾਸ ਪ੍ਰਾਪਤ ਹੋਇਆ। ਸਮੇਂ ਨਾਲ ਲੋਕਾਂ ਨੇ ਨਵੀਆਂ ਸਥਿਤੀਆਂ ਅਨੁਸਾਰ ਆਪਣੇ ਆਪ ਨੂੰ ਢਾਲ ਲਿਆ। ਉਨ੍ਹਾਂ ਖੇਤੀ ਕਰਨੀ ਅਤੇ ਮੱਛੀਆਂ ਪਾਲਣੀਆਂ ਸਿੱਖ ਲਈਆਂ। ਉਨ੍ਹਾਂ ਨੇ ਉਨ੍ਹਾਂ ਤਰੀਕਿਆਂ ਨਾਲ ਸ਼ਿਕਾਰ ਕਰਨਾ ਸਿੱਖ ਲਿਆ, ਜੋ ਉਹ ਪਹਿਲਾਂ ਕਦੇ ਨਹੀਂ ਸਨ ਕਰ ਸਕੇ।

ਲੀਨਾ ਅਤੇ ਉਸਦੇ ਸਾਥੀਆਂ ਨੂੰ ਇਸ ਨਵੀਂ ਦੁਨੀਆਂ ਦੇ ਲੋਕਾਂ ਨੇ ਆਪਣਾ ਆਗੂ ਚੁਣ ਲਿਆ। ਆਪਣੇ ਗਿਆਨ ਅਤੇ ਤਜ਼ਰਬੇ ਦੀ ਵਰਤੋਂ ਨਾਲ ਉਹ ਗ੍ਰਹਿ ਵਾਸੀਆਂ ਦੀ ਅਗੁਵਾਈ ਕਰਦੇ ਰਹੇ। ਆਪਣੇ ਪੁਲਾੜੀ ਗਿਆਨ ਤੇ ਤਜ਼ਰਬੇ ਦੀ ਬਦੌਲਤ ਉਨ੍ਹਾਂ ਨੇ ਸਥਾਨਕ ਵਾਸੀਆਂ ਲਈ, ਹੋਰ ਗ੍ਰਹਿਆਂ ਨਾਲ, ਨਵੇਂ ਭਾਈਚਾਰਕ ਅਤੇ ਵਪਾਰਕ ਸੰਬੰਧ ਸਥਾਪਿਤ ਕਰਨ ਵਿਚ ਮਦਦ ਕੀਤੀ।

ਬੇਸ਼ੱਕ ਉਨ੍ਹਾਂ ਨੇ ਇਸ ਨਵੀਂ ਦੁਨੀਆਂ ਦੀ ਆਜ਼ਾਦੀ ਅਤੇ ਭਰਪੂਰਤਾ ਦਾ ਆਨੰਦ ਮਾਣਿਆ, ਪਰ ਲੀਨਾ ਅਤੇ ਉਸਦੇ ਸਾਥੀ ਕਦੇ ਵੀ ਉਹ ਸਬਕ ਨਹੀਂ ਭੁੱਲੇ, ਜੋ ਉਨ੍ਹਾਂ ਨੇ ਅਚਲ ਗ੍ਰਹਿ ਵਿਖੇ ਸਿੱਖੇ। ਉਹ ਜਾਣਦੇ ਸਨ ਕਿ ਜ਼ਿੰਦਗੀ ਅਨਮੋਲ ਹੈ ਅਤੇ ਹਰ ਪਲ ਕੀਮਤੀ ਤੋਹਫ਼ਾ ਹੈ। ਉਹ ਹਮੇਸ਼ਾਂ ਨਿਮਰ ਅਤੇ ਸ਼ੁਕਰਗੁਜ਼ਾਰ ਰਹੇ। ਉਹ ਗ੍ਰਹਿ ਵਿਖੇ ਸਮੇਂ ਦੇ ਠਹਿਰਾਉ ਵਾਲੇ ਹਾਲਾਤਾਂ ਨੂੰ ਕਦੇ ਨਾ ਭੁੱਲੇ, ਕਿਉਂ ਜੋ ਉਨ੍ਹਾਂ ਕਾਫ਼ੀ ਲੰਬੇ ਸਮੇਂ ਤੱਕ ਅਜਿਹੇ ਹਾਲਾਤਾਂ ਵਿਚ ਜੀਵਨ ਬਸਰ ਕੀਤਾ ਸੀ।

ਜਿਵੇਂ-ਜਿਵੇਂ ਸਾਲ ਬੀਤਦੇ ਗਏ, ਅਚਲ ਗ੍ਰਹਿ ਜੀਵਨ ਅਤੇ ਸੰਭਾਵਨਾਵਾਂ ਨਾਲ ਭਰਪੂਰ, ਇੱਕ ਸੰਪੰਨ ਸੰਸਾਰ ਬਣ ਗਿਆ। ਉਹ ਲੋਕ ਕੁਦਰਤ ਦੇ ਨਾਲ ਸੁਮੇਲਤਾ ਵਾਲਾ ਜੀਵਨ ਜੀਉਂਦੇ, ਆਪਣੇ ਗ੍ਰਹਿ ਦੇ ਵਾਤਾਵਰਣ ਪ੍ਰਣਾਲੀ ਦੇ ਨਾਜ਼ੁਕ ਸੰਤੁਲਨ ਨੂੰ ਸੁਰੱਖਿਅਤ ਰੱਖਣ ਲਈ ਹਮੇਸ਼ਾਂ ਯਤਨਸ਼ੀਲ ਰਹਿੰਦੇ ਰਹੇ। ਉਨ੍ਹਾਂ ਨੇ ਸਮੇਂ ਦੇ ਪ੍ਰਵਾਹ ਨਾਲ ਵਾਪਰ ਰਹੇ ਜੀਵਨ ਦੀ ਪੈਦਾਇਸ਼ ਅਤੇ ਮੌਤ ਦੇ ਵਰਤਾਰਿਆਂ ਨੂੰ ਸਮਝਦੇ ਹੋਏ ਹਰ ਹਾਲਤ ਵਿਚ ਖ਼ੁਸ਼ ਰਹਿਣਾ ਸਿੱਖ ਲਿਆ ਅਤੇ ਵੰਨ-ਸੁਵੰਨੀਆਂ ਖ਼ੁਸ਼ੀਆਂ ਦਾ ਅਧਾਰ ਸਮੇਂ ਦੀ ਕਦਰ ਕਰਨਾ ਉਨ੍ਹਾਂ ਦੇ ਜੀਵਨ ਚਲਣ ਦਾ ਅੰਗ ਬਣ ਗਿਆ।

# ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਨਿਸ਼ਾਨੀ "ਗੰਗਾ ਸਾਗਰ" ਦੀ ਸੰਭਾਲ਼ ਕਰ ਰਹੇ ਰਾਏ ਪਰਿਵਾਰ ਬਾਰੇ ਕੁੱਝ ਅਹਿਮ ਤੱਥ

## ਰਾਏ ਪਰਿਵਾਰ ਦੀ 9ਵੀਂ ਪੀੜ੍ਹੀ ਦੇ ਰਾਏ ਅਜ਼ੀਜ਼ ਉਲਾ ਖਾਨ ਨਾਲ਼ ਵਿਸ਼ੇਸ਼ ਮੁਲਾਕਾਤ

-ਗੁਰਪ੍ਰੀਤ ਸਿੰਘ ਤਲਵੰਡੀ
ਸਰੀ (ਕੈਨੇਡਾ)
778-980-9196
(Punjab Mail USA)



ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ ਛੱਡਣ ਤੋਂ ਬਾਅਦ ਸਰਸਾ ਨਦੀ ਵਿਚ ਆਏ ਹੜ੍ਹ ਦੌਰਾਨ ਪਰਿਵਾਰ ਵਿੱਛੜ ਗਿਆ। ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਸਮੇਤ ਮਾਤਾ ਗੁਜ਼ਰੀ ਜੀ ਨੂੰ ਸਰਹੰਦ ਦੇ ਸੂਬੇਦਾਰ ਵਜ਼ੀਰ ਖਾਨ ਦੁਆਰਾ ਸ਼ਹੀਦ ਕਰ ਦਿੱਤਾ ਗਿਆ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ਼ ਚਮਕੌਰ ਦੀ ਗੜ੍ਹੀ ਵਿਚ ਪਹੁੰਚੇ। ਉੱਥੇ ਮੁਗਲਾਂ ਨਾਲ਼ ਹੋਈ ਭਿਆਨਕ ਜੰਗ ਦੌਰਾਨ ਦੋਵੇਂ ਵੱਡੇ ਸਾਹਿਬਜ਼ਾਦੇ ਸ਼ਹਾਦਤ ਦਾ ਜਾਮ ਪੀ ਗਏ। ਉਸ ਤੋਂ ਬਾਅਦ ਗੁਰੂ ਜੀ ਮਾਛੀਵਾੜਾ ਸਮੇਤ ਹੋਰਨਾਂ ਪਿੰਡਾਂ ਵਿਚਦੀ ਹੁੰਦੇ ਹੋਏ ਰਾਏਕੋਟ ਦੀ ਧਰਤੀ 'ਤੇ ਪਹੁੰਚੇ, ਜਿੱਥੇ ਉਨ੍ਹਾਂ ਦੀ ਮੁਲਾਕਾਤ ਰਾਏਕੋਟ ਰਿਆਸਤ ਦੇ ਮਾਲਕ ਰਾਇ ਕੱਲ੍ਹਾ ਨਾਲ਼ ਹੋਈ। ਇੱਥੋਂ ਹੀ ਗੁਰੂ ਜੀ ਨੇ ਰਾਇ ਕੱਲ੍ਹਾ ਦੇ ਘਰੇਲੂ ਨੌਕਰ ਨੂਰਾ ਮਾਹੀ ਨੂੰ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜ਼ਰੀ ਜੀ ਦਾ ਪਤਾ ਲੈਣ ਲਈ ਸਰਹੰਦ ਵੱਲ ਤੋਰਿਆ। ਇੱਥੇ ਹੀ ਗੁਰੂ ਜੀ ਨੂੰ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜ਼ਰੀ ਜੀ ਦੀ ਸ਼ਹਾਦਤ ਬਾਰੇ ਪਤਾ ਲੱਗਾ। ਰਾਏ ਕੱਲ੍ਹਾ ਦੇ ਸਮੁੱਚੇ ਪਰਿਵਾਰ ਵਲੋਂ ਗੁਰੂ ਸਾਹਿਬ ਦੀ ਕੀਤੀ ਗਈ ਸੇਵਾ ਤੋਂ ਖੁਸ਼ ਹੋ ਕੇ ਗੁਰੂ ਜੀ ਨੇ ਉਕਤ ਪਰਿਵਾਰ ਨੂੰ ਆਪਣੀ ਅਮਾਨਤ 'ਗੰਗਾ ਸਾਗਰ' ਭੇਂਟ ਕੀਤਾ। ਇਸ ਪਵਿੱਤਰ ਗੰਗਾ ਸਾਗਰ ਨੂੰ ਉਕਤ ਰਾਏ ਪਰਿਵਾਰ ਦੀ 9ਵੀਂ ਪੀੜ੍ਹੀ ਦੇ ਵਾਰਿਸ ਰਾਏ ਅਜ਼ੀਜ਼ ਉਲਾ ਖਾਨ ਸੰਭਾਲ਼ ਰਹੇ ਹਨ, ਜੋ ਖੁਦ ਇਸ ਸਮੇਂ ਕੈਨੇਡਾ ਦੇ ਰਾਜ ਬ੍ਰਿਟਿਸ਼ ਕੋਲੰਬੀਆ ਦੇ ਪੰਜਾਬੀਆਂ ਦੇ ਸੰਘਣੀ ਵਸੋਂ ਵਾਲ਼ੇ ਸ਼ਹਿਰ ਸਰੀ ਵਿਚ ਰਹਿ ਰਹੇ ਹਨ। ਉਨ੍ਹਾਂ ਨਾਲ ਹੋਈ ਇੱਕ ਵਿਸ਼ੇਸ਼ ਮੁਲਾਕਾਤ ਦੌਰਾਨ ਕਈ ਅਹਿਮ ਤੱਥ ਸਾਹਮਣੇ ਆਏ, ਜੋ ਸ਼ਾਇਦ ਅੱਜ ਤੱਕ ਗੁੱਝੇ ਹੀ ਰਹੇ ਹਨ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਰਾਏ ਅਜ਼ੀਜ਼ ਉਲਾ ਖਾਨ ਖੁਦ ਪਾਕਿਸਤਾਨ ਦੀ ਪਾਰਲੀਮੈਂਟ ਦੇ ਮੈਂਬਰ ਰਹਿ ਚੁੱਕੇ ਹਨ।

ਉਨ੍ਹਾਂ ਅਨੁਸਾਰ ਸੰਨ੍ਹ 1705 ਵਿਚ ਗੁਰੂ ਗੋਬਿੰਦ ਸਿੰਘ ਜੀ ਜਦ ਰਾਏਕੋਟ ਪੁੱਜੇ, ਤਾਂ ਰਾਏ ਪਰਿਵਾਰ ਨੇ ਉਨ੍ਹਾਂ ਦੀ ਬਹੁਤ ਹੀ ਜ਼ਿਆਦਾ ਸੇਵਾ ਕੀਤੀ। ਇਹ ਉਹ ਸਮਾਂ ਸੀ, ਜਦ ਗੁਰੂ ਜੀ 'ਤੇ ਆਏ ਔਕੜਾਂ ਭਰੇ ਸਮੇਂ ਦੌਰਾਨ ਮੁਗਲ ਸਲਤਨਤ ਨਾਲ਼ ਵੈਰ ਸਹੇੜਨ ਤੋਂ ਡਰਦੇ ਬਹੁਤੇ ਗੁਰੂ ਘਰ ਦੇ ਸ਼ਰਧਾਲੂ ਵੀ ਅੱਖਾਂ ਫੇਰ ਗਏ ਸਨ। ਉਸ ਵਕਤ ਗੁਰੂ ਜੀ ਦੀ ਕੀਤੀ ਸੇਵਾ ਬਦਲੇ ਸਲਤਨਤ ਤੋਂ ਕੇਵਲ ਮੌਤ ਹੀ ਮਿਲ਼ ਸਕਦੀ ਸੀ। ਇਸ ਔਕੜਾਂ ਭਰੇ ਸਮੇਂ ਦੌਰਾਨ ਰਾਏ ਪਰਿਵਾਰ ਦੀ ਸੇਵਾ ਤੋਂ ਖੁਸ਼ ਹੋ ਕੇ ਗੁਰੂ ਜੀ ਨੇ ਰਾਏ ਕੱਲ੍ਹਾ ਨੂੰ ਪਵਿੱਤਰ ਗੰਗਾ ਸਾਗਰ, ਇੱਕ ਲੱਕੜ ਦੀ ਰੇਲ (ਜਿਸ ਉੱਪਰ ਰੱਖ ਕੇ ਪਵਿੱਤਰ ਪੋਥੀਆਂ ਤੋਂ ਪਾਠ ਕੀਤਾ ਜਾਂਦਾ ਹੈ) ਅਤੇ ਇੱਕ ਛੋਟੀ ਸਿਰੀ ਸਾਹਿਬ ਭੇਂਟ ਕਰ ਗਏ ਸਨ। ਲੱਕੜ ਦੀ ਰੇਲ ਨੂੰ ਘੁਣ ਲੱਗ ਗਿਆ ਅਤੇ ਸਿਰੀ ਸਾਹਿਬ (ਕਿਰਪਾਨ) ਨੂੰ ਸੰਨ੍ਹ 1854 ਵਿਚ ਅੰਗਰੇਜ਼ੀ ਸਾਮਰਾਜ ਦੁਆਰਾ ਆਪਣੇ ਕਬਜ਼ੇ ਵਿਚ ਲੈ ਕੇ ਇੰਗਲੈਂਡ ਲਿਜਾਇਆ ਗਿਆ, ਜੋ ਸ਼ਾਇਦ ਕਿਧਰੇ ਲੰਡਨ ਦੇ ਕਿਸੇ ਅਜਾਇਬਘਰ ਵਿਚ ਹੀ ਹੋਵੇਗੀ। ਕਈ ਜਗ੍ਹਾ ਇਹ ਵੀ ਸੁਣਨ ਨੂੰ ਮਿਲਦਾ ਹੈ ਕਿ ਛੋਟੀ ਕਿਰਪਾਨ ਹੁਣ ਨਿਊਜ਼ੀਲੈਂਡ ਦੇ ਕਿਸੇ ਮਿਊਜ਼ੀਅਮ ਵਿਚ ਹੈ। ਬੱਸ ਹੁਣ ਪਰਿਵਾਰ ਪਾਸ ਕੇਵਲ ਪਵਿੱਤਰ ਗੰਗਾ ਸਾਗਰ ਹੀ ਹੈ, ਜੋ ਗੁਰੂ ਸਾਹਿਬ ਦੀ ਨਿੱਤ ਵਰਤੋਂ ਵਿਚ ਰਿਹਾ ਹੋਣ ਕਰਕੇ ਪਰਿਵਾਰ ਇਸ ਪਵਿੱਤਰ ਨਿਸ਼ਾਨੀ ਨੂੰ ਆਪਣੀ ਜਾਨ ਤੋਂ ਵੀ ਜ਼ਿਆਦਾ ਅਹਿਮ ਮੰਨਦਾ ਹੈ।

ਰਾਏ ਅਜ਼ੀਜ਼ ਉਲਾ ਅਨੁਸਾਰ ਉਨ੍ਹਾਂ ਨੇ ਬਜ਼ੁਰਗ ਰਾਏ ਅਹਿਮਦ ਨੇ ਸੰਨ੍ਹ 1648 ਈ: ਨੂੰ ਰਾਏਕੋਟ ਦੀ ਸਥਾਪਨਾ ਕੀਤੀ ਸੀ। ਰਾਏਕੋਟ ਰਿਆਸਤ ਕੁੱਲ 1360 ਪਿੰਡਾਂ ਦੀ ਰਿਆਸਤ ਸੀ, ਜਗਰਾਉਂ, ਹਲਵਾਰਾ, ਆਂਡਲੂ, ਹਠੂਰ ਸਮੇਤ ਕਈ ਵੱਡੇ ਪਿੰਡ ਵੀ ਇਸ ਵਿਚ ਸ਼ਾਮਲ ਸਨ। ਇਸ ਤੋਂ ਪਹਿਲਾਂ ਪਿੰਡ ਤਲਵੰਡੀ ਰਾਏ ਉਕਤ ਰਾਏ ਪਰਿਵਾਰ ਦਾ ਮੁੱਖ ਕੇਂਦਰ ਸੀ। ਤਲਵੰਡੀ ਰਾਏ ਨੂੰ ਰਾਏ ਕੱਲਾ ਅੱਵਲ ਨੇ ਸੰਨ੍ਹ 1478 ਵਿਚ ਆਬਾਦ ਕੀਤਾ ਸੀ। ਜਦਕਿ ਹਲਵਾਰਾ, ਆਂਡਲੂ ਅਤੇ ਹਠੂਰ ਰਾਏ ਤੁਲਦੀ ਦਾਸ ਨੇ ਸੰਨ੍ਹ 1323 ਵਿਚ ਮੁਗਲਾਂ ਦੇ ਭਾਰਤ ਆਉਣ ਤੋਂ ਵੀ 200 ਸਾਲ ਪਹਿਲਾਂ ਅਬਾਦ ਕੀਤੇ ਸਨ। ਰਾਏ ਕੱਲ੍ਹਾ ਦੇ ਪਿਤਾ ਰਾਏ ਕਮਾਲੂਦੀਨ ਨੇ ਸੰਨ੍ਹ 1680 ਈ: ਵਿਚ ਜਗਰਾਉਂ ਵਸਾਇਆ।

ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਕਰਨ ਵਾਲ਼ੇ ਰਾਏ ਕੱਲ੍ਹਾ ਤੀਜੇ ਸਨ, ਜਿਨ੍ਹਾਂ ਨੂੰ ਇਹ ਸੁਭਾਗ ਪ੍ਰਾਪਤ ਹੋਇਆ। ਦੇਸ਼ ਦੀ ਵੰਡ ਦੌਰਾਨ ਰਾਏ ਅਜ਼ੀਜ਼ ਉਲਾ ਖਾਨ ਦੇ ਦਾਦਾ ਰਾਏ ਅਨਾਇਤ ਉਲਾ ਖਾਨ ਪਾਕਿਸਤਾਨ ਚਲੇ ਗਏ। ਇਹ ਵੀ ਪਤਾ ਚੱਲਦਾ ਹੈ ਕਿ ਦੇਸ਼ ਦੀ ਵੰਡ ਹੋਣ ਦੌਰਾਨ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦਾ ਭਾਵੇਂ ਸਭ ਕੁੱਝ ਇੱਥੇ ਰਹਿ ਜਾਵੇ, ਪ੍ਰੰਤੂ ਪਵਿੱਤਰ ਗੰਗਾ ਸਾਗਰ ਨੂੰ ਉਹ ਆਪਣੇ ਨਾਲ਼ ਹੀ ਲੈ ਕੇ ਜਾਣਗੇ। ਰਾਏ ਅਨਾਇਤ ਉਲਾ ਖਾਨ ਅੰਗਰੇਜ਼ੀ ਸਾਮਰਾਜ ਦੌਰਾਨ ਆਨਰੇਰੀ ਮੈਜਿਸਟ੍ਰੇਟ ਨਿਯੁਕਤ ਸਨ, ਜਿਨ੍ਹਾਂ ਨੂੰ ਆਪਣੀ ਰਿਆਸਤ ਵਿਚ ਕਿਸੇ ਵੀ ਵਿਅਕਤੀ ਨੂੰ ਮੌਤ ਦੀ ਸਜ਼ਾ ਦੇਣ ਵਰਗਾ ਹੱਕ ਹਾਸਲ ਸੀ। ਉਹ ਦੇਸ਼ ਦੀ ਵੰਡ ਤੱਕ ਪਿੰਡ ਤਲਵੰਡੀ ਰਾਏ ਆਪਣੀ ਹਵੇਲੀ ਵਿਚ ਗੰਗਾ ਸਾਗਰ ਦੇ ਸੰਗਤਾਂ ਨੂੰ ਦਰਸ਼ਨ ਕਰਵਾਉਂਦੇ ਰਹੇ। ਉਨ੍ਹਾਂ ਦੀ ਮੌਤ ਸੰਨ੍ਹ 1953 ਵਿਚ ਹੋਣ ਤੋਂ ਬਾਅਦ ਗੰਗਾ ਸਾਗਰ ਦੀ ਸੇਵਾ ਸੰਭਾਲ਼ ਰਾਏ ਫਕੀਰ ਉਲਾ ਦੇ ਹਿੱਸੇ ਆ ਗਈ। ਪਾਕਿਸਤਾਨ ਦੇ ਮਿੰਟਗੁਮਰੀ ਜ਼ਿਲ੍ਹੇ ਵਿਚ ਉਨ੍ਹਾਂ ਨੇ ਦਾਦਾ ਜੀ ਕੋਲ਼ 250 ਏਕੜ (10 ਮੁਰੱਬੇ) ਜ਼ਮੀਨ ਸੀ।

ਰਾਏ ਅਜ਼ੀਜ਼ ਉਲਾ ਅਨੁਸਾਰ ਜਦ ਮੇਰੇ ਦਾਦਾ ਜੀ ਰਾਏ ਅਨਾਇਤ ਉਲਾ ਦੀ ਮੌਤ ਹੋਈ, ਤਾਂ ਮੈਂ ਕੇਵਲ ਡੇਢ ਸਾਲ ਦਾ ਸੀ। ਉਸ ਤੋਂ ਬਾਅਦ ਉਹ ਭਾਵੁਕ ਹੋ ਕੇ ਦੱਸਦੇ ਹਨ ਕਿ ਜਦ ਮੈਂ ਸਿਰਫ ਚਾਰ ਸਾਲ ਦਾ ਹੋਇਆ, ਤਾਂ ਮੇਰੇ ਮਾਤਾ ਜੀ ਵੀ ਚਲਾਣਾ ਕਰ ਗਏ। ਇਸ ਤੋਂ ਅੱਗੇ ਸਮੇਂ ਨੇ ਹੋਰ ਆਪਣਾਂ ਰੰਗ ਦਿਖਾਇਆ, ਜਦ ਮੈਂ ਛੇ ਸਾਲ ਦਾ ਹੋਇਆ ਤਾਂ ਮੇਰੇ ਪਿਤਾ ਜੀ ਰਾਏ ਫਕੀਰ ਉਲਾ ਵੀ ਗੁਜ਼ਰ ਗਏ। ਇਸ ਤੋਂ ਬਾਅਦ ਪਵਿੱਤਰ ਗੰਗਾ ਸਾਗਰ ਦੀ ਸੇਵਾ ਸੰਭਾਲ਼ ਮੇਰੇ ਬਜ਼ੁਰਗ ਦਾਦੀ ਜੀ ਦੇ ਹਿੱਸੇ ਆਈ। ਉਨ੍ਹਾਂ ਦੱਸਿਆ ਕਿ ਮੇਰੀ ਪਰਵਰਿਸ਼ ਵੀ ਮੇਰੀ ਬਜ਼ੁਰਗ ਦਾਦੀ ਨੇ ਬੜੀ ਹੀ ਔਖੀ ਹੋ ਕੇ ਕੀਤੀ।

ਬਜ਼ੁਰਗ ਦਾਦੀ ਨੇ ਆਪਣੀ ਅਗਲੀ ਪੀੜ੍ਹੀ ਦੇ ਵਾਰਿਸ ਰਾਏ ਅਜ਼ੀਜ਼ ਉਲਾ ਖਾਨ ਨੂੰ ਪਵਿੱਤਰ ਗੰਗਾ ਸਾਗਰ ਦੀ ਇਤਿਹਾਸਕ ਮਹੱਤਤਾ ਅਤੇ ਇਸਦੇ ਰੱਖ-ਰਖਾਅ ਸਮੇਤ ਹਰ ਤਰ੍ਹਾਂ ਦੀ ਸਾਂਭ-ਸੰਭਾਲ਼ ਲਈ ਹਰ ਤਰ੍ਹਾਂ ਤਿਆਰ ਕੀਤਾ। ਉਨ੍ਹਾਂ ਦੇ ਦਿਹਾਂਤ ਤੋਂ ਬਾਅਦ ਗੰਗਾ ਸਾਗਰ ਦੀ ਸਾਂਭ-ਸੰਭਾਲ਼ ਦੀ ਜ਼ਿੰਮੇਵਾਰੀ ਰਾਏ ਅਜ਼ੀਜ਼ ਉਲਾ ਨੂੰ ਸੰਭਾਲਣੀ ਪਈ।

ਗੰਗਾ ਸਾਗਰ ਦੀ ਬਣਤਰ ਬਾਰੇ ਉਹ ਦੱਸਦੇ ਹਨ ਕਿ ਇਹ ਤਾਂਬਾ ਅਤੇ ਪਿੱਤਲ਼ ਤੋਂ ਬਣਿਆ ਹੋਇਆ ਹੈ। ਇਸ ਵਿਚ ਇੱਕ ਲੀਟਰ ਦੁੱਧ ਹੀ ਪੈ ਸਕਦਾ ਹੈ। ਇਸ ਵਿਚ ਉੱਪਰ, ਹੇਠਾਂ ਕੁੱਲ 288 ਛੇਕ ਹਨ। ਇਹ ਇਸਦੀ ਵੱਖਰੀ ਮੁਹਾਰਤ ਹੀ ਕਹੀ ਜਾ ਸਕਦੀ ਹੈ ਕਿ ਇਸ ਵਿਚ ਰੇਤ ਪਾ ਦਿੱਤਾ ਜਾਵੇ, ਤਾਂ ਉਹ ਛੇਕਾਂ ਰਾਹੀਂ ਹੇਠਾਂ ਕਿਰ ਜਾਂਦਾ ਹੈ, ਜਦਕਿ ਦੁੱਧ ਹੇਠਾਂ ਨਹੀਂ ਡੁੱਲਦਾ। ਇਤਿਹਾਸਕ ਸਰੋਤ ਇਹ ਵੀ ਦੱਸਦੇ ਹਨ ਕਿ ਜਦ ਗੁਰੂ ਸਾਹਿਬ ਉੱਚ ਦਾ ਪੀਰ ਬਣਕੇ ਮਾਛੀਵਾੜਾ ਤੋਂ ਨਿਕਲ਼ੇ ਤਾਂ ਗੰਗਾ ਸਾਗਰ ਉਨ੍ਹਾਂ ਦੇ ਕੋਲ਼ ਸੀ। ਇਸ ਨੂੰ ਕਿਸਨੇ ਬਣਾਇਆ ਅਤੇ ਕਿਸਨੇ ਕਿਸ ਵੇਲ਼ੇ ਗੁਰੂ ਜੀ ਨੂੰ ਭੇਂਟ ਕੀਤਾ, ਇਸ ਬਾਰੇ ਕੁੱਝ ਵੀ ਪਤਾ ਨਹੀਂ। ਪਰਿਵਾਰ ਦਾ ਇਹ ਵੀ ਮੰਨਣਾਂ ਹੈ ਕਿ ਇਹ ਗੰਗਾ ਸਾਗਰ ਉਨ੍ਹਾਂ ਲਈ ਇਸ ਲਈ ਵੀ ਮਹੱਤਵਪੂਰਨ ਹੈ ਕਿ ਇਹ ਗੁਰੂ ਜੀ ਦੀ ਨਿੱਜੀ ਵਰਤੋਂ ਵਿਚ ਰਿਹਾ ਹੈ।

ਗੰਗਾ ਸਾਗਰ ਦੇ ਦਰਸ਼ਨ ਕਰਵਾਉਣ ਨੂੰ ਲੈ ਕੇ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਰਾਏ ਅਜ਼ੀਜ਼ ਉਲਾ ਦੱਸਦੇ ਹਨ ਕਿ ਦੇਸ਼ ਦੀ ਵੰਡ ਤੋਂ ਬਾਅਦ ਸਿੱਖਾਂ ਨੂੰ ਰਾਏ ਪਰਿਵਾਰ ਬਾਰੇ ਕੁੱਝ ਵੀ ਪਤਾ ਨਹੀਂ ਸੀ ਕਿ ਪਰਿਵਾਰ ਕਿੱਥੇ ਹਨ, ਕੋਈ ਮੈਂਬਰ ਬਚਿਆ ਵੀ ਹੈ ਜਾਂ ਨਹੀਂ। ਉਨ੍ਹਾਂ ਪਹਿਲੀ ਵਾਰ ਸੰਨ੍ਹ 1993 ਵਿਚ ਲੰਦਨ (ਇੰਗਲੈਂਡ) ਵਿਚ ਪਵਿੱਤਰ ਗੰਗਾ ਸਾਗਰ ਦੇ ਦਰਸ਼ਨ ਕਰਵਾਉਣ ਦਾ ਐਲਾਨ ਕੀਤਾ। ਉਸ ਤੋਂ 1994 ਵਿਚ ਪਹਿਲੀ ਵਾਰ ਸਿੱਖ ਸੰਗਤਾਂ ਪੂਰੇ 47 ਸਾਲ ਬਾਅਦ ਦਰਸ਼ਨ ਕਰ ਸਕੀਆਂ। ਫਿਰ ਸੰਨ੍ਹ 2004 ਵਿਚ ਸਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬ ਦੀ 300 ਸਾਲਾ ਸ਼ਤਾਬਦੀ ਮੌਕੇ ਭਾਰਤ ਵਿਚ ਦਰਸ਼ਨ ਕਰਵਾਏ। ਸੰਗਤਾਂ ਦਾ ਉਤਸ਼ਾਹ ਦੇਖਣਯੋਗ ਸੀ। ਉਸ ਵੇਲੇ ਦੇ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ਼ ਹੋਈ ਮੁਲਾਕਾਤ ਨੂੰ ਵੀ ਉਹ ਚੇਤੇ ਕਰਦੇ ਹਨ। ਹੁਣ ਰਾਏ ਪਰਿਵਾਰ ਕੈਨੇਡਾ ਵਿਚ ਪੱਕੇ ਤੌਰ 'ਤੇ ਰਹਿ ਰਿਹਾ ਹੈ ਅਤੇ ਇੱਥੇ ਵੀ ਸੰਗਤਾਂ ਨੂੰ ਪਵਿੱਤਰ ਗੰਗਾ ਸਾਗਰ ਦੇ ਦਰਸ਼ਨ ਕਰਵਾਏ ਜਾਂਦੇ ਹਨ। ਉਨ੍ਹਾਂ ਅਨੁਸਾਰ ਗੁਰੂ ਸਾਹਿਬ ਦੀ ਪਵਿੱਤਰ ਨਿਸ਼ਾਨੀ ਗੰਗਾ ਸਾਗਰ ਦੀ ਬਦੌਲਤ ਹੀ ਉਨ੍ਹਾਂ ਨੂੰ ਸਿੱਖ ਸਮਾਜ ਵਲੋਂ ਵੱਡਾ ਸਤਿਕਾਰ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੇ ਨਾਲ਼ ਉਨ੍ਹਾਂ ਦਾ ਇਕਲੌਤਾ ਸਪੁੱਤਰ ਰਾਏ ਮੁਹੰਮਲ ਅਲੀ ਵੀ ਸੰਗਤਾਂ ਨਾਲ਼ ਮੇਲਜੋਲ ਲਈ ਅੱਗੇ ਆ ਰਿਹਾ ਹੈ।

# ਘਿਰਣਾ ਪਿਆਰ ਨਾਲ ਹੀ ਖਤਮ ਕੀਤੀ ਜਾ ਸਕਦੀ ਹੈ

-ਹਰਕੀਰਤ ਕੌਰ
97791-18066
(Punjab Mail USA)



ਘਿਰਣਾ ਤੋਂ ਭਾਵ ਨਫ਼ਰਤ, ਕਿਸੇ ਨਾਲ ਦਿਲੋਂ ਈਰਖਾ ਕਰਨਾ, ਦਵੇਸ਼ ਰੱਖਣਾ, ਮਾੜਾ ਚਿਤਵਨਾ ਅਤੇ ਕਿਸੇ ਨੂੰ ਅੱਗੇ ਵੱਧਦੇ ਵੇਖ ਦੁਖੀ ਹੋਣਾ ਘਿਰਣਾ ਦੀਆਂ ਨਿਸ਼ਾਨੀਆਂ ਹਨ। ਮਨੁੱਖ ਜ਼ਿਆਦਾਤਰ ਉਨ੍ਹਾਂ ਲੋਕਾਂ ਨੂੰ ਪਸੰਦ ਕਰਦਾ ਹੈ, ਜੋ ਉਸਦੀਆਂ ਆਸਾਂ 'ਤੇ ਪੂਰਾ ਉੱਤਰਦੇ ਹਨ, ਉਸਦੇ ਹਰ ਵਿਚਾਰ ਨਾਲ ਸਹਿਮਤੀ ਜਤਾਉਂਦੇ ਹਨ। ਜਿਹੜੇ ਇਨਸਾਨ ਮਨੁੱਖ ਦੇ ਵਿਚਾਰਾਂ ਨਾਲ ਮੇਲ ਨਹੀਂ ਖਾਂਦੇ, ਅਕਸਰ ਉਹ ਇੱਕ ਦੂਸਰੇ ਦੀ ਘਿਰਣਾ ਦੇ ਪਾਤਰ ਬਣ ਜਾਂਦੇ ਹਨ। ਕਿਉਂਕਿ ਇਹ ਮਨੁੱਖੀ ਸੁਭਾਅ ਦਾ ਗੁਣ ਹੈ ਕਿ ਇਹ ਆਪਣੇ ਆਪ ਨੂੰ ਸਰਵਉੱਚ ਅਤੇ ਹਰ ਜਗ੍ਹਾ ਸਹੀ ਸਮਝਦਾ ਹੈ।

ਮਨੋਵਿਗਿਆਨਕ ਸਿਧਾਂਤ ਹੈ ਕਿ ਇਸ ਕੁਦਰਤ ਵਿਚ ਤੁਸੀਂ ਜਿਵੇਂ ਦਾ ਕਿਸੇ ਬਾਰੇ ਸੋਚੋਗੇ, ਉਹ ਵੀ ਤੁਹਾਡੇ ਬਾਰੇ ਉਸੇ ਤਰ੍ਹਾਂ ਦੇ ਵਿਚਾਰ ਹੀ ਰੱਖੇਗਾ। ਜੇਕਰ ਤੁਸੀਂ ਕਿਸੇ ਨੂੰ ਪਿਆਰ ਨਾਲ ਯਾਦ ਕਰ ਰਹੇ ਹੋ, ਤਾਂ ਅਗਲਾ ਮਨੁੱਖ ਵੀ ਤੁਹਾਨੂੰ ਯਾਦ ਕਰ ਰਿਹਾ ਹੁੰਦਾ, ਇਸ ਦੀ ਇੱਕ ਬਹੁਤ ਹੀ ਆਮ ਜਿਹੀ ਉਦਹਾਰਣ ਹੈ ਕਿ ਅਕਸਰ ਕਿਸੇ ਕਰੀਬੀ ਨੂੰ ਯਾਦ ਕਰਦਿਆਂ, ਉਸ ਦਾ ਅਚਾਨਕ ਫੋਨ ਆ ਜਾਣਾ, ਜਾਂ ਉਸਦਾ ਤੁਹਾਡੇ ਸਾਹਮਣੇ ਆ ਜਾਣਾ ਇਸੇ ਵਰਤਾਰੇ ਦਾ ਨਤੀਜਾ ਹੈ ਕਿ ਉਹ ਮਨੁੱਖ ਵੀ ਤੁਹਾਨੂੰ ਯਾਦ ਕਰ ਰਿਹਾ ਹੁੰਦਾ ਹੈ। ਇਸੇ ਤਰ੍ਹਾਂ ਜੇਕਰ ਅਸੀਂ ਕਿਸੇ ਬਾਰੇ ਚੰਗਾ ਸੋਚਦੇ ਹਾਂ, ਤਾਂ ਉਹ ਵੀ ਸਾਡੇ ਬਾਰੇ ਚੰਗਾ ਸੋਚਦਾ ਹੈ, ਪਰੰਤੂ ਜੇਕਰ ਸਾਡੇ ਦਿਲ ਵਿਚ ਕਿਸੇ ਪ੍ਰਤੀ ਨਫ਼ਰਤ ਘਰ ਕਰੀ ਬੈਠੀ ਹੈ, ਤਾਂ ਯਕੀਨਨ ਉਹ ਵੀ ਤੁਹਾਨੂੰ ਘਿਰਣਾ ਹੀ ਕਰਦਾ ਹੋਵੇਗਾ।

ਜਦੋਂ ਕੋਈ ਕਿਸੇ ਦੀ ਘਿਰਣਾ ਦਾ ਸ਼ਿਕਾਰ ਹੁੰਦਾ ਹੈ, ਤਾਂ ਇਸਦੇ ਕਈ ਕਾਰਣ ਹੋ ਸਕਦੇ ਹਨ, ਜਿਵੇ ਕਿ ਵਿਚਾਰਾਂ ਦਾ ਨਾ ਮਿਲਣਾ, ਬਦਲਾਖੋਰੀ, ਕਿਸੇ ਦੇ ਅੱਗੇ ਵੱਧਣਾ ਆਦਿ। ਅਕਸਰ ਪਰਿਵਾਰਾਂ ਵਿਚ, ਦਫਤਰਾਂ ਵਿਚ, ਸਮਾਜ ਵਿਚ ਜਦੋਂ ਮਨੁੱਖਾਂ ਦੇ ਇੱਕ ਦੂਸਰੇ ਨਾਲ ਵਿਚਾਰ ਨਹੀਂ ਮਿਲਦੇ, ਤਾਂ ਉਹ ਆਪਣੇ ਆਪ ਨੂੰ ਸਹੀ ਸਾਬਿਤ ਕਰਨ ਲਈ ਦੂਸਰੇ ਨੂੰ ਨਿੰਦਣਾ ਸ਼ੁਰੂ ਕਰ ਦਿੰਦੇ ਹਨ, ਇਥੋਂ ਸ਼ੁਰੂ ਹੋਇਆ ਇਹ ਸਿਲਸਿਲਾ ਅੰਤ ਨਫ਼ਰਤ ਵਿਚ ਬਦਲ ਜਾਂਦਾ ਹੈ।

ਇਸ ਦੁਨੀਆਂ ਵਿਚ ਜਿੰਨੀਆਂ ਵੀ ਪ੍ਰਕਿਰਤੀਆਂ ਹਨ, ਹਰ ਕੋਈ ਇੱਕ ਦੂਸਰੇ ਤੋਂ ਵੱਖਰਾ ਹੈ। ਮਨੁੱਖੀ ਸ਼ਕਲਾਂ ਵੱਖਰੀਆਂ ਹਨ, ਮਨੁੱਖੀ ਸੁਭਾਅ ਵੱਖਰੇ ਹਨ, ਮਨੁੱਖ ਦੀ ਪਸੰਦ ਨਾਪਸੰਦ ਵੱਖਰੀ ਹੈ ਅਤੇ ਵਿਚਾਰ ਵੱਖਰੇ-ਵੱਖਰੇ ਹਨ। ਵਿਚਾਰਾਂ ਵਿਚ ਇਕਸਾਰਤਾ ਨਾ ਹੋਣ ਦਾ ਅਰਥ ਇਹ ਨਹੀਂ ਕਿ ਅਸੀਂ ਇੱਕ ਦੂਸਰੇ ਨੂੰ ਨਫ਼ਰਤ ਕਰਨਾ ਸ਼ੁਰੂ ਕਰ ਦੇਈਏ। ਹਰ ਮਨੁੱਖ ਦੇ ਵਿਚਾਰ, ਸੋਚ ਅਲੱਗ ਹੈ। ਕਿੰਨਾਂ ਵਧੀਆ ਹੋਵੇ, ਜੇਕਰ ਅਸੀਂ ਇੱਕ ਦੂਸਰੇ ਦੇ ਵਿਚਾਰਾਂ ਦਾ ਨਿਰਾਦਰ ਕਰਨ ਦੀ ਬਜਾਇ ਉਨ੍ਹਾਂ ਦਾ ਸਤਿਕਾਰ ਕਰਨ ਲੱਗ ਜਾਈਏ। ਕਿੰਨਾ ਵਧੀਆ ਹੋਵੇ, ਜੇਕਰ ਅਸੀਂ ਆਪਣੀ ਸਰਵਉੱਚਤਾ ਨੂੰ ਸਾਬਿਤ ਕਰਨ ਲਈ ਕਿਸੇ ਨੂੰ ਨੀਵਾਂ ਦਿਖਾਉਣਾ ਬੰਦ ਕਰ ਦੇਈਏ।

ਜ਼ਰੂਰੀ ਨਹੀਂ ਹੁੰਦਾ ਕਿ ਤੁਸੀਂ ਹਰ ਇੱਕ ਦੇ ਵਿਚਾਰਾਂ ਨਾਲ ਸਹਿਮਤ ਹੋਵੋ ਅਤੇ ਹਰ ਕੋਈ ਤੁਹਾਡੇ ਵਿਚਾਰਾਂ ਨਾਲ ਸਹਿਮਤ ਹੋਵੇ, ਬਲਕਿ ਜ਼ਰੂਰੀ ਇਹ ਹੈ ਕਿ ਤੁਸੀਂ ਆਪਣੇ ਵਿਚਾਰਾਂ ਦੇ ਨਾਲ-ਨਾਲ ਦੂਸਰੇ ਦੇ ਪੱਖ ਨੂੰ ਵੀ ਸੁਣੋ। ਪਰਿਵਾਰਾਂ ਵਿਚ ਜਦੋਂ ਰਿਸ਼ਤੇ ਖਰਾਬ ਹੁੰਦੇ ਹਨ, ਤਾਂ ਉਨ੍ਹਾਂ ਦਾ ਮੂਲ ਕਾਰਣ ਇੱਕ ਦੂਸਰੇ ਦੇ ਵਿਚਾਰਾਂ ਦਾ ਨਿਰਾਦਰ ਕਰਨਾ ਹੈ, ਜਦੋਂ ਕਿਸੇ ਵੀ ਪਰਿਵਾਰਿਕ ਮੈਂਬਰ ਦੀ ਪੂਰੀ ਗੱਲ ਸੁਣੇ ਬਿਨਾਂ ਉਸਨੂੰ ਚੁੱਪ ਕਰਵਾ ਦਿੱਤਾ ਜਾਂਦਾ ਹੈ ਜਾਂ ਅਣਗੌਲਿਆ ਕੀਤਾ ਜਾਂਦਾ ਹੈ, ਤਾਂ ਅਜਿਹੇ ਵਿਚ ਉਸ ਵਿਅਕਤੀ ਦੇ ਦਿਲ ਵਿਚ ਪਰਿਵਾਰ ਪ੍ਰਤੀ ਪਿਆਰ ਅਤੇ ਸਤਿਕਾਰ ਘੱਟ ਜਾਂਦਾ ਹੈ, ਜਿਸਦੀ ਜਗ੍ਹਾ ਫਿਰ ਘਿਰਣਾ ਲੈ ਲੈਂਦੀ ਹੈ। ਇਸ ਸਭ ਵਰਤਾਰੇ ਦਾ ਨਤੀਜਾ ਕਲੇਸ਼, ਪਰਿਵਾਰਿਕ ਝਗੜੇ ਆਦਿ ਵਜੋਂ ਨਿਕਲਦੇ ਹਨ।

ਹੁਣ ਸਵਾਲ ਇਹ ਹੈ ਕਿ ਘਿਰਣਾ ਨੂੰ ਖਤਮ ਕਿਵੇਂ ਕੀਤਾ ਜਾ ਸਕਦਾ ਹੈ, ਇਸਦਾ ਬਹੁਤ ਹੀ ਆਸਾਨ ਜਵਾਬ ਹੈ ਪਿਆਰ। ਜੇਕਰ ਅਸੀਂ ਸੋਚੀਏ ਕਿ ਘਿਰਣਾ ਨੂੰ ਘਿਰਣਾ ਨਾਲ ਖ਼ਤਮ ਕੀਤਾ ਜਾ ਸਕਦਾ ਹੈ, ਤਾਂ ਅਸੀਂ ਗਲਤ ਹਾਂ। ਘਿਰਣਾ, ਘਿਰਣਾ ਨਾਲ ਨਹੀਂ, ਬਲਕਿ ਪਿਆਰ ਨਾਲ ਖਤਮ ਕੀਤੀ ਜਾ ਸਕਦੀ ਹੈ। ਸਾਡੇ ਮਨ, ਸੁਭਾਅ ਵਿਚ ਏਨੀ ਸ਼ਾਂਤੀ ਹੋਣੀ ਚਾਹੀਦੀ ਹੈ ਕਿ ਕਿਸੇ ਵੀ ਚੰਗੇ-ਮਾੜੇ ਵਿਵਹਾਰ ਦਾ ਸਾਡੇ ਉੱਪਰ ਕੋਈ ਅਸਰ ਨਾ ਹੋ ਸਕੇ। ਜੇਕਰ ਤੁਸੀਂ ਕਿਸੇ ਦੇ ਵਿਚਾਰਾਂ ਨਾਲ ਅਸਹਿਮਤ ਹੋ, ਤਾਂ ਤੁਸੀਂ ਉਸਨੂੰ ਜਲੀਲ ਜਾਂ ਉਸਦੀ ਨਿੰਦਿਆ ਕਰਨ ਦੀ ਬਜਾਇ ਇਹ ਕਹਿ ਸਕਦੇ ਹੋ ਕਿ ਮੈਂ ਤੁਹਾਡੇ ਵਿਚਾਰਾਂ ਦੀ ਕਦਰ ਕਰਦਾ ਹਾਂ ਪਰ ਮੇਰੇ ਵਿਚਾਰ ਕੁਝ ਅਲੱਗ ਹਨ। ਅਜਿਹੀ ਹਲੀਮੀ ਨਾਲ ਗੱਲ ਕਰਨ ਨਾਲ ਇੱਕ ਤਾਂ ਤੁਹਾਡੀ ਪ੍ਰਭਾਵਸ਼ਾਲੀ ਸ਼ਖਸੀਅਤ ਸਾਹਮਣੇ ਆਵੇਗੀ ਅਤੇ ਦੂਸਰਾ ਕੋਈ ਤੁਹਾਡੇ ਨਾਲ ਘਿਰਣਾ ਨਹੀਂ ਕਰੇਗਾ। ਦੂਸਰੇ ਪਾਸੇ ਜੇਕਰ ਕੋਈ ਤੁਹਾਡੇ ਨਾਲ ਸਹਿਮਤ ਨਹੀਂ ਹੈ, ਤਾਂ ਉਸ ਨਾਲ ਨਫ਼ਰਤ ਕਰਨ ਦੀ ਬਜਾਇ ਉਸਦਾ ਪੱਖ ਸੁਣੋ ਅਤੇ ਉਸਦੇ ਵਿਚਾਰਾਂ ਦਾ ਸਤਿਕਾਰ ਕਰੋ। ਇਸ ਤੋਂ ਇਲਾਵਾ ਕਿਸੇ ਨੂੰ ਅੱਗੇ ਵੱਧਦਾ ਵੇਖ ਕੇ ਜੇਕਰ ਤੁਹਾਡੇ ਮਨ ਵਿਚ ਉਸ ਪ੍ਰਤੀ ਘਿਰਣਾ ਪੈਦਾ ਹੋ ਰਹੀ ਹੈ, ਇਹ ਤੁਹਾਡੇ ਵਿਚ ਬਹੁਤ ਵੱਡੀ ਕਮੀ ਹੈ, ਜੇਕਰ ਕੋਈ ਸਫ਼ਲ ਹੋ ਰਿਹਾ ਹੈ, ਤਾਂ ਇਹ ਉਸਦੀ ਮਿਹਨਤ ਦਾ ਫ਼ਲ ਹੈ, ਅਜਿਹੇ ਵਿਚ ਤੁਹਾਨੂੰ ਚਾਹੀਦਾ ਹੈ ਕਿ ਕਿਸੇ ਨਾਲ ਨਫ਼ਰਤ ਕਰਨ ਦੀ ਬਜਾਇ ਤੁਸੀਂ ਵੀ ਮਿਹਨਤ ਕਰੋ ਅਤੇ ਸਫ਼ਲ ਹੋਵੋ। ਕਿਸੇ ਨੂੰ ਕਾਮਯਾਬ ਹੁੰਦੇ ਵੇਖ ਉਸ ਨਾਲ ਘਿਰਣਾ ਕਰਨੀ ਇੱਕ ਚੰਗੀ ਸ਼ਖਸੀਅਤ ਦਾ ਗੁਣ ਨਹੀਂ ਹੈ। ਤੁਹਾਡਾ ਫਰਜ਼ ਬਣਦਾ ਹੈ ਕਿ ਜੇਕਰ ਕੋਈ ਆਪਣੀ ਮਿਹਨਤ ਦੇ ਸਦਕਾ ਅੱਗੇ ਵੱਧ ਰਿਹਾ ਹੈ, ਤਾਂ ਉਸ ਤੋਂ ਸਬਕ ਲਿਆ ਜਾਵੇ, ਉਸਦੀ ਹੌਂਸਲਾ ਅਫਜ਼ਾਈ ਕੀਤੀ ਜਾਵੇ।

ਅਸੀਂ ਸਾਰੇ ਇੱਕ ਪ੍ਰਮਾਤਮਾ ਦੇ ਬੱਚੇ ਹਾਂ, ਅਤੇ ਸਾਰੇ ਬਰਾਬਰ ਹਾਂ। ਸਾਡਾ ਫ਼ਰਜ ਬਣਦਾ ਹੈ ਕਿ ਅਸੀਂ ਸਾਰੇ ਇੱਕ ਦੂਸਰੇ ਨਾਲ ਪਿਆਰ, ਮੁੱਹਬਤ ਨਾਲ ਮਿਲਜੁਲ ਕੇ ਰਹੀਏ। ਹਰ ਇੱਕ ਬਾਰੇ ਚੰਗਾ ਸੋਚੀਏ, ਤਾਂ ਜੋ ਸਾਡੇ ਬਾਰੇ ਵੀ ਹਰ ਕੋਈ ਚੰਗੀ ਸੋਚ ਰੱਖੇ। ਆਓ ਅਜਿਹਾ ਸਮਾਜ ਸਿਰਜੀਏ ਜਿਸ ਵਿਚ ਨਫ਼ਰਤ, ਦਵੇਸ਼, ਈਰਖਾ ਦਾ ਕੋਈ ਅੰਸ਼ ਨਾ ਹੋਵੇ, ਬਲਕਿ ਹਰ ਪਾਸੇ ਆਪਸੀ ਪਿਆਰ ਅਤੇ ਮਿਲਵਰਤਨ ਦੀ ਖੁਸ਼ਬੂ ਆਉਂਦੀ ਹੋਵੇ। ਆਉ ਸਾਰੇ ਇੱਕ ਚੰਗੇ ਸਮਾਜ ਦੀ ਸਿਰਜਣਾ ਲਈ ਆਪਸੀ ਨਫ਼ਰਤ, ਵੈਰ-ਵਿਰੋਧ ਨੂੰ ਖਤਮ ਕਰ ਪਿਆਰ ਨਾਲ ਮਿਲਜੁੱਲ ਕੇ ਰਹੀਏ ਕਿਉਂਕਿ ਘਿਰਣਾ ਸਿਰਫ਼ ਪਿਆਰ ਨਾਲ ਖਤਮ ਕੀਤੀ ਜਾ ਸਕਦੀ ਹੈ।



# 'ਹਉਮੈ ਦੀਰਘ ਰੋਗੁ ਹੈ...'

-ਡਾ. ਸੰਦੀਪ ਸਿੰਘ ਮੁੰਡੇ
ਪ੍ਰਧਾਨ, ਰਾਜਸਥਾਨ
ਪੰਜਾਬੀ ਐਸੋਸੀਏਸ਼ਨ (ਸੰ.),
ਪ੍ਰਿੰਸੀਪਲ, ਗੁਰੂ ਹਰਗੋਬਿੰਦ
ਸਾਹਿਬ ਪੀਜੀ ਕਾਲਜ
ਸੀਸੀ ਹੈਡ, ਸ਼੍ਰੀਗੰਗਾਨਗਰ (ਰਾਜਸਥਾਨ)
ਮੋਬ : 94136-52646
Email id: sandeepmunday@gmail.com
(Punjab Mail USA)





ਮਨੁੱਖ ਨੂੰ ਸੰਸਾਰ ਦੇ ਹੋਰ ਸਾਰੇ ਜੀਵਾਂ ਨਾਲੋਂ ਸਰਵੋਤਮ ਮੰਨਿਆ ਜਾਂਦਾ ਹੈ, ਕਿਉਂਕਿ ਮਨੁੱਖ ਕੋਲ ਗਿਆਨ ਨੂੰ ਵਰਤਣ ਦੀ ਸਭ ਤੋਂ ਵੱਡੀ ਤਾਕਤ ਹੈ। ਮਨੁੱਖ ਆਪਣੇ ਗਿਆਨ ਅਤੇ ਸਮਝ ਰਾਹੀਂ ਚੰਗੇ-ਮਾੜੇ ਕਾਰਜਾਂ ਦੀ ਪਰਖ-ਪੜਚੋਲ ਕਰ ਸਕਦਾ ਹੈ। ਪਰ ਅਜੋਕੇ ਸਮੇਂ ਵਿਚ ਮਨੁੱਖ ਆਧੁਨਿਕਤਾ ਅਤੇ ਵਿਸ਼ਵੀਕਰਨ ਦੀ ਮਾਰ ਹੇਠ ਅਨੇਕਾਂ ਅਉਗਣਾਂ ਦਾ ਸ਼ਿਕਾਰ ਹੋ ਰਿਹਾ ਹੈ। ਗੁਰਮਤਿ ਵਿਚ ਮਨੁੱਖ ਦੇ ਪੰਜ ਮਨੋ ਵਿਕਾਰ- ਕਾਮ, ਕ੍ਰੋਧ, ਲੋਭ, ਮੋਹ ਅਤੇ ਹਉਮੈ ਦਾ ਜ਼ਿਕਰ ਮਿਲਦਾ ਹੈ। ਗੁਰਮਤਿ ਅਨੁਸਾਰ ਇਹ ਮਨੋ-ਵਿਕਾਰ ਮਨੁੱਖ ਦੀ ਮੱਤ ਨੂੰ ਭ੍ਰਿਸ਼ਟ ਕਰ ਕੇ ਚੰਗੀਆਂ ਵ੍ਰਿਤੀਆਂ ਨੂੰ ਬਦਲ ਕੇ ਮਨੁੱਖ ਨੂੰ ਦੁਰ-ਵ੍ਰਿਤੀਆਂ ਵੱਲ ਪ੍ਰੇਰਿਤ ਕਰ ਦਿੰਦੇ ਹਨ। ਇਨ੍ਹਾਂ ਪੰਜਾਂ ਮਨੋ-ਵਿਕਾਰਾਂ ਵਿਚੋਂ ਹਉਮੈ (ਅਹੰਕਾਰ) ਦਾ ਪ੍ਰਭਾਵ-ਖੇਤਰ ਬਹੁਤ ਵਿਆਪਕ ਹੈ। ਇਹ ਇੰਨਾ ਸੂਖਮ ਹੈ ਕਿ ਜੇਕਰ ਕੋਈ ਮਨੁੱਖ ਹਉਮੈ ਦਾ ਤਿਆਗ ਕਰਕੇ ਇਸ ਦਾ ਅਹਿਸਾਸ ਵੀ ਕਰੇ, ਤਾਂ ਵੀ ਹਉਮੈ ਪ੍ਰਗਟ ਹੋ ਜਾਂਦੀ ਹੈ। ਹਉਮੈ ਬਹੁਤ ਭਿਆਨਕ ਅਤੇ ਭੈੜਾ ਮਨੋ-ਵਿਕਾਰ ਹੈ, ਜਿਸ ਨੂੰ ਗੁਰਮਤਿ ਵਿਚ 'ਹਉਮੈ ਦੀਰਘ ਰੋਗੁ ਹੈ...' ਕਿਹਾ ਗਿਆ ਹੈ।

'ਹਉਮੈ' ਦੋ ਸ਼ਬਦਾਂ 'ਹਉ+ਮੈ' ਦੇ ਜੋੜ ਤੋਂ ਬਣਿਆ ਹੈ। ਸੋ ਹਉਮੈ ਦਾ ਅਰਥ ਹੋਇਆ 'ਮੈਂ-ਮੈਂ'। ਭਾਵ ਜਦੋਂ ਕੋਈ ਮਨੁੱਖ ਕੇਵਲ 'ਮੈਂ' ਤੇ 'ਮੇਰਾ' ਉੱਪਰ ਹੀ ਰੁਕ ਜਾਂਦਾ ਹੈ, ਤਾਂ ਉਹ ਹਉਮੈ ਵਿਕਾਰ ਦਾ ਸ਼ਿਕਾਰ ਮੰਨਿਆ ਜਾਂਦਾ ਹੈ। ਜਦੋਂ ਕਿਸੇ ਮਨੁੱਖ ਨੂੰ ਘੱਟ ਮਿਹਨਤ ਨਾਲ ਸਮਾਜ ਵਿਚੋਂ ਉਸਦੀ ਹੈਸਿਅਤ ਨਾਲੋਂ ਕੁਝ ਵਧ ਰੁਤਬਾ ਮਿਲ ਜਾਂਦਾ ਹੈ, ਤਾਂ ਉਹ ਫਿਰ ਆਪਣੇ ਆਪ ਨੂੰ ਸਭ ਤੋਂ ਚੰਗਾ ਅਤੇ ਆਪਣੇ ਕੰਮਾਂ ਨੂੰ ਉੱਤਮ ਸਮਝਦਾ ਹੈ। ਇਸੇ ਭੁਲੇਖੇ ਵਿਚ ਉਹ ਆਪਣੇ ਸਾਥੀਆਂ ਅਤੇ ਦੂਜੇ ਲੋਕਾਂ ਦੇ ਅਨੁਭਵ ਤੋਂ ਲਾਭ ਲੈਣ ਦੀ ਕੋਸ਼ਿਸ਼ ਨਹੀਂ ਕਰਦਾ। ਜਿਸ ਨਾਲ ਉਹ ਨਿਰੰਤਰ ਸਿੱਖਣ ਦੀ ਪ੍ਰਕਿਰਆ ਤੋਂ ਕੱਟਿਆ ਜਾਂਦਾ ਹੈ। ਅਸਲ ਵਿਚ ਅਜਿਹਾ ਮਨੁੱਖ ਅਗਿਆਨੀ ਅਤੇ ਅਨੁਭਵਹੀਣ ਹੀ ਰਹਿੰਦਾ ਹੈ। 'ਮੈਂ ਵੱਡਾ ਹਾਂ', 'ਮੈਂ ਸਭ ਤੋਂ ਕਾਬਲ ਹਾਂ', 'ਮੈਂ ਸਭ ਤੋਂ ਵੱਧ ਇਮਾਨਦਾਰ ਹਾਂ', 'ਸਮਾਜ ਵਿਚ ਮੇਰੀ ਬਹੁਤ ਇੱਜ਼ਤ ਹੈ', 'ਹਰ ਕੋਈ ਮੇਰੇ ਤੋਂ ਡਰਦਾ ਹੈ', 'ਹਰ ਕੋਈ ਮੈਨੂੰ ਪਸੰਦ ਕਰਦਾ ਹੈ', 'ਲੋਕ ਮੇਰੀ ਕਾਬਲੀਅਤ ਕਰਕੇ ਈਰਖਾ ਕਰਦੇ ਹਨ' ਆਦਿ ਪ੍ਰਗਟਾਵੇ ਮਨੁੱਖ ਦੀ ਹਉਮੈ ਨੂੰ ਹੀ ਦਰਸਾਉਂਦੇ ਹਨ।

ਇੱਕ ਹਉਮੈਵਾਦੀ ਮਨੁੱਖ ਆਪਣੇ ਆਪ ਨੂੰ ਸਰਵ-ਵਿਆਪਕ ਅਤੇ ਸਰਵਖ਼ਗੁਣੀ ਸਮਝਦਾ ਹੈ। ਫਿਰ ਉਹ ਸਿਰਫ਼ ਆਪਣੇ ਬਾਰੇ ਹੀ ਸੋਚਦਾ ਹੈ, ਇਸੇ ਚੱਕਰ ਵਿਚ ਉਹ ਦੂਸਰੇ ਲੋਕਾਂ ਦੀ ਸ਼ਖਸੀਅਤ ਜਾਂ ਦ੍ਰਿਸ਼ਟੀਕੋਣ ਨੂੰ ਨਜ਼ਰਅੰਦਾਜ਼ ਕਰਨ ਲੱਗਦਾ ਹੈ। ਹਉਮੈਵਾਦੀ ਮਨੁੱਖ ਆਪਣੀ ਹਉਮੈ ਨੂੰ ਪੱਠੇ ਪਾਉਣ ਲਈ ਕਦੇ ਭਾਸ਼ਾ ਦੇ ਨਾਂ 'ਤੇ, ਕਦੇ ਨਸਲ ਅਤੇ ਧਰਮ ਦੇ ਆਧਾਰ 'ਤੇ, ਕਦੇ ਪੈਸੇ-ਧੇਲੇ ਦੀ ਅਮੀਰੀ ਰਾਹੀਂ, ਕਦੇ ਅਹੁਦੇ-ਸਨਮਾਨ ਦੇ ਜ਼ਰੀਏ, ਤੇ ਕਦੇ ਬਾਹੁਬਲੀ-ਤਾਕਤ ਦੇ ਜ਼ਰੀਏ ਆਪਣੀ ਉੱਚਤਾ ਨੂੰ ਸਾਬਤ ਕਰਨ ਦੀ ਕੋਸ਼ਿਸ਼ ਵਿਚ ਲੱਗਿਆ ਰਹਿੰਦਾ ਹੈ। ਹਉਮੈਵਾਦੀ ਮਨੁੱਖ ਹਮੇਸ਼ਾ ਚਾਪਲੂਸੀ ਕਰਨ ਵਾਲੇ ਲੋਕਾਂ ਨਾਲ ਘਿਰਿਆ ਰਹਿੰਦਾ ਹੈ, ਜੋ ਉਸ ਦੀਆਂ ਕਮੀਆਂ ਵੱਲ ਧਿਆਨ ਨਹੀਂ ਦਿਵਾਉਂਦੇ। ਇਸੇ ਕਰਕੇ ਉਹ ਆਪਣੇ ਆਪ ਦਾ ਸਹੀ ਮੁਲਾਂਕਣ ਨਹੀਂ ਕਰ ਸਕਦਾ ਅਤੇ ਨਾ ਹੀ ਆਪਣੀਆਂ ਕਮੀਆਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦਾ ਹੈ, ਬਲਕਿ ਆਪਣੀਆਂ ਕਮੀਆਂ ਨੂੰ ਛੁਪਾਉਣ ਲਈ ਤਰ੍ਹਾਂ-ਤਰ੍ਹਾਂ ਦੇ ਢੋਂਗ ਰਚਦਾ ਹੈ।


ਹਉਮੈਵਾਦੀ ਮਨੁੱਖ ਕਿਸੇ ਵੀ ਕੰਮ ਦੀ ਸਫਲਤਾ ਦਾ ਸਾਰਾ ਸਿਹਰਾ ਆਪਣੇ ਸਿਰ ਲੈਣਾ ਚਾਹੁੰਦਾ ਹੈ ਅਤੇ ਅਸਫਲਤਾ ਨੂੰ ਦੂਜਿਆਂ ਦੇ ਸਿਰ 'ਤੇ ਮੜ੍ਹਦਾ ਹੈ। ਅਜਿਹਾ ਮਨੁੱਖ ਖ਼ੁਦ ਗ਼ਲਤੀ ਕਰਕੇ ਵੀ ਝੁਕਣਾ ਪਸੰਦ ਨਹੀਂ ਕਰਦਾ, ਪਰ ਦੂਜਿਆਂ ਤੋਂ ਬਿਨਾਂ ਕਸੂਰ ਮੁਆਫ਼ੀ ਮੰਗਵਾ ਕੇ ਅਤੇ ਉਨ੍ਹਾਂ 'ਤੇ ਹਾਵੀ ਹੋ ਕੇ ਆਪਣੀ ਹਉਮੈ ਨੂੰ ਸੰਤੁਸ਼ਟ ਕਰਕੇ ਫ਼ਖ਼ਰ ਮਹਿਸੂਸ ਕਰਦਾ ਹੈ। ਉਹ ਹਰ ਸਫਲ ਕੰਮ 'ਤੇ ਆਪਣੀ ਪ੍ਰਵਾਨਗੀ ਦੀ ਮੋਹਰ ਲਗਵਾਉਣੀ ਚਾਹੁੰਦਾ ਹੈ। ਉਹ ਅਯੋਗ ਹੁੰਦੇ ਹੋਏ ਵੀ ਹਮੇਸ਼ਾ ਦੂਜਿਆਂ ਨਾਲ ਆਪਣੀ ਤੁਲਨਾ ਕਰਨ 'ਚ ਲੱਗਾ ਰਹਿੰਦਾ ਹੈ ਅਤੇ ਕਿਸੇ ਵੀ ਕੀਮਤ 'ਤੇ ਦੂਸਰਿਆਂ ਨਾਲੋਂ ਆਪ ਨੀਵਾਂ ਨਹੀਂ ਦਿਖਣਾ ਚਾਹੁੰਦਾ। ਉਹ ਦੂਜਿਆਂ ਦੀ ਮਿਹਨਤ ਅਤੇ ਯੋਗਤਾ ਨੂੰ ਟਿੱਚ ਸਮਝਦਾ ਹੈ। ਉਹ ਹਰ ਸਮੇਂ ਆਪਣੀ ਅਮੀਰੀ ਅਤੇ ਪੈਸੇ ਦੀ ਨੁਮਾਇਸ਼ ਨਾਲ ਦੂਜਿਆਂ ਨੂੰ ਦਿਖਾਉਣ ਅਤੇ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਹਉਮੈਵਾਦੀ ਮਨੁੱਖ ਵਰਤਮਾਨ ਵਿਚ ਨਾ ਰਹਿ ਕੇ ਅਤੀਤ 'ਚ ਭਟਕਦਾ ਫਿਰਦਾ ਹੈ। ਉਸਦੀ ਇਹ ਭਾਵਨਾ ਕਿ 'ਮੈਂ ਜੋ ਕਰਦਾ ਹਾਂ, ਉਹ ਹੀ ਸਹੀ ਹੈ' ਸਭ ਤੋਂ ਘਾਤਕ ਹੈ। ਅਜਿਹੇ ਲੋਕ ਆਪਣੀ ਹਉਮੈ ਅਤੇ ਜ਼ਿੱਦ ਕਾਰਨ ਜ਼ਿੰਦਗੀ ਦੇ ਸਭ ਤੋਂ ਮਹੱਤਵਪੂਰਨ ਮੌਕੇ ਹੱਥ ਆਉਣ 'ਤੇ ਵੀ ਅਸਫਲ ਹੋ ਜਾਂਦੇ ਹਨ। ਉਹ ਸੋਚਦੇ ਹਨ ਕਿ ਉਨ੍ਹਾਂ ਦਾ ਤਰੀਕਾ ਸਭ ਤੋਂ ਵਧੀਆ ਹੈ, ਪਰ ਇਹ ਸੱਚਾਈ ਤੋਂ ਕੋਸਾਂ ਦੂਰ ਹੁੰਦਾ ਹੈ।

ਇੱਕ ਹਉਮੈਵਾਦੀ ਮਨੁੱਖ ਆਪਣੀ ਹਉਮੈ ਦੀ ਸੰਤੁਸ਼ਟੀ ਲਈ ਕਈ ਵਾਰ ਗ਼ਲਤ ਕੰਮ ਵੀ ਕਰ ਬੈਠਦਾ ਹੈ। ਉਸਦੀ ਚੇਤਨ ਜਾਂ ਅਚੇਤ ਅਵਸਥਾ ਵਿਚ ਹਮੇਸ਼ਾਂ ਆਪਣੇ ਆਪ ਨੂੰ ਦੂਜਿਆਂ ਨਾਲੋਂ ਬਿਹਤਰ ਸਮਝਣ ਦੀ ਭਾਵਨਾ ਉਸਨੂੰ ਵਿਵੇਕਹੀਣ ਕਰ ਦਿੰਦੀ ਹੈ। ਅਜਿਹਾ ਮਨੁੱਖ ਆਪਣੇ ਹਉਮੈ ਅਤੇ ਅਸਵੀਕਾਰਤਾ ਕਰਕੇ ਯੋਗ ਲੋਕਾਂ ਤੋਂ ਦੂਰ ਭੱਜਦਾ ਹੈ ਜਾਂ ਯੋਗ ਲੋਕ ਉਸਦੇ ਵਿਵਹਾਰ ਕਾਰਨ ਉਸ ਤੋਂ ਦੂਰ ਰਹਿਣਾ ਹੀ ਬਿਹਤਰ ਸਮਝਦੇ ਹਨ। ਇਨ੍ਹਾਂ ਦੋਨਾਂ ਪੱਖਾਂ ਦਾ ਨਤੀਜਾ ਹਉਮੈਵਾਦੀ ਮਨੁੱਖ ਨੂੰ ਹੀ ਭੁਗਤਣਾ ਪੈਂਦਾ ਹੈ। ਇਸ ਤਰ੍ਹਾਂ ਇੱਕ ਹਉਮੈਵਾਦੀ ਮਨੁੱਖ ਚੰਗੇ ਦੋਸਤਾਂ ਤੋਂ ਬਿਨਾਂ ਇਕੱਲੇ ਜੀਵਨ ਜਿਉਣ ਲਈ ਸਰਾਪਿਆ ਜਾਂਦਾ ਹੈ। ਕਈ ਵਾਰ ਉਹ ਆਪਣੀਆਂ ਆਦਤਾਂ ਕਾਰਨ ਸਮਾਜ ਵਿਚ ਮਖੌਲ ਦਾ ਪਾਤਰ ਵੀ ਬਣ ਜਾਂਦਾ ਹੈ। ਹਉਮੈਵਾਦੀ ਮਨੁੱਖ ਦਾ ਸੁਭਾਅ ਚਿੜਚਿੜਾ ਹੋ ਜਾਣ ਕਾਰਨ ਤਣਾਅ ਦੀ ਸਥਿਤੀ ਬਣਦੀ ਹੈ। ਅਜਿਹੀ ਸਥਿਤੀ ਵਿਚ ਕਈ ਮਨੋਵਿਗਿਆਨਕ ਰੋਗ ਵੀ ਉਸ ਨੂੰ ਘੇਰ ਲੈਂਦੇ ਹਨ। ਉਸਦੇ ਹਮੇਸ਼ਾ ਅਸੰਤੁਸ਼ਟ ਅਤੇ ਸ਼ੱਕੀ ਰਹਿਣ ਕਾਰਨ ਉਸਦਾ ਮਾਨਸਿਕ ਸੰਤੁਲਨ ਵੀ ਵਿਗੜ ਸਕਦਾ ਹੈ। ਹਉਮੈਵਾਦੀ ਮਨੁੱਖ ਦੀ ਆਪਣੇ ਪਰਿਵਾਰ ਨਾਲ ਵੀ ਚੰਗੀ ਤਰ੍ਹਾਂ ਨਹੀਂ ਨਿਭਦੀ, ਜਿਸ ਕਾਰਨ ਉਹ ਆਪਣੇ ਪਰਿਵਾਰ ਨਾਲੋਂ ਕੱਟਿਆ ਜਾਂਦਾ ਹੈ। ਅਜਿਹੇ ਲੋਕਾਂ ਨੂੰ ਔਖੇ ਹਾਲਾਤਾਂ ਵਿਚੋਂ ਬਚਾਉਣ ਲਈ ਵੀ ਕੋਈ ਤਿਆਰ ਨਹੀਂ ਹੁੰਦਾ। ਇਸ ਤਰ੍ਹਾਂ ਹਉਮੈਵਾਦੀ ਮਨੁੱਖ ਦਾ ਪਾਰਿਵਾਰਿਕ, ਸਮਾਜਿਕ ਅਤੇ ਆਰਥਿਕ ਜੀਵਨ ਪ੍ਰਭਾਵਿਤ ਹੋ ਜਾਂਦਾ ਹੈ। ਇਸ ਸੰਦਰਭ ਵਿਚ ਬਾਬਾ ਫਰੀਦ ਜੀ ਕਹਿੰਦੇ ਹਨ- 'ਫਰੀਦਾ ਗਰਬੁ ਜਿਨ੍ਹਾ ਵਡਿਆਈਆ ਧਨਿ ਜੋਬਨਿ ਆਗਾਹ॥ ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥ ੧੦੫॥' ਭਾਵ ਜਿਨ੍ਹਾਂ ਲੋਕਾਂ ਨੂੰ ਦੁਨੀਆਵੀ ਇੱਜ਼ਤ ਦਾ ਹਉਮੈ ਰਿਹਾ, ਬੇਅੰਤ ਧਨ ਕਾਰਣ ਜਾਂ ਜੁਆਨੀ ਦੇ ਕਾਰਣ ਕੋਈ ਮਾਣ ਰਿਹਾ, ਉਹ ਮਨੁੱਖ ਇਸ ਜਗਤ ਵਿਚੋਂ ਮਾਲਕ ਦੀ ਮੇਹਰ ਤੋਂ ਸੱਖਣੇ ਹੀ ਚਲੇ ਗਏ, ਜਿਵੇਂ ਟਿੱਬੇ ਮੀਂਹ ਪੈਣ ਪਿੱਛੋਂ ਵੀ ਸੁੱਕੇ ਰਹਿ ਜਾਂਦੇ ਹਨ।

ਜਦੋਂ ਮਨੁੱਖ ਵਿਚ ਹਉਮੈ ਦੀ ਭਾਵਨਾ ਘਰ ਕਰ ਜਾਂਦੀ ਹੈ ਕਿ ਮੈਂ ਵਿਅਕਤੀਗਤ ਜਾਂ ਸਮੂਹਿਕ ਰੂਪ ਵਿਚ ਸਰਵੋਤਮ, ਸਰਬਪੱਖੀ, ਸ਼ਕਤੀਸ਼ਾਲੀ ਅਤੇ ਕੁਝ ਵੀ ਕਰਨ ਲਈ ਆਜ਼ਾਦ ਅਤੇ ਸਮਰਥ ਹਾਂ, ਤਾਂ ਉਸਦਾ ਅਸਤਿੱਤਵ ਖਤਮ ਹੋਣ ਲਗਦਾ ਹੈ। ਜਿਸ ਨਾਲ ਉਸ ਵਿਚੋਂ ਪਵਿੱਤਰਤਾ, ਸ਼ਾਂਤੀ, ਸਨੇਹ, ਖੁਸ਼ੀ, ਗਿਆਨ, ਤਾਕਤ ਵਰਗੇ ਸਾਰੇ ਗੁਣ ਅਲੋਪ ਹੋ ਜਾਂਦੇ ਹਨ। ਹਉਮੈ ਅਤੇ ਉਸ ਤੋਂ ਪੈਦਾ ਹੋਇਆ ਗੁੱਸਾ ਉਹ ਸਭ ਕੁਝ ਤਬਾਹ ਕਰਨ ਦੀ ਸਮਰਥਾ ਰੱਖਦਾ ਹੈ, ਜਿਸ ਲਈ ਅਸੀਂ ਸਾਲਾਂਬੱਧੀ ਮਿਹਨਤ ਕੀਤੀ ਹੋਵੇ। ਗੁੱਸੇ ਦੀ ਉਮਰ ਪਾਣੀ ਵਿਚ ਖਿੱਚੀ ਗਈ ਇੱਕ ਲਕੀਰ ਤੋਂ ਵੱਧ ਨਹੀਂ ਹੁੰਦੀ, ਪਰ ਇਸ ਤੋਂ ਪੈਦਾ ਹੋਈ ਜ਼ਿੱਦ ਇੰਨੀ ਤਾਕਤਵਰ ਹੁੰਦੀ ਹੈ ਕਿ ਇੱਕ ਪਲ ਵਿਚ ਇਹ ਸਾਨੂੰ ਹਿੰਸਾ, ਕਤਲ, ਖ਼ੁਦਕੁਸ਼ੀ ਵਰਗੇ ਭਿਆਨਕ ਅਪਰਾਧਾਂ ਤੋਂ ਲੈ ਕੇ ਸਭ ਕੁਝ ਕਰਨ ਲਈ ਮਜਬੂਰ ਕਰ ਦਿੰਦੀ ਹੈ, ਜਿਸ ਦੇ ਨਤੀਜੇ ਬਹੁਤ ਭੈੜੇ ਹੁੰਦੇ ਹਨ। ਹਉਮੈ ਦਾ ਭਿਆਨਕ ਰੂਪ ਵਿਅਕਤੀ, ਪਰਿਵਾਰ, ਸਮਾਜ ਅਤੇ ਇੱਥੋਂ ਤੱਕ ਕਿ ਦੇਸ਼ ਵੀ ਤਬਾਹੀ ਵੀ ਕਰ ਸਕਦਾ ਹੈ।

ਮਨੁੱਖ ਨੂੰ ਸਰਬਪੱਖੀ ਅਤੇ ਕੁਦਰਤੀ ਵਿਕਾਸ ਲਈ ਹਉਮੈ ਦੇ ਇਸ ਦੁਸ਼ਟ ਚੱਕਰ ਨੂੰ ਤੋੜਨਾ ਜ਼ਰੂਰੀ ਹੈ। ਮਨੁੱਖ ਨੂੰ ਆਪਣੀ ਕਾਬਲੀਅਤ ਦਾ ਪ੍ਰਦਰਸ਼ਨ ਜ਼ਰੂਰ ਕਰਨਾ ਚਾਹੀਦਾ ਹੈ, ਪਰ ਇਹ ਸੂਰਜ ਵਾਂਗ ਹੋਣਾ ਚਾਹੀਦਾ ਹੈ, ਜੋ ਆਪਣੀ ਰੌਸ਼ਨੀ ਨਾਲ ਸਾਰਿਆਂ ਨੂੰ ਲਾਭ ਪਹੁੰਚਾਉਂਦਾ ਹੈ। ਇਹ ਮਨੁੱਖ ਦਾ ਸੁਭਾਅ ਹੀ ਹੈ ਕਿ ਪਹਿਲਾਂ ਉਹ ਕੁਝ ਪ੍ਰਾਪਤ ਕਰਨ ਲਈ ਮਿਹਨਤ ਕਰਦਾ ਹੈ, ਪਰ ਜਦੋਂ ਉਸ ਨੂੰ ਮਨਚਾਹੀ ਵਸਤੂ ਅਤੇ ਅਹੁਦਾ ਪ੍ਰਾਪਤ ਹੋ ਜਾਂਦਾ ਹੈ, ਤਾਂ ਉਸ ਵਿਚ ਹਉਮੈ ਪੈਦਾ ਹੋ ਜਾਂਦੀ ਹੈ। ਸੱਚਾਈ ਇਹ ਹੈ ਕਿ ਜਦੋਂ ਅਸੀਂ ਆਪਣੀ ਗਲਤੀ ਨੂੰ ਸਵੀਕਾਰ ਕਰਦੇ ਹੋਏ ਇਮਾਨਦਾਰੀ ਨਾਲ ਕੰਮ ਕਰਦੇ ਹਾਂ, ਤਾਂ ਹੀ ਅਸੀਂ ਅੱਗੇ ਵਧ ਸਕਦੇ ਹਾਂ। ਨਿਮਰਤਾ, ਹਉਮੈ ਦੇ ਬਿਲਕੁਲ ਉਲਟ ਹੈ। ਸਾਨੂੰ ਹਮੇਸ਼ਾਂ ਇੱਕ ਗੱਲ ਯਾਦ ਰਖਣੀ ਚਾਹੀਦੀ ਹੈ ਕਿ ਹਉਮੈ ਬੁਰੇ ਲੋਕਾਂ ਦਾ ਅਤੇ ਨਿਮਰਤਾ ਚੰਗੇ ਲੋਕਾਂ ਦਾ ਪੱਖ ਪੂਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਨੇਕਾਂ ਉਦਾਹਰਣਾਂ ਰਾਹੀਂ ਹਉਮੈ ਦੇ ਨੁਕਸਾਨ ਦੱਸ ਕੇ ਮਨੁੱਖ ਨੂੰ ਇਸ ਤੋਂ ਬਚਣ ਲਈ ਸੁਚੇਤ ਕੀਤਾ ਗਿਆ ਹੈ। ਹੁਣ ਫੈਸਲਾ ਅਸੀਂ ਕਰਨਾ ਹੈ ਕਿ ਇਸ ਅਨਮੋਲ ਮਨੁੱਖੀ ਜੀਵਨ ਨੂੰ ਹਉਮੈ ਨਾਲ ਬਿਤਾਉਣਾ ਹੈ ਜਾਂ ਨਿਮਰਤਾ ਨਾਲ।

# ਇਤਿਹਾਸਕ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ, ਸ੍ਰੀ ਫਤਹਿਗੜ੍ਹ ਸਾਹਿਬ



ਤਸਵਿੰਦਰ ਸਿੰਘ ਬੜੈਚ
ਪਿੰਡ ਦੀਵਾਲਾ, ਤਹਿਸੀਲ ਸਮਰਾਲਾ,
ਜ਼ਿਲ੍ਹਾ ਲੁਧਿਆਣਾ।
ਮੋਬ : 75279-31887
(Punjab Mail USA)



ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਸ੍ਰੀ ਫਤਹਿਗੜ੍ਹ ਸਾਹਿਬ ਜੀ ਦੇ ਪਾਵਨ-ਪਵਿੱਤਰ ਅਸਥਾਨਾਂ ਵਿਚੋਂ ਇਕ ਅਸਥਾਨ ਹੈ। ਇਹ ਉਹ ਪਾਵਨ-ਪਵਿੱਤਰ ਅਸਥਾਨ ਹੈ, ਜਿੱਥੇ ਸ਼ਹੀਦੀ ਮਗਰੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਸਤਿਕਾਰਯੋਗ ਮਾਤਾ, ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਦੇ ਪਵਿੱਤਰ ਦੇਹਾਂ ਦਾ ਅੰਤਿਮ ਸਸਕਾਰ ਸੰਨ 1704 ਈਸਵੀ ਵਿਚ ਕੀਤਾ ਗਿਆ ਸੀ। ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸਸਕਾਰ ਦੀਵਾਨ ਟੋਡਰ ਮੱਲ ਜੀ ਨੇ ਕੀਤਾ ਸੀ। ਜ਼ਾਲਮ ਹਕੂਮਤ ਪਾਸੋਂ ਦੀਵਾਨ ਟੋਡਰ ਮੱਲ ਜੀ ਨੇ ਸੋਨੇ ਦੀਆਂ ਮੋਹਰਾਂ ਖੜ੍ਹੀਆਂ ਕਰਕੇ ਥਾਂ ਮੁੱਲ ਖਰੀਦੀ ਸੀ। ਜ਼ਾਲਮ ਮੁਗਲ ਹਕੂਮਤ ਦੇ ਉਸ ਵੇਲੇ ਦੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਨ ਦੇ ਡਰ ਕਾਰਨ ਚਾਰ-ਚੁਫੇਰੇ ਦੇ ਜ਼ਮੀਨ ਮਾਲਕਾਂ ਨੇ ਗੁਰੂ ਸਾਹਿਬ ਦੇ ਪਰਿਵਾਰ ਦੇ ਮੈਂਬਰਾਂ ਦੇ ਅੰਤਿਮ ਸਸਕਾਰ ਲਈ ਜ਼ਮੀਨ ਦੇਣ ਤੋਂ ਨਾਂਹ ਕਰ ਦਿੱਤੀ ਸੀ। ਉਸ ਵੇਲੇ ਗੁਰੂ ਘਰ ਦੇ ਅਨਿਨ ਸੇਵਕ ਦੀਵਾਨ ਟੋਡਰ ਮੱਲ ਜੀ ਅੱਗੇ ਆਏ ਤੇ ਉਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਦੀ ਕਮਾਈ ਹੋਈ ਧਨ-ਸੰਪਤੀ ਕੁਰਬਾਨ ਕਰਕੇ ਜ਼ਾਲਮ ਵਜ਼ੀਰ ਖਾਂ (ਸੂਬਾ ਸਰਹਿੰਦ) ਦੀ ਸ਼ਰਤ ਪੂਰੀ ਕਰਦਿਆਂ ਸੋਨੇ ਦੀਆਂ ਮੋਹਰਾਂ ਖੜ੍ਹੀਆਂ ਕਰਕੇ ਧਰਤੀ ਦਾ ਇਕ ਛੋਟਾ ਜਿਹਾ ਟੁਕੜਾ ਖਰੀਦਿਆ, ਜਿਸ ਉੱਪਰ ਇਕੋ ਚਿਖਾ ਵਿਚ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਇਨ੍ਹਾਂ ਤਿੰਨਾਂ ਲਾਸਾਨੀ ਤੇ ਅਮਰ ਸ਼ਹੀਦਾਂ ਦੇ ਅੰਤਿਮ ਸਸਕਾਰ ਦਾ ਪ੍ਰਬੰਧ ਕੀਤਾ। ਦੀਵਾਨ ਟੋਡਰ ਮੱਲ ਜੀ ਨੇ ਸਸਕਾਰ ਲਈ 78 ਹਜ਼ਾਰ ਸੋਨੇ ਦੀਆਂ ਮੋਹਰਾਂ ਨੂੰ ਜ਼ਮੀਨ 'ਤੇ ਸਿੱਧੀਆਂ ਖੜ੍ਹੀਆਂ ਕਰਕੇ ਚਾਰ ਸਕੇਅਰ ਮੀਟਰ ਜਗ੍ਹਾ ਨੂੰ ਖਰੀਦਿਆ ਸੀ ਤੇ ਪਵਿੱਤਰ ਦੇਹਾਂ ਦਾ ਸਸਕਾਰ ਕੀਤਾ ਸੀ। ਬੇਸ਼ੱਕ ਦੀਵਾਨ ਟੋਡਰ ਮੱਲ ਜੀ ਦਾ ਸਭ ਕੁੱਝ ਵਿਕ ਗਿਆ ਪਰ ਸਿੱਖ ਇਤਿਹਾਸ ਵਿਚ ਦੀਵਾਨ ਟੋਡਰ ਮੱਲ ਜੀ ਦਾ ਨਾਂਅ ਸੁਨਹਿਰੀ ਅੱਖਰਾਂ ਵਿਚ ਲਿਖਿਆ ਗਿਆ ਹੈ। ਇੰਨੀ ਥੋੜੀ ਥਾਂ ਲਈ ਇੰਨੀ ਵੱਡੀ ਰਕਮ ਦੀ ਅਦਾਇਗੀ ਕਰਕੇ ਇਹ ਅਸਥਾਨ ਅੱਜ ਵੀ ਦੁਨੀਆਂ ਦਾ ਸਭ ਤੋਂ ਮਹਿੰਗਾ ਅਸਥਾਨ ਕਰਕੇ ਜਾਣਿਆ ਜਾਂਦਾ ਹੈ। ਜਿਸ ਅਸਥਾਨ 'ਤੇ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਅੰਤਿਮ ਸਸਕਾਰ ਕੀਤਾ ਗਿਆ, ਅੱਜ ਉਸ ਪਾਵਨ ਅਸਥਾਨ 'ਤੇ ਪਾਲਕੀ ਸਾਹਿਬ ਸੁਸ਼ੋਭਿਤ ਹੈ। ਹਰ ਸਾਲ ਦਸੰਬਰ ਮਹੀਨੇ 25 ਤੋਂ 27 ਤਾਰੀਖ (11, 12, 13 ਪੋਹ) ਨੂੰ ਸ਼ਹੀਦਾਂ ਦੀ ਯਾਦ ਵਿਚ ਸਾਲਾਨਾ ਜੋੜ ਮੇਲ ਲੱਗਦਾ ਹੈ। ਲੱਖਾਂ ਦੀ ਗਿਣਤੀ ਵਿਚ ਦੂਰੋਂ-ਨੇੜਿਓਂ ਸੰਗਤਾਂ ਪ੍ਰੁੱਜ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕਰਦੇ ਹੋਏ ਇਨ੍ਹਾਂ ਸ਼ਹੀਦਾਂ ਨੂੰ ਪ੍ਰਣਾਮ ਕਰਦੀਆਂ ਹਨ। ਇਹ ਗੁਰਦੁਆਰਾ ਸਾਹਿਬ ਸਰਹਿੰਦ ਸ਼ਹਿਰ ਤੋਂ ਲਗਭਗ 3 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਤਿਹਾਸਕ ਗੁਰਦੁਆਰਾ ਫਤਹਿਗੜ੍ਹ ਸਾਹਿਬ ਤੋਂ 2 ਕਿਲੋਮੀਟਰ ਦੱਖਣ ਵੱਲ ਇਹ ਧਾਰਮਿਕ ਅਸਥਾਨ ਹੈ। ਚੰਡੀਗੜ੍ਹ ਨੂੰ ਜਾਂਦੀ ਸੜਕ ਦੇ ਸੱਜੇ ਹੱਥ ਇਹ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ।

# ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ

## 23 ਮਈ 'ਤੇ ਵਿਸ਼ੇਸ਼

-ਬਲਵਿੰਦਰ ਬਾਲਮ
ਗੁਰਦਾਸਪੁਰ
ਓਂਕਾਰ ਨਗਰ ਗੁਰਦਾਸਪੁਰ (ਪੰਜਾਬ)
98156-25409
(Punjab Mail USA)





ਸਾਹਿਬ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਨਾਂ ਹਿੰਦੁਸਤਾਨ ਦੇ ਇਤਿਹਾਸ ਵਿਚ ਚੜ੍ਹਦੇ ਸੂਰਜ ਵਾਂਗ ਚਮਕਦਾ ਰਹੇਗਾ। ਉਨ੍ਹਾਂ ਨੇ ਜੋ ਧਰਮ ਦੀ ਖਾਤਿਰ ਆਪਣੇ ਨਿਯਮਾਂ, ਅਸੂਲਾਂ ਤੇ ਅਨੁਸ਼ਾਸਨ ਆਦਿ ਦੇ ਕਾਰਨ ਸ਼ਹੀਦੀ ਦਿੱਤੀ, ਉਹ ਬੇਮਿਸਾਲ ਹੈ। ਭਾਰਤ ਵਿਚ ਹੀ ਨਹੀਂ, ਸਾਰੀ ਦੁਨੀਆਂ ਵਿਚ ਉਨ੍ਹਾਂ ਦੀ ਸ਼ਹੀਦੀ, ਬੇਮਿਸਾਲ ਸ਼ਹੀਦੀ ਹੈ। ਦੁਨੀਆਂ ਦੇ ਕਿਸੇ ਵੀ ਵਿਅਕਤੀ ਨੇ ਅੱਜ ਤੱਕ ਏਨੇ ਅਕਹਿ ਤੇ ਅਸਹਿ ਤਸੀਹੇ ਸਹਿ ਕੇ ਕੌਮ ਦੀ ਖਾਤਿਰ, ਦੇਸ਼ ਧਰਮ ਦੀ ਖਾਤਿਰ ਕੁਰਬਾਨੀ/ਸ਼ਹੀਦੀ ਨਹੀਂ ਦਿੱਤੀ। ਇਸ ਤਰ੍ਹਾਂ ਦੀ ਸ਼ਹੀਦੀ ਦਾ ਜ਼ਿਕਰ ਹਮੇਸ਼ਾਂ-ਹਮੇਸ਼ਾ ਸਾਹਿਬ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਹੀ ਹੋਵੇਗਾ। ਸਹਿਣਸ਼ੀਲਤਾ ਦੇ ਸਮੁੰਦਰ, ਭਾਣਾ ਮੰਨਣ ਦੇ ਬੁਲੰਦ ਇਰਾਦੇ ਵਾਲੇ, ਏਕਤਾ ਤੇ ਸਾਂਝੀਵਾਲਤਾ ਦੇ ਰਹਿਬਰ, ਅਸੂਲਾਂ ਦੇ ਸਿਰੜ ਦੇ ਧਨੀ, ਦਿਮਾਗੀ ਸੰਤੁਲਨ ਤੇ ਇਨਸਾਨੀਅਤ ਦੇ ਪੁਜਾਰੀ, ਜ਼ੁਲਮ ਅੱਗੇ ਸੀ ਨਾ ਕਰਨ ਵਾਲੇ, ਮਜ਼ਬੂਤ ਹਿਰਦੇ ਅੰਦਰ ਜਿਸ ਵਿਚ ਲੱਖਾਂ ਕਰੋੜਾਂ ਚੰਨ-ਸਿਤਾਰੇ ਚਮਕਦੇ ਸਨ, ਮੁਹੱਬਤ ਦੇ ਉੱਦਮ ਆਦਿ। ਸ੍ਰੀ ਗੁਰੂ ਅਰਜਨ ਦੇਵ ਜੀ ਇਨਸਾਨੀਅਤ ਨੂੰ, ਕੌਮ ਨੂੰ ਇਕ ਐਸਾ ਗੁਰੂ ਗ੍ਰੰਥ ਦੇ ਗਏ ਹਨ, ਜਿਸ ਦੀ ਰੌਸ਼ਨੀ ਨਾਲ ਆਉਣ ਵਾਲੀਆਂ ਪੀੜ੍ਹੀਆਂ ਚਮਕਦੀਆਂ ਰਹਿਣਗੀਆਂ। ਇਹ ਗ੍ਰੰਥ ਹੀ ਇਕ ਐਸਾ ਗ੍ਰੰਥ ਹੈ, ਜਿਸ ਵਿਚ ਅਨੇਕ ਹੀ ਸੂਰਜਾਂ ਦੀ ਰੌਸ਼ਨੀ ਨੂੰ ਇਕੱਠਿਆਂ ਕਰਕੇ ਇਕ ਮਹਾਨ ਗ੍ਰੰਥ ਦੀ ਸੰਪਾਦਨਾ ਕਰਕੇ ਆਪਣੇ ਆਪ ਨੂੰ ਸੂਰਜ ਵਾਂਗ ਅਮਰ ਕਰ ਲਿਆ ਹੈ। ਸਿੱਖ ਜਗਤ ਵਿਚ ਇਸ ਦੀ ਵੱਡਮੁੱਲੀ ਮਹਾਨਤਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਨਸਾਨੀ ਕਦਰਾਂ-ਕੀਮਤਾਂ ਨੂੰ ਮੱਦੇਨਜ਼ਰ ਰੱਖ ਕੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ। ਇਸ ਗ੍ਰੰਥ ਦਾ ਕੋਈ ਵੀ ਸਲੋਕ ਪੜ੍ਹ ਲਿਆ ਜਾਵੇ, ਉਹ ਇਨਸਾਨੀ ਕਦਰਾਂ-ਕੀਮਤਾਂ ਤੋਂ ਬਾਹਰ ਨਹੀਂ ਜਾ ਸਕਦਾ। ੧ਓ, ਵਾਹਿਗੁਰੂ, ਸਤਿਨਾਮ, ਇਸ ਦੇ ਮੂਲ ਸਰੋਤ ਹਨ। ਇਸ ਮਹਾਨ ਗ੍ਰੰਥ ਦੀ ਬਦੌਲਤ ਹੀ ਕੁਝ ਰਾਜਨੀਤਿਕ ਕਾਰਨਾਂ ਕਰਕੇ ਉਨ੍ਹਾਂ ਨੂੰ ਸ਼ਹੀਦੀ ਦੇਣੀ ਪਈ।

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ, 1563 ਨੂੰ ਸੋਢੀ ਵੰਸ਼ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੇ ਗ੍ਰਹਿ ਵਿਖੇ ਮਾਤਾ ਭਾਨੀ ਜੀ ਦੀ ਕੁੱਖੋਂ ਸ੍ਰੀ ਗੋਇੰਦਵਾਲ ਸਾਹਿਬ, ਅੰਮ੍ਰਿਤਸਰ ਵਿਖੇ ਹੋਇਆ। ਗੁਰੂ ਜੀ ਦੇ ਘਰ ਕਾਫੀ ਚਿਰ ਬਾਅਦ ਇਕ ਪੁੱਤਰ ਨੇ ਜਨਮ ਲਿਆ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ। ਇਸ ਪੁੱਤਰ ਦੇ ਜਨਮ ਤੋਂ ਹੀ ਕਈ ਮਾਰੂ ਗੁਪਤਚਰ ਹਮਲੇ ਹੁੰਦੇ ਰਹੇ। ਮਾਰੂ ਹਮਲੇ ਜਾਂ ਯਤਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ ਪ੍ਰਿਥੀ ਕਰਵਾਉਂਦਾ ਰਿਹਾ, ਗੱਦੀ ਤੇ ਦੌਲਤ ਦੇ ਲਾਲਚ ਕਰਕੇ। ਪਰ ਉਸ ਵਾਹਿਗੁਰੂ ਨੇ ਬਾਲਕ ਹਰਿਗੋਬਿੰਦ ਸਾਹਿਬ ਦਾ ਵਾਲ ਵਿੰਗਾ ਨਾ ਹੋਣ ਦਿੱਤਾ। ਸ਼ੁਰੂ ਤੋਂ ਹੀ ਪ੍ਰਿਥੀ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਖਾਰ ਖਾਂਦਾ ਸੀ, ਕਿਉਂਕਿ ਘਰ ਦਾ ਸਾਰਾ ਪ੍ਰਬੰਧ ਪ੍ਰਿਥੀ ਦੇ ਹੱਥਾਂ ਵਿਚ ਸੀ, ਪਰ ਆਦਤਨ, ਉਹ ਇਕ ਵਧੀਆ ਇਨਸਾਨ ਨਹੀਂ ਸੀ। ਈਰਖਾਲੂ ਅਨੈਤਿਕ ਰੁਚੀਆਂ ਵਾਲਾ ਹੋਣ ਕਰਕੇ ਉਸ ਦੇ ਪਿਤਾ ਉਸ ਨੂੰ ਘੱਟ ਹੀ ਪਸੰਦ ਕਰਦੇ ਸਨ। ਪ੍ਰਿਥੀ ਹੇਰਾਫੇਰੀਆਂ ਕਰਨ ਵਾਲਾ ਵਿਅਕਤੀ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ ਕਈ ਚਿੱਠੀਆਂ ਜੋ ਉਨ੍ਹਾਂ ਦੇ ਪਿਤਾ ਜੀ ਨੂੰ ਵਿਛੋੜੇ ਵਿਚ ਲਿਖੀਆਂ ਉਹ ਪ੍ਰਿਥੀ ਲੁਕਾ ਲੈਂਦਾ ਰਿਹਾ। ਬਾਅਦ ਵਿਚ ਉਸਦੀ ਇਹ ਚੋਰੀ ਪਕੜੀ ਗਈ, ਜਿਸ 'ਤੇ ਉਸ ਨੂੰ ਸ਼ਰਮਿੰਦਾ ਹੋਣਾ ਪਿਆ। ਇਸ ਸੰਤਾਪ ਦੇ ਨਾਲ-ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਵਧੀਆ ਕਵਿਤਾ ਲਿਖਦੇ ਰਹੇ। ਉਨ੍ਹਾਂ ਦੀ ਲੇਖਣੀ ਅਧਿਆਤਮਕ ਸੀ।

ਉਨ੍ਹਾਂ ਦੀ ਪਤਨੀ ਦਾ ਨਾਂ ਮਾਤਾ ਗੰਗਾ ਜੀ ਸੀ। ਉਹ ਕਈ ਭਾਸ਼ਾਵਾਂ ਦੇ ਗਿਆਤਾ ਸਨ, ਜਿਸ ਤਰ੍ਹਾਂ ਕਿ ਹਿੰਦੀ, ਪੰਜਾਬੀ, ਫਾਰਸੀ, ਸੰਸਕ੍ਰਿਤ, ਬ੍ਰਿਜੀ, ਮੁਲਤਾਨ, ਕੇਂਦਰੀ ਪੰਜਾਬੀ, ਪੰਜਾਬ ਦੀਆਂ ਉਪ ਬੋਲੀਆਂ ਆਦਿ। ਉਨ੍ਹਾਂ ਦੀ ਅਣਥੱਕ ਮਿਹਨਤ, ਮੋਹ, ਤਿਆਗ, ਨਿਸ਼ਕਾਮ ਸੇਵਾ, ਅਧਿਆਤਮਕ ਰੁਚੀ ਆਦਿ ਨੂੰ ਵੇਖਦੇ ਹੋਏ ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਗੱਦੀ ਦੀ ਬਖਸ਼ਿਸ਼ ਦੇਣ ਦਾ ਪ੍ਰਣ ਕਰ ਲਿਆ ਸੀ। ਸੋ ਸਤੰਬਰ 1581 ਨੂੰ ਉਹ ਗੁਰਿਆਈ ਗੱਦੀ 'ਤੇ ਬਿਰਾਜਮਾਨ ਹੋਏ। ਉਨ੍ਹਾਂ ਦੇ ਵੱਡੇ ਭਾਈ ਪ੍ਰਿਥੀ ਨੂੰ ਇਸ ਪ੍ਰਾਪਤੀ ਲਈ ਬਹੁਤ ਜ਼ਿਆਦਾ ਘ੍ਰਿਣਾ ਤੇ ਦੁੱਖ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦੂਸਰੇ ਭਾਈ ਦਾ ਨਾਂ ਬਾਬਾ ਮਹਾਦੇਵ ਸੀ।

ਸ੍ਰੀ ਗੁਰੂ ਅਰਜਨ ਦੇਵ ਜੀ ਕੁਝ ਸਮਾਂ ਅੰਮ੍ਰਿਤਸਰ ਰਹਿ ਕੇ ਗੁਰੂ ਕੀ ਵਡਾਲੀ ਚਲੇ ਗਏ। ਉਥੇ ਆਪ ਜੀ ਦੇ ਘਰ ਸ੍ਰੀ ਹਰਿਗੋਬਿੰਦ ਜੀ ਦਾ ਜਨਮ ਹੋਇਆ ਤੇ ਫਿਰ ਅੰਮ੍ਰਿਤਸਰ ਆ ਕੇ ਅੰਮ੍ਰਿਤ ਸਰੋਵਰ ਨੂੰ ਪੱਕਾ ਕਰਵਾਇਆ। ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਦੀ ਉਸਾਰੀ ਕੀਤੀ। ਸੰਤੋਖਸਰ ਬਣਾਇਆ। ਤਰਨਤਾਰਨ ਬਣਾਇਆ ਤੇ ਉਥੋਂ ਦੇ ਸਰੋਵਰ ਦੀ ਨੀਂਹ ਰੱਖੀ। ਕਰਤਾਰਪੁਰ ਵਸਾਇਆ। ਇਸੇ ਤਰ੍ਹਾਂ ਹੀ ਛੇਹਰਟਾ ਸਾਹਿਬ ਕਾਇਮ ਕੀਤਾ। ਮਗਰੋਂ ਹਰਿਗੋਬਿੰਦਪੁਰ ਵੀ ਵਸਾਇਆ। ਲਾਹੌਰ ਦੀ ਬਾਉਲੀ ਲਗਾਈ। ਰਾਮਸਰ ਤੇ ਗੁਰੂ ਕੇ ਬਾਗ ਦੀਆਂ ਨੀਹਾਂ ਰੱਖੀਆਂ। ਉਨ੍ਹਾਂ ਨੂੰ ਉਸਾਰੀ ਦੇ ਕੰਮਾਂ ਵਿਚ ਕਾਫੀ ਦਿਲਚਸਪੀ ਸੀ। ਉਹ ਆਖ਼ਰੀ ਦਮ ਤੱਕ ਕਰਮਯੋਗੀ ਹੀ ਰਹੇ।

ਸਭ ਤੋਂ ਵੱਡੀ ਉਨ੍ਹਾਂ ਦੀ ਪ੍ਰਾਪਤੀ ਸੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ। ਸੋ ਸੰਨ 1601 ਤੋਂ ਲੈ ਕੇ 1604 ਤੱਕ ਰਾਮਸਰ ਦੇ ਕਿਨਾਰੇ ਬੈਠ ਕੇ ਗੁਰੂ ਗ੍ਰੰਥ ਸਹਿਬ ਦੀ ਬੀੜ ਤਿਆਰ ਕੀਤੀ। ਇਸ ਗ੍ਰੰਥ ਵਿਚ ਹਰ ਧਰਮ ਜਾਤ-ਪਾਤ ਦੇ ਬਿਨਾਂ ਭਗਤਾਂ, ਸੰਤਾਂ ਦੀ ਬਾਣੀ ਸ਼ਾਮਲ ਹੈ। ਜਾਤ-ਪਾਤ ਤੋਂ ਉਪਰ ਉਠ ਕੇ ਹੀ ਇਸ ਗ੍ਰੰਥ ਦੀ ਸੰਪਾਦਨਾ ਕੀਤੀ ਗਈ। ਕਿਸੇ ਵੀ ਧਰਮ ਨੂੰ ਨਜ਼ਰਅੰਦਾਜ਼ ਨਹੀਂ ਕੀਤਾ। ਧਰਮ, ਜਾਤ-ਪਾਤ, ਰੰਗ-ਨਸਲ ਤੋਂ ਉਪਰ ਉਠ ਕੇ ਹੀ ਇਸ ਗ੍ਰੰਥ ਦੀ ਸੰਪਾਦਨਾ ਕੀਤੀ। ਸਾਰੇ ਭਾਰਤ ਦੇ ਵੱਖ-ਵੱਖ ਰਾਜਾਂ ਦੇ ਕਵੀਆਂ ਦੀਆਂ ਰਚਨਾਵਾਂ ਕ੍ਰਿਤਾਂ ਸ਼ਾਮਲ ਹਨ, ਇਸ ਵਿਚ ਕੌਮ ਨੂੰ ਇਕ ਵਿਲੱਖਣ ਅਦੁੱਤੀ ਅਧਿਆਤਮਕ ਪੱਖਾਂ ਵਾਲਾ ਗ੍ਰੰਥ ਮੁਹੱਈਆਂ ਕੀਤਾ। ਇਸ ਬੀੜ ਨੂੰ ਹੱਥੀਂ ਲਿਖਿਆ ਭਾਈ ਗੁਰਦਾਸ ਜੀ ਨੇ ਤੇ ਇਸ ਬੀੜ ਦਾ ਪ੍ਰਕਾਸ਼ 1604 ਵਿਚ ਕੀਤਾ ਗਿਆ, ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ।

ਇਹ ਮਹਾਨ ਗ੍ਰੰਥ (ਬੀੜ) ਲਿਖਣ 'ਤੇ ਕਈ ਈਰਖਾਲੂਆਂ ਨੇ ਬੜੀ ਵਿਰੋਧਤਾ ਕੀਤੀ, ਕਿਉਂਕਿ ਕੁਝ ਉਹ ਕਵੀ ਜੋ ਇਸ ਬੀੜ ਦੀ ਮਰਿਆਦਾ ਮੁਤਾਬਕ ਪੂਰਾ ਨਹੀਂ ਸਨ ਉਤਰਦੇ, ਉਨ੍ਹਾਂ ਦੀਆਂ ਰਚਨਾਵਾਂ ਨਹੀਂ ਸਨ ਲਈਆਂ ਗਈਆਂ। ਉਨ੍ਹਾਂ ਕਵੀਆਂ ਨੇ ਈਰਖਾ ਕਰਕੇ ਇਸ ਗ੍ਰੰਥ ਦੀ ਡੱਟ ਕੇ ਵਿਰੋਧਤਾ ਕੀਤੀ ਤੇ ਉਨ੍ਹਾਂ ਦੇ ਵੱਡੇ ਭਰਾ ਨੇ ਇਸ ਵਿਰੋਧਤਾ ਨੂੰ ਚਾਰ-ਚੰਨ ਲਾਏ। ਭਗਤ ਕਾਹਨਾ, ਛੱਜੂ, ਪੀਲੂ ਤੇ ਸ਼ਾਹ ਹੁਸੈਨ ਵਰਗੇ ਕਵੀਆਂ ਦਾ ਕਲਾਮ ਸ਼ਾਮਲ ਨਾ ਕੀਤਾ ਗਿਆ। ਇਨ੍ਹਾਂ ਕਵੀਆਂ ਨੇ ਈਰਖਾ ਕਰਕੇ ਮੌਜੂਦਾ ਸੱਤਾਧਾਰੀ ਹਕੂਮਤ ਦੇ ਮਾਲਕ ਜਹਾਂਗੀਰ ਤੱਕ ਗੱਲਾਂ ਪਹੁੰਚਾਉਣ ਵਿਚ ਕੋਈ ਕਸਰ ਨਾ ਛੱਡੀ। ਜਹਾਂਗੀਰ ਨੇ ਇਸ ਗ੍ਰੰਥ ਦੇ ਕਈ ਪੰਨੇ ਪੜ੍ਹਾ ਕੇ ਵੇਖੇ, ਪਰ ਉਸ ਨੂੰ ਕਿਤੇ ਵੀ ਇਸਲਾਮ ਧਰਮ ਦੇ ਵਿਰੁੱਧ ਕੋਈ ਚਿੰਨ੍ਹ ਤੱਕ ਨਾ ਮਿਲਿਆ। ਦੂਸਰੇ ਪਾਸੇ ਸਭ ਤੋਂ ਜ਼ਿਆਦਾ ਜੋ ਕੱਟੜ ਮੁਸਲਮਾਨ ਵਜ਼ੀਰ ਸਨ, ਸ਼ੇਖ ਅਹਿਮਦ ਸਰਹੱਦੀ ਤੇ ਸ਼ੇਖ ਫਰੀਦ ਬੁਖਾਰੀ। ਇਨ੍ਹਾਂ ਦੋਵਾਂ ਨੇ ਇਸ ਗ੍ਰੰਥ ਦੀ ਸਭ ਤੋਂ ਵੱਧ ਵਿਰੋਧਤਾ ਕੀਤੀ। ਜਹਾਂਗੀਰ ਨੂੰ ਸਭ ਤੋਂ ਜ਼ਿਆਦਾ ਮਿਲ-ਮਿਲਾ ਕੇ ਇਨ੍ਹਾਂ ਨੇ ਚੁੱਕਿਆ। ਦੂਸਰੇ ਪਾਸੇ ਚੰਦੂ ਸ਼ਾਹ ਜੋ ਕਿ ਲਾਹੌਰ ਵਿਚ ਸੂਬੇ ਦਾ ਦੀਵਾਨ ਸੀ, ਗੁਰਾਂ ਨਾਲ ਵੈਰ ਰੱਖਦਾ ਸੀ, ਕਿਉਂਕਿ ਪ੍ਰਿਥੀ ਦੀ ਵੀ ਸਾਜ਼ਿਸ਼ ਇਸ ਵਿਚ ਸ਼ਾਮਲ ਸੀ।

ਚੰਦੂ ਨੇ ਆਪਣੀ ਧੀ ਦੀ ਕੁੜਮਾਈ ਲਈ ਬੰਦੇ ਭੇਜੇ। ਚੰਦੂ ਨੇ ਕਿਧਰੇ ਇਹ ਕਹਿ ਦਿੱਤਾ ਕਿ ਕਿਥੇ ਚੰਦੂ ਤੇ ਕਿਥੇ ਉਹ (ਗੁਰੂ ਸਾਹਿਬ)? ਮੋਰੀ ਦੀ ਇੱਟ ਵਰਗੇ ਪ੍ਰਤੀਕ ਵਰਤੇ। ਸੰਗਤਾਂ ਨੇ ਇਸ ਦੀ ਵਿਰੋਧਤਾ ਕੀਤੀ ਤੇ ਸੰਗਤਾਂ ਦੇ ਕਹਿਣ 'ਤੇ ਗੁਰੂ ਜੀ ਨੇ ਆਪਣੇ ਸਾਹਿਬਜ਼ਾਦੇ ਸ੍ਰੀ ਗੁਰੂ ਹਰਗੋਬਿੰਦ ਦੀ ਕੁੜਮਾਈ ਲਈ ਚੰਦੂ ਨੂੰ ਨਾਂਹ ਕਰ ਦਿੱਤੀ। ਚੰਦੂ ਦਾ ਗੁੱਸਾ ਸੱਤ ਆਸਮਾਨ ਛੂਹ ਚੱਕਾ ਸੀ। ਉਸ ਦੇ ਸੀਨੇ ਵਿਚ ਬਦਲੇ ਦੀ ਚਿੰਗਾੜੀ ਸੁਲਗਣ ਲੱਗੀ। ਓਂਦੂ ਸ਼ਾਹ, ਸੇਖ ਅਹਿਮਦ ਸਰਹੱਦੀ ਤੇ ਸ਼ੇਖ ਗੈਦ ਬੁਖਾਰੀ ਨੇ ਕਈ ਕਿਸਮ ਦੀਆਂ ਸਾਜ਼ਿਸ਼ਾਂ ਗੁਰੂ ਜੀ ਵਿਰੁੱਧ ਰਚਣੀਆਂ ਸ਼ੁਰੂ ਕਰ ਦਿੱਤੀਆਂ। ਇਕ ਝੂਠੀ ਸਾਜ਼ਿਸ਼ ਘੜ ਕੇ ਜਹਾਂਗੀਰ ਨੂੰ ਪਹੁੰਚਾ ਦਿੱਤੀ ਗਈ। ਉਹ ਇਹ ਹੈ ਕਿ ਬਾਗੀ ਖੁਸਰੋ ਨੂੰ ਗੁਰੂ ਅਰਜਨ ਦੇਵ ਨੇ ਪਨਾਹ ਦਿੱਤੀ ਹੈ। ਉਸ ਦੀ ਮਦਦ ਕੀਤੀ ਹੈ। ਉਸ ਦੀ ਮਰਿਆਦਾ ਮੁਤਾਬਕ ਆਓ-ਭਗਤ ਕੀਤੀ ਗਈ ਹੈ ਅਤੇ ਇਸਲਾਮ ਵਿਰੁੱਧ ਭੜਕਾਇਆ ਹੈ। ਸ਼ੇਖ ਅਹਿਮਕ ਸਰਹੱਦੀ ਤੇ ਸ਼ੇਖ ਫਰੀਦ ਬੁਖਾਰੀ ਆਦਿ ਨੇ ਇਹ ਸਾਜ਼ਿਸ਼ ਇਕ ਰਜ਼ੀ ਸ਼ਿਕਾਇਤ ਬਣਾ ਕੇ ਜਹਾਂਗੀਰ ਤੱਕ ਪਹੁੰਚਾ ਦਿੱਤੀ। ਗੁਰੂ ਜੀ ਨੇ ਖੁਸਰੋ ਦੀ ਕੋਈ ਮਦਦ ਨਹੀਂ ਸੀ ਕੀਤੀ। ਸਾਰੀ ਸਾਜ਼ਿਸ਼ ਝੂਠ ਹੀ ਸੀ। ਖੁਸਰੋ ਨੂੰ ਪਨਾਹ ਦੇਣ 'ਤੇ ਜਹਾਂਗੀਰ ਨੇ ਆਪ ਨੂੰ ਦੋ ਲੱਖ ਰੁਪਏ ਜੁਰਮਾਨਾ ਕਰ ਦਿੱਤਾ। ਜੁਰਮਾਨਾ ਅਦਾ ਨਾ ਕਰਨ 'ਤੇ ਬਾਲ ਬੱਚੇ ਸਮੇਤ ਆਪ ਨੂੰ ਗ੍ਰਿਫਤਾਰ ਕਰ ਲਿਆ ਗਿਆ। ਤਿੰਨ ਰਾਤਾਂ ਤੇ ਦਿਨ ਕਹਿਰਾਂ ਦੇ ਤਸੀਹੇ ਦਿੱਤੇ ਗਏ, ਜੂਨ ਦੀ ਕੜਕਦੀ ਧੁੱਪ ਵਿਚ। ਤਪਦੀ ਲੋਹ 'ਤੇ ਜਿਸ ਦੇ ਹੇਠਾਂ ਮਣਾਂ-ਮੂੰਹੀਂ ਬਾਲਣ ਡਾਹਿਆ ਗਿਆ। ਨਾਲ ਸੁਰਖ ਲੋਹ 'ਤੇ ਗੁਰੂ ਜੀ ਨੂੰ ਬਿਠਾ ਦਿੱਤਾ ਗਿਆ, ਉੱਤੇ ਤੱਤੀ ਰੇਤਾ ਦੀ ਭਰਮਾਰ, ਪਰ ਗੁਰੂ ਜੀ ਨੇ ਸੀ ਨਾ ਕੀਤੀ। ਭਾਵੇਂ ਮੀਆਂ ਮੀਰ ਤੇ ਵਜ਼ੀਰ ਖਾਂ ਦਰਬਾਰੀ ਧਾਰਮਿਕ ਆਗੂ, ਸਿੱਖੀ ਦੇ ਦਾਇਰੇ ਵਿਚ ਆ ਚੁੱਕੇ ਸਨ। ਉਨ੍ਹਾਂ ਨੇ ਗੁਰੂ ਜੀ ਨੂੰ ਲਾਹੌਰ ਦੀ ਇੱਟ ਨਾਲ ਇੱਟ ਖੜਕਾ ਦੇਣ ਲਈ ਕਿਹਾ। ਉਨ੍ਹਾਂ ਦੇ ਹਿਰਦੇ ਕੰਬ ਉੱਠੇ, ਪਰ ਗੁਰੂ ਜੀ ਉਸ ਵਾਹਿਗੁਰੂ ਦੇ ਭਾਣੇ ਵਿਚ ਵਿਸ਼ਵਾਸ ਰੱਖਦੇ ਹੋਏ ਤੱਤੀ ਲੋਹ 'ਤੇ ਬੈਠ ਗਏ। ਜਾਂ ਤੱਤੀ ਰੇਤ ਵਿਚ ਬੈਠ ਗਏ। ਅੱਗ ਵਰਗੀ ਦੇਗ ਵਿਚ ਕਾਫੀ ਉਬਲਦੇ ਪਾਣੀ ਵਿਚ ਉਬਾਲਿਆ ਗਿਆ। 30 ਮਈ, 1606 ਈ. ਨੂੰ ਜਹਾਂਗੀਰ ਦੇ ਹੁਕਮ ਨਾਲ ਰਾਵੀ ਦੇ ਕੰਢੇ ਲਿਜਾ ਕੇ ਆਪ ਨੂੰ ਸ਼ਹੀਦ ਕਰ ਦਿੱਤਾ ਗਿਆ। ਆਪ ਜੀ ਦੀ ਸ਼ਹੀਦੀ ਯਾਦ ਵਿਚ ਹੁਣ ਉਥੇ ਡੇਹਰਾ ਸਾਹਿਬ ਗੁਰਦੁਆਰਾ ਬਣਿਆ ਹੋਇਆ ਹੈ। ਦੁਨੀਆਂ ਵਿਚ ਇਹ ਇਕ ਮਹਾਨ ਸ਼ਹਾਦਤ ਹੈ। ਇਸ ਤੋਂ ਕੁਝ ਸਮਾਂ ਬਾਅਦ ਜਹਾਂਗੀਰ ਮੁਆਫੀ ਮੰਗਣ ਆਇਆ। ਉਸ ਨੇ ਚੰਦੂ ਵਰਗੇ ਵਿਰੋਧੀਆਂ ਨੂੰ ਸਪੁਰਦ ਵੀ ਕੀਤਾ। ਪਰ ਮਾਤਾ ਗੰਗਾ ਜੀ ਨੇ ਵਾਹਿਗੁਰੂ ਦੇ ਭਾਣੇ 'ਤੇ ਉਨ੍ਹਾਂ ਨੂੰ ਛੱਡ ਦਿੱਤਾ ਤੇ ਜਹਾਂਗੀਰ ਨੇ ਜੋ ਮੋਹਰਾਂ ਚੜ੍ਹਾਈਆਂ, ਉਹ ਉਸੇ ਵਕਤ ਸੰਗਤ ਵਿਚ ਵੰਡ ਦਿੱਤੀਆਂ ਗਈਆਂ।

ਏਕਤਾ, ਸਾਂਝੀਵਾਲਤਾ ਤੇ ਜਾਤ-ਪਾਤ, ਰੰਗ-ਰੂਪ ਤੋਂ ਉੱਪਰ ਉੱਠ ਕੇ ਉਨ੍ਹਾਂ ਨੇ ਸ਼ਬਦ ਰਚਨਾ ਕੀਤੀ। ਇਕ ਸ਼ਬਦ ਰਾਮਕਲੀ ਮਹਲਾ ੫

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ।
ਕੋਈ ਸੇਵੈ ਗੁਸਈਆਂ ਕੋਈ ਅਲਾਹਿ॥
ਕਾਰਣ ਕਰਣ ਕਰੀਮ। ਕਿਰਪਾ ਧਾਰਿ ਰਹੀਮ॥ ਰਹਾਉ॥
ਕੋਈ ਨਾਵੈ ਤੀਰਥਿ ਕੋਈ ਹਜ ਜਾਇ।
ਕੋਈ ਪੜੈ ਬੇਦ ਕੋਈ ਕਤੇਬ। ਕੋਈ ਓਢੈ ਨੀਲ ਕੋਈ ਸੁਪਦ॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ।
ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ।
ਪ੍ਰਭੂ ਸਾਹਿਬ ਕਾ ਤਿਨਿ ਭੇਦੁ ਜਾਤਾ॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਰਾਮਦਾਸ ਜੀ ਵਾਂਗ 30 ਰਾਗਾਂ ਵਿਚ ਬਾਣੀ ਰਜੀ। ਸ਼ਬਦ 1345, ਅਸ਼ਟਪਦੀਆਂ 62, ਛੰਦ 62। ਗੁਰੂ ਗ੍ਰੰਥ ਸਾਹਿਬ ਦੀਆਂ ਕੁੱਲ 22 ਵਾਰਾਂ 'ਚੋਂ ਗੁਰੂ ਗ੍ਰੰਥ ਸਾਹਿਬ ਦੀਆਂ 6 ਵਾਰਾਂ, ਗਉੜੀ, ਗੁਜਰੀ, ਜੈਤਸਰੀ, ਰਾਮਕਲੀ, ਮਾਰੂ, ਬਸੰਤ ਰਾਗਾਂ ਵਿਚ ਹਨ। ਇਨ੍ਹਾਂ ਤੋਂ ਇਲਾਵਾ ਗੁਰੂ ਜੀ ਨੇ ਉਚੇਚੀਆਂ ਬਾਣੀਆਂ ਵੀ ਲਿਖੀਆਂ, ਸਿਰੀ ਰਾਗ ਵਿਚ ਪਹਰੇ। ਸ਼ਬਦ ਮਾਹ ਵਿਚ ਬਾਰਹ ਮਾਹ, 14 ਪਉੜੀਆਂ ਦਿਸ ਰੈਣਿ। ਗਾਉੜੀ ਵਿਚ ਬਾਵਨ ਅੱਖਰੀ 57 ਸਲੋਕ ਤੇ 55 ਪਉੜੀਆਂ ਸੁਖਮਨੀ 14 ਸਲੋਕ ਅਤੇ 24 ਅਸ਼ਟਪਦੀਆਂ ਬਿਤੀ। ਟਾਸਾ ਵਿਚ ਬਿਹਰਤੇ 3 ਸ਼ਬਦ। ਸੂਹੀ ਵਿਚ ਗੁਣਵੰਤੀ ਇਕ ਸ਼ਬਦ ਇਕ ਮਾਰੂ ਵਿਚ ਅੰਜੂਲੀਆਂ 3 ਸੋਲਹੇ 14 ਸ਼ਬਦ। ਕੁਝ ਹੋਰ ਬਾਣੀਆਂ ਗੁਰੂ ਅਰਜਨ ਸਾਹਿਬ ਸਲੋਕ ਸਹਸ ਕ੍ਰਿਤੀ 67, ਗਾਥਾ 24, ਫੁਨਹੇ 23, ਚੋ ਬੋਲੇ।। ਸਵੈਯੈ 9, ਸਵੈਯੇ।। ਇਨ੍ਹਾਂ ਤੋਂ ਇਲਾਵਾ ਸਲੋਕ ਵੀ ਜੋ ਵਾਰਾਂ ਨਾਲ ਦਰਜ ਹਨ। ਉਨ੍ਹਾਂ ਸਾਰੇ ਸਲੋਕਾਂ ਦੀ ਗਿਣਤੀ 255 ਹੈ। ਇਨ੍ਹਾਂ ਵਾਰਾਂ ਤੋਂ ਵਧੇ ਹੋਏ ਸਲੋਕਾਂ ਦਾ ਸੰਗ੍ਰਹਿ ਗੁਰੂ ਗ੍ਰੰਥ ਸਾਹਿਬ ਦੇ ਅਖੀਰ ਵਿਚ ਦਰਜ ਹੈ। ਉਨ੍ਹਾਂ ਦੀ ਗਿਣਤੀ 22 ਹੈ। ਸਾਰੇ ਰਲਾ ਕੇ ਗੁਰੂ ਅਰਜਨ ਦੇਵ ਦੇ 277 ਸਲੋਕ ਹਨ। ਇਨ੍ਹਾਂ ਦੀਆਂ 6 ਵਾਰਾਂ ਦੀਆਂ ਕੁੱਲ 10 ਪਉੜੀਆਂ ਹਨ। ਆਦਿ ਕੁੱਲ 2312 ਸ਼ਬਦ ਹਨ।

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ 43 ਸਾਲ, ਇਕ ਮਹੀਨਾ, 16 ਦਿਨ ਦੀ ਉਮਰ ਭੋਗ ਕੇ ਸ਼ਹੀਦ ਹੋਏ ਸਨ। ਉਨ੍ਹਾਂ ਨੇ ਇੰਨੀ ਉਮਰ ਵਿਚ ਉਹ ਕਾਰਜ ਕੀਤੇ ਹਨ, ਜੋ ਹਮੇਸ਼ਾ ਹਿੰਦੁਸਤਾਨ ਦੇ ਇਤਿਹਾਸ ਵਿਚ ਹੀ ਨਹੀਂ, ਦੁਨੀਆਂ ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਨਾਲ ਜੀਵਤ ਰਹਿਣਗੇ। ਉਹ ਸ਼ਹੀਦ ਹੋ ਕੇ ਵੀ ਜ਼ਿੰਦਾ ਹਨ। ਉਨ੍ਹਾਂ ਦੇ ਕਾਰਜ ਸਦਾ ਲਈ ਰਹਿਬਰੀ ਦਾ ਕੰਮ ਕਰਦੇ ਰਹਿਣਗੇ। ਸਿੱਖ ਜਗਤ ਵਿਚ ਉਨ੍ਹਾਂ ਦਾ ਮਹਾਨ ਸਥਾਨ ਹੈ।

# "ਸਾਡੀਆਂ ਨਰਸਾਂ, ਸਾਡਾ ਭਵਿੱਖ"

ਇਹ ਤਖੱਲੁਸ ਹੈ, ਜੋ ਦੱਸਦਾ ਹੈ ਕਿ ਨਰਸਿਰ ਦਾ ਕੋਈ ਇੱਕ ਦਿਨ ਨਹੀਂ ਹੁੰਦਾ, ਬਲਕਿ ਹਰ ਸਮੇਂ ਮਰੀਜ਼ ਦੀ ਸੇਵਾ ਬਿਨਾ ਕਿਸੇ ਲਾਲਚ ਦੇ ਕਰਦੀਆਂ ਹਨ। ਇਕ ਰੂਹ ਅਤੇ ਜਿਸਮ ਦਾ ਜੋ ਰਿਸ਼ਤਾ ਹੁੰਦਾ ਹੈ, ਉਹ ਮਰੀਜ਼ ਅਤੇ ਨਰਸ ਦਾ ਰਿਸ਼ਤਾ ਹੁੰਦਾ ਹੈ। ਜਿਸ ਵਕਤ ਆਪਣੇ ਸਭ ਤੋਂ ਅਜੀਜ਼ ਆਪਣੇ ਲਈ ਚਾਹੁੰਦੇ ਹੋਏ ਵੀ ਕੁਝ ਨਹੀਂ ਕਰ ਸਕਦੇ, ਉਸ ਵਕਤ ਇਕ ਅਸਹਿ ਪੀੜਾ ਨੂੰ ਸਹਿਣ ਕਰ ਰਹੇ ਮਰੀਜ਼ ਦਾ ਸਹਾਰਾ ਬਣਦੀ ਹੈ। ਲੋਕਾਂ ਦੀਆਂ ਦੁਆਵਾਂ ਲੈ ਕੇ ਜੋ ਸਕੂਨ ਮਿਲਦਾ ਹੈ, ਸ਼ਾਇਦ ਉਹ ਕਿਸੇ ਵੀ ਲਗਜ਼ਰੀ ਲਾਈਫ ਜਾਂ ਬੇਸ਼ਕੀਮਤੀ ਚੀਜ਼ਾਂ ਖਰੀਦ ਕੇ ਵੀ ਨਹੀਂ ਮਿਲਦਾ। ਇੱਕ ਆਤਮਿਕ ਸੁੱਖ ਜੋ ਬੰਦਗੀ ਕਰਨ ਦੇ ਹਜ਼ਾਰਾਂ ਸਾਲਾਂ ਬਾਅਦ ਵੀ ਨਸੀਬ ਨਹੀਂ ਹੁੰਦਾ। ਕਿਸੇ ਅਣਜਾਣ ਨੂੰ ਉਸ ਦੇ ਦੁੱਖ ਵਿਚ ਸਭ ਤੋਂ ਕਰੀਬ ਹੋ ਕੇ ਸਹਾਰਾ ਦੇਣਾ ਸ਼ਾਇਦ ਇਹ ਵੀ ਇਕ ਕਿੱਤਾ ਹੈ। ਸਹਿਜੇ ਹੀ ਮਰੀਜ਼ ਨਾਲ ਇਸ ਕਦਰ ਅਟੈਚਮੈਂਟ ਹੋ ਜਾਂਦੀ ਹੈ, ਜਿਵੇਂ ਉਹ ਆਪਣਾ ਹੀ ਖਾਸ ਹੋਵੇ। ਉਸ ਦੇ ਦੁੱਖ ਦੂਰ ਕਰਨ ਲਈ ਆਪਣੀ ਵਾਹ ਲਗਾ ਦੇਣਾ। ਇਹ ਇਕ ਅਜਿਹਾ ਕਿੱਤਾ ਹੈ, ਜੋ ਇਨਸਾਨੀਅਤ ਅਤੇ ਰੂਹਾਨੀਅਤ ਦੇ ਦਰਸ਼ਨ ਕਰਾਉਂਦਾ ਹੈ।

-ਹਰਜਿੰਦਰ ਕੌਰ
ਸ਼ਹੀਦ ਭਾਈ ਮਨੀ ਸਿੰਘ ਜੀ
ਸਰਕਾਰੀ ਸਿਵਲ
ਹਸਪਤਾਲ,ਬਠਿੰਡਾ
ਰਾਹੀਂ - ਅੰਗਰੇਜ ਸਿੰਘ ਵਿੱਕੀ
(Punjab Mail USA)





## 'ਜੋ ਦਿਖਾ, ਸੋ ਲਿਖਾ'

# ਜਲੰਧਰ ਚੋਣ ਨਤੀਜਾ ਬਦਲੇਗਾ ਸਿਆਸੀ ਦਿਸ਼ਾ

## ਮੁਫਤ ਬਿਜਲੀ ਅਤੇ ਕਲੀਨਿਕਾਂ ਨੇ ਦਿਖਾਇਆ ਰੰਗ

ਦਰਸ਼ਨ ਸਿੰਘ ਸ਼ੰਕਰ
ਜ਼ਿਲ੍ਹਾ ਲੋਕ ਸੰਪਰਕ
ਅਫਸਰ (ਰਿਟਾ.)
ਫੋਨ: 99158-36543
(Punjab Mail USA)



ਜਲੰਧਰ ਲੋਕ ਸਭਾ ਜ਼ਿਮਨੀ ਚੋਣ 'ਆਪ' ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੇ ਕਾਂਗਰਸ ਦੀ ਕਰਮਜੀਤ ਕੌਰ ਚੌਧਰੀ ਨੂੰ 58691 ਵੋਟਾਂ ਦੇ ਫਰਕ ਨਾਲ ਹਰਾ ਕੇ ਜਿੱਤ ਲਈ ਹੈ। ਇਸ ਤਰ੍ਹਾਂ 'ਆਪ' ਨੇ ਕਾਂਗਰਸ ਦੇ 24 ਸਾਲ ਤੋਂ ਚਲਿਆ ਆ ਰਿਹਾ ਮਜ਼ਬੂਤ ਕਿਲ੍ਹਾ ਢਹਿ-ਢੇਰੀ ਕਰ ਦਿੱਤੈ। ਸੁਸ਼ੀਲ ਰਿੰਕੂ (ਆਪ) ਨੂੰ 302279, ਕਰਮਜੀਤ ਕੌਰ (ਕਾਂਗਰਸ) ਨੂੰ 243588, ਅਕਾਲੀ ਦਲ-ਬੀ.ਐੱਸ.ਪੀ. ਦੇ ਸੁਖਵਿੰਦਰ ਕੁਮਾਰ ਸੁੱਖੀ ਨੂੰ 158445, ਬੀ.ਜੇ.ਪੀ. ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਨੂੰ 134800 ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰ ਗੁਰਜੰਟ ਸਿੰਘ ਕੱਟੂ ਨੂੰ 20366 ਵੋਟ ਮਿਲੇ। ਸੰਸਦੀ ਹਲਕੇ ਅੰਦਰ 9 ਵਿਧਾਨ ਸਭਾ ਹਲਕਿਆਂ ਵਿਚੋਂ ਆਮ ਆਦਮੀ ਪਾਰਟੀ ਦੀ 7 ਵਿਚ ਅਤੇ ਬੀ.ਜੇ.ਪੀ. ਦੀ 2 ਵਿਚ ਜਿੱਤ ਹੋਈ। ਕਾਂਗਰਸ ਕਿਸੇ ਵੀ ਹਲਕੇ ਵਿਚ ਪਹਿਲੇ ਨੰਬਰ 'ਤੇ ਨਹੀਂ ਆ ਸਕੀ। 2019 ਚੋਣਾਂ ਦੌਰਾਨ ਸੀਟ ਕਾਂਗਰਸ ਦੇ ਚੌਧਰੀ ਸੰਤੋਖ ਸਿੰਘ ਨੇ ਅਕਾਲੀ ਦਲ-ਬੀ.ਜੇ.ਪੀ. ਦੇ ਚਰਨਜੀਤ ਸਿੰਘ ਅਟਵਾਲ ਨੂੰ 19491 ਵੋਟਾਂ ਦੇ ਫਰਕ ਨਾਲ ਹਰਾਇਆ ਸੀ। ਇਸ ਵਾਰ 'ਆਪ' ਨੂੰ 34.05%, ਕਾਂਗਰਸ ਨੂੰ 27.44%, ਅਕਾਲੀ ਦਲ-ਬਸਪਾ ਨੂੰ 17.85% ਅਤੇ ਬੀ.ਜੇ.ਪੀ. ਨੂੰ 15.19% ਵੋਟ ਮਿਲੇ। ਸਾਰੀਆਂ ਧਿਰਾਂ ਲਈ ਇਹ ਸੀਟ ਮੁੱਛ ਦਾ ਸਵਾਲ ਬਣੀ ਹੋਈ ਸੀ। ਵਿਚਾਰਦੇ ਹਾਂ ਕਿ ਨਤੀਜੇ ਦਾ ਸੂਬੇ ਦੀ ਰਾਜਨੀਤੀ ਉਪਰ ਕੀ ਪ੍ਰਭਾਵ ਰਹੇਗਾ।

### 'ਆਪ' ਦਾ ਸਨਮਾਨ ਬਹਾਲ

ਸੰਗਰੂਰ ਵਿਚ ਪਾਰਟੀ ਦੀ ਹਾਰ ਪਿੱਛੋਂ, ਜਲੰਧਰ ਸੀਟ ਦੀ ਚੋਣ 'ਆਪ' ਲਈ ਅਤਿ ਅਹਿਮ ਸੀ। 2019 ਸੰਸਦੀ ਚੋਣਾਂ ਵਿਚ ਪਾਰਟੀ ਉਮੀਦਵਾਰ ਨੂੰ ਸਿਰਫ 2.5% ਵੋਟ ਹੀ ਮਿਲੇ ਸਨ। ਪਰ 2022 ਵਿਧਾਨ ਸਭਾ ਚੋਣਾਂ ਵਿਚ 9 ਵਿਚੋਂ 4 ਹਲਕਿਆਂ ਤੋਂ ਜਿਤਣ ਨਾਲ ਪਾਰਟੀ ਕਾਫੀ ਉਤਸ਼ਾਹਿਤ ਸੀ। ਇਸ ਵਾਰ 'ਆਪ' ਵਲੋਂ ਪ੍ਰਚਾਰ ਵਿਚ ਸੂਬੇ ਦੇ ਵਰਕਰਾਂ ਦੀ ਪੂਰੀ ਤਾਕਤ ਝੋਂਕੀ ਗਈ। ਮੁੱਖ ਮੰਤਰੀ ਨੇ ਪੂਰੀ ਮੁਹਿੰਮ ਆਪਣੇ ਬੱਲਬੂਤੇ ਚਲਾ ਕੇ ਵੱਡੀ ਜਿੱਤ ਦਰਜ ਕਰਾਈ। ਪਾਰਟੀ ਸੁਪਰੀਮੋ ਕੇਜਰੀਵਾਲ ਨੇ ਵੀ ਭਗਵੰਤ ਮਾਨ ਨਾਲ ਰੋਡ ਸ਼ੋਆਂ ਰਾਹੀਂ ਪ੍ਰਚਾਰ ਕੀਤਾ। ਚੋਣ ਇੰਚਾਰਜ ਵਿੱਤ ਮੰਤਰੀ ਹਰਪਾਲ ਚੀਮਾ ਨੇ ਜਲੰਧਰ ਟਿੱਕ ਕੇ ਕਮਾਨ ਸੰਭਾਲੀ। ਜਿੱਤ ਵਿਚ ਸਰਕਾਰ ਦੀ 14 ਮਹੀਨੇ ਦੀ ਕਾਰਗੁਜ਼ਾਰੀ ਤੇ ਵੋਟਰਾਂ ਵਲੋਂ ਲਗਾਈ ਮੋਹਰ ਸਪੱਸ਼ਟ ਝਲਕਦੀ ਹੈ। ਮੁੱਖ ਮੰਤਰੀ ਦਾ ਕਹਿਣੈ ਕਿ ਮੁਫਤ ਬਿਜਲੀ, ਆਮ ਆਦਮੀ ਕਲੀਨਿਕਾਂ, ਨੌਕਰੀਆਂ ਅਤੇ ਭ੍ਰਿਸ਼ਟਾਚਾਰਾਂ ਖਿਲਾਫ ਕਾਰਵਾਈ ਲਈ ਜਿੱਤ ਹੋਈ ਹੈ। ਪਾਰਟੀ ਸੰਗਰੂਰ ਹਾਰ ਦੀ ਨਿਮੋਸ਼ੀ ਵਿਚੋਂ ਨਿਕਲਣ ਵਿਚ ਸਫਲ ਰਹੀ ਅਤੇ ਨਾਲ ਹੀ ਪਾਰਟੀ ਵਰਕਰਾਂ ਦਾ ਹੌਂਸਲਾ ਵੀ ਵਧਿਐ। ਹੁਣ ਪਾਰਟੀ ਅੰਦਰ ਮੁੱਖ ਮੰਤਰੀ ਦਾ ਰੁਤਬਾ ਹੋਰ ਵੀ ਬੁਲੰਦ ਹੋਣਾ ਤੈਅ ਸਮਝਿਆ ਜਾ ਰਿਹੈ।

### ਕਾਂਗਰਸ ਨੂੰ ਝੱਟਕਾ

ਕਾਂਗਰਸ ਦਾ ਗੜ੍ਹ ਰਹੀ ਜਲੰਧਰ ਸੀਟ 'ਤੇ ਹਾਰ ਪਾਰਟੀ ਲਈ ਬਹੁਤ ਵੱਡਾ ਝੱਟਕਾ ਹੈ। ਕਾਂਗਰਸ ਜਿੱਤ ਕੇ ਸੂਬੇ ਅੰਦਰ ਆਪਣਾ ਖੋਇਆ ਆਧਾਰ ਮੁੜ ਉਭਾਰਨ ਲਈ ਆਸਵੰਦ ਸੀ। ਪਾਰਟੀ ਦੇ ਵੱਡੇ ਲੀਡਰਾਂ ਨੇ ਏਕਤਾ ਦਾ ਵਿਖਾਵਾ ਤਾਂ ਕੀਤਾ, ਪਰ ਇਨ੍ਹਾਂ ਵਿਚ ਇਕਸੁਰਤਾ ਨਜ਼ਰ ਨਹੀਂ ਆਈ। ਕਾਂਗਰਸ ਸੀਟ ਨੂੰ ਆਪਣਾ ਗੜ੍ਹ ਮੰਨਕੇ ਜਿੱਤ ਯਕੀਨੀ ਸਮਝਦੀ ਰਹੀ। ਹਮਦਰਦੀ ਵੋਟ ਵੀ ਦਿਖਾਈ ਨਹੀਂ ਦਿੱਤੀ। ਪਾਰਟੀ ਦੇ ਸੀਨੀਅਰ ਕੌਮੀ ਪੱਧਰ ਦੇ ਲੀਡਰਾਂ ਦੀ ਗੈਰ ਹਾਜ਼ਰੀ ਕਾਰਨ ਵੀ ਪ੍ਰਚਾਰ ਮੁਹਿੰਮ ਮੱਠੀ ਰਹੀ। ਹਲਕੇ ਵਿਚ ਕਾਂਗਰਸ ਦੀ ਰਵਾਇਤੀ ਦਲਿਤ ਵੋਟ ਵੀ ਇਕ ਪਾਸੇ ਨਹੀਂ ਭੁਗਤੀ। ਪਰਿਵਾਰਕ ਮੈਂਬਰ ਅਤੇ ਕਰਤਾਰਪੁਰ ਦੇ ਸਾਬਕਾ ਵਿਧਾਇਕ ਸੁਰਿੰਦਰ ਸਿੰਘ ਦੇ 'ਆਪ' ਵਿਚ ਸ਼ਾਮਲ ਹੋਣ ਨਾਲ ਵੀ ਝੱਟਕਾ ਲੱਗਾ। ਬੇਸ਼ੱਕ ਉਸ ਨੇ ਸਮਝਾਉਣ 'ਤੇ ਵਾਪਸੀ ਕਰ ਲਈ, ਪਰ ਹਲਕੇ ਵਿਚੋਂ ਪਾਰਟੀ ਦੀ ਸਭ ਤੋਂ ਵੱਧ 139890 ਵੋਟ ਘਟੀ। ਉਮੀਦਵਾਰ ਆਪਣੇ ਵਿਧਾਇਕ ਪੁੱਤਰ ਦੇ ਫਿਲੌਰ ਹਲਕੇ ਵਿਚੋਂ ਵੀ 7000 ਵੋਟਾਂ ਦੇ ਫਰਕ ਨਾਲ ਪਛੜ ਗਈ। ਇਸ



ਹਾਰ ਨਾਲ ਪਾਰਟੀ ਕੇਡਰ ਦੇ ਹੌਂਸਲੇ 'ਤੇ ਭਾਰੀ ਅਸਰ ਦਿਖੇਗਾ। ਸੂਬਾ ਪ੍ਰਧਾਨ ਰਾਜਾ ਵੜਿੰਗ ਦੀ ਅਗਵਾਈ ਵਿਚ ਇਹ ਦੂਜੀ ਵੱਡੀ ਹਾਰ ਹੈ, ਇਸ ਨਾਲ ਉਨ੍ਹਾਂ ਉੱਪਰ ਵੀ ਸਵਾਲ ਉੱਠਣਗੇ। ਨਿਮੋਸ਼ੀ 'ਚੋਂ ਵਰਕਰਾਂ ਬਾਹਰ ਕੱਢਣ ਲਈ ਪਾਰਟੀ ਨੂੰ ਏਕਤਾ ਦਿਖਾਉਂਦੇ ਜਨਤਾ ਦੇ ਮੁੱਦੇ ਚੁੱਕਣੇ ਹੋਣਗੇ। ਜੇਕਰ ਖਿੱਚੋਤਾਣ 'ਚ ਲੱਗੇ ਰਹੇ, ਤਾਂ ਪਾਰਟੀ ਦਾ ਹੋਰ ਨਿਘਾਰ ਲਾਜ਼ਮੀ ਹੈ। ਇਸ ਹਾਰ ਨੂੰ ਪਿਛਲੀ ਸਰਕਾਰ ਸਮੇਂ ਦੇ ਕਾਟੋ-ਕਲੇਸ਼ ਅਤੇ ਲੁੱਟ ਦਾ ਖਾਮਿਆਜ਼ਾ ਹੀ ਸਮਝਿਆ ਜਾ ਸਕਦੈ। ਕਾਂਗਰਸ ਵਲੋਂ ਦੂਜੇ ਨੰਬਰ 'ਤੇ ਰਹਿਣ ਨਾਲ ਸੂਬੇ ਅੰਦਰ ਭਵਿੱਖ ਵਿਚ ਮੁੱਖ ਧਿਰ ਬਣਕੇ ਉਭਰਨ ਦੀਆਂ ਸੰਭਾਵਨਾਂ ਮੌਜੂਦ ਨੇ। ਜੇਕਰ ਸੂਬਾ ਕਾਂਗਰਸ ਦੀ ਅਗਵਾਈ ਕਿਸੇ ਚੰਗੇ ਅਕਸ ਵਾਲੇ ਲੀਡਰ ਦੇ ਹਵਾਲੇ ਹੁੰਦੀ ਹੈ, ਤਾਂ ਵਾਪਸੀ ਦੀ ਸੰਭਾਵਨਾ ਮੌਜੂਦ ਹੈ।

### ਬੀ.ਜੇ.ਪੀ. ਬਨਾਮ ਅਕਾਲੀ ਦਲ

ਇਹ ਚੋਣ ਜਿੱਤ ਤੋਂ ਇਲਾਵਾ ਬੀ.ਜੇ.ਪੀ. ਅਤੇ ਅਕਾਲੀ ਦਲ ਵਿਚਕਾਰ ਇਕ ਦੂਜੇ ਤੋਂ ਅੱਗੇ ਰਹਿਣ ਦਾ ਦਿਲਚਸਪ ਮੁਕਾਬਲਾ ਵੀ ਸੀ। ਜਿਸ ਵਿਚ ਅਕਾਲੀ ਦਲ-ਬੀ.ਐੱਸ.ਪੀ. ਉਮੀਦਵਾਰ ਨੇ ਬੀ.ਜੇ.ਪੀ. ਉਮੀਦਵਾਰ ਤੋਂ ਕਰੀਬ 23000 ਵਧ ਵੋਟਾਂ ਹਾਸਲ ਕੀਤੀਆਂ। ਉਂਝ ਇਸ ਵਿਚ ਵੱਡਾ ਯੋਗਦਾਨ ਬਸਪਾ ਦਾ ਵੀ ਦਿਖਾਈ ਦਿੰਦੈ, ਜਿਸ ਵਲੋਂ 2019 ਚੋਣਾਂ ਦੌਰਾਨ 2 ਲੱਖ ਵੋਟ ਲਏ ਸਨ। ਬੀ.ਜੇ.ਪੀ. ਦਾ ਤਰਕ ਹੈ ਕਿ ਉਸ ਨੇ ਆਪਣੇ ਬੱਲ 'ਤੇ ਵਧੇਰੇ ਵੋਟਾਂ ਵੀ ਲਈਆਂ ਨੇ ਅਤੇ ਦੋ ਹਲਕਿਆਂ ਵਿਚ ਪਹਿਲੇ ਨੰਬਰ 'ਤੇ ਰਹੀ ਹੈ।


ਬੀ.ਜੇ.ਪੀ. ਨੇ ਪੂਰੀ ਸ਼ਕਤੀ ਲਗਾ ਕੇ ਚੋਣ ਪ੍ਰਚਾਰ ਕੀਤਾ। ਕੇਂਦਰ ਤੋਂ ਕਈ ਵਜ਼ੀਰ ਅਤੇ ਸੀਨੀਅਰ ਆਗੂਆਂ ਵਲੋਂ ਪਾਰਟੀ ਉਮੀਦਵਾਰ ਲਈ ਪ੍ਰਚਾਰ ਕੀਤਾ। ਬੀ.ਜੇ.ਪੀ. ਦੀ ਸ਼ਹਿਰੀ ਵੋਟਰਾਂ ਵਿਚ ਪੈਂਠ ਮਜ਼ਬੂਤ ਹੋਈ ਸਾਫ ਦਿੱਸਦੀ ਹੈ। ਬਹੁਤ ਸਾਰੇ ਵੱਡੇ ਚਿਹਰੇ ਪਾਰਟੀ ਵਿਚ ਸ਼ਾਮਲ ਕਰਾਉਣ ਦੇ ਬਾਵਜੂਦ ਪਾਰਟੀ ਪੇਂਡੂ ਖੇਤਰਾਂ ਵਿਚ ਅਜੇ ਪੈਰ ਨਹੀਂ ਜਮਾ ਸਕੀ। ਚੋਣ ਪ੍ਰਚਾਰ ਦੌਰਾਨ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਦਿਹਾਂਤ ਪਿੱਛੋਂ ਸੁਖਬੀਰ ਬਾਦਲ ਬਹੁਤਾ ਸਮਾਂ ਆਖਰੀ ਰਸਮਾਂ ਵਿਚ ਰੁੱਝੇ ਹੋਣ ਕਾਰਨ ਜਲੰਧਰ ਤੋਂ ਲਾਂਭੇ ਰਹੇ। ਬਾਕੀ ਅਕਾਲੀ ਦਲ ਲੀਡਰਾਂ ਅਤੇ ਬਸਪਾ ਨੇਤਾਵਾਂ ਨੇ ਪ੍ਰਚਾਰ ਵਿਚ ਕਾਫੀ ਮਿਹਨਤ ਕੀਤੀ, ਪਰ ਮੁਹਿੰਮ ਪੂਰੀ ਤਰ੍ਹਾਂ ਭਖੀ ਦਿਖਾਈ ਨਹੀਂ ਦਿੱਤੀ। ਬੀ.ਜੇ.ਪੀ. ਅਤੇ ਅਕਾਲੀ ਦਲ ਦੀਆ ਵੋਟਾਂ ਜੋੜ ਜੇਤੂ ਉਮੀਦਵਾਰ ਦੇ ਨੇੜੇ ਪੁੱਜਦੈ। ਅਕਾਲੀ ਦਲ ਬੀ.ਜੇ.ਪੀ. ਤੋਂ ਅੱਗੇ ਰਹਿਣ ਤੋਂ ਸੰਤੁਸ਼ਟ ਦਿੱਸਦੈ। ਪਰ ਬੀ.ਜੇ.ਪੀ. ਇਕੱਲੇ ਤੌਰ 'ਤੇ ਦੋ ਵਿਧਾਨ ਸਭਾ ਸੀਟਾਂ ਜਿੱਤਣ 'ਤੇ ਉਤਸ਼ਾਹਿਤ ਹੈ। ਉਂਝ ਭਵਿੱਖ ਵਿਚ ਗੱਠਜੋੜ ਦੀਆਂ ਚਰਚਾਵਾਂ ਜ਼ਰੂਰ ਚੱਲੀਆਂ ਨੇ। ਵੱਡੇ ਬਾਦਲ ਦੀ ਮੌਤ ਪਿੱਛੋਂ ਖੁਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਉਚੇਚੇ ਤੌਰ 'ਤੇ ਚੰਡੀਗੜ੍ਹ ਪੁੱਜ ਕੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਸ. ਬਾਦਲ ਦੇ ਕੌਮੀ ਰਾਜਨੀਤੀ ਵਿਚ ਯੋਗਦਾਨ ਬਾਰੇ ਅਖਬਾਰਾਂ ਲਈ ਲੇਖ ਵੀ ਲਿਖਿਆ। ਅੰਤਿਮ ਅਰਦਾਸ ਮੌਕੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ ਬਾਦਲ ਪਿੰਡ ਜਾ ਕੇ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਵੀ ਬੀ.ਜੇ.ਪੀ. ਅਤੇ ਅਕਾਲੀ ਲੀਡਰ ਮੁੜ ਨਹੁੰ-ਮਾਸ ਦੇ ਰਿਸ਼ਤੇ ਨੂੰ ਜੋੜਨ ਲਈ ਉਤਸਕ ਦਿਸੇ ਸਨ। ਭਵਿੱਖ ਵਿਚ ਦੋਵਾਂ ਪਾਰਟੀਆਂ ਦੇ ਗਠਜੋੜ ਦੀਆਂ ਸੰਭਾਵਨਾਵਾਂ ਮੌਜੂਦ ਨੇ। ਬੀ.ਜੇ.ਪੀ. ਦਾ ਸ਼ਹਿਰੀ ਅਤੇ ਅਕਾਲੀ ਦਲ ਦਾ ਪੇਂਡੂ ਆਧਾਰ ਮਿਲ ਕੇ ਚੰਗਾ ਬਦਲ ਦੇਣ ਲਈ ਉਭਰ ਸਕਦੈ। ਅਕਾਲੀ ਦਲ ਇਸ ਸਮੇਂ ਵੱਡੇ ਸੰਕਟ ਵਿਚੋਂ ਲੰਘ ਰਿਹੈ। ਜੇਕਰ ਇਸ ਸਮੇਂ ਇਸ ਦੇ ਖਿਲਰੇ ਧੜੇ ਸਮੇਂ ਦੀ ਨਜ਼ਾਕਤ ਨੂੰ ਦੇਖਦੇ ਏਕਤਾ ਨਹੀਂ ਕਰਦੇ, ਤਾਂ ਮੁੜ ਵਾਪਸੀ ਕਾਫੀ ਦੂਰ ਨਜ਼ਰ ਆਉਂਦੀ ਹੈ।

### ਰਾਜਨੀਤਕ ਦਿਸ਼ਾ

ਜੇਤੂ ਧਿਰ ਇਸ ਜਿੱਤ ਨੂੰ 'ਆਪ' ਸਰਕਾਰ ਦੀ ਇਕ ਸਾਲ ਦੀ ਸ਼ਾਨਦਾਰ ਕਾਰਗੁਜਾਰੀ ਅਤੇ ਮੁਫਤ ਬਿਜਲੀ ਆਦਿ ਸਹੂਲਤਾਂ 'ਤੇ ਜਨਤਾ ਵਲੋਂ ਲਗਾਈ ਮੋਹਰ ਦੱਸ ਰਹੀ ਹੈ। ਜੇਕਰ ਪਾਰਟੀ ਦੇ ਹੱਕ ਵਿਚ 34% ਵੋਟ ਭੁਗਤੀ, ਤਾਂ ਸਪੱਸ਼ਟ ਹੈ ਕਿ 66% ਵੋਟ ਉਲਟ ਵੀ ਪਈ। ਵਿਰੋਧੀ ਧਿਰਾਂ 'ਆਪ' ਵਲੋਂ ਮਸ਼ੀਨਰੀ ਦੇ ਜ਼ੋਰ ਧੱਕੇਸ਼ਾਹੀ ਕਰਾਰ ਦਿੰਦੀਆਂ ਨੇ। ਕੁੱਝ ਵੀ ਹੋਵੇ ਜਿੱਤ ਤਾਂ ਆਖਿਰ ਜਿੱਤ ਹੀ ਹੁੰਦੀ ਹੈ। ਇਸ ਜਿੱਤ ਨਾਲ ਮੁੱਖ ਮੰਤਰੀ ਦੇ ਪ੍ਰਭਾਵ ਵਿਚ ਵਾਧਾ ਹੋਇਆ ਸਪੱਸ਼ਟ ਝਲਕਦੈ ਅਤੇ ਭਵਿੱਖ ਵਿਚ ਉਹ ਬਾਹਰਲੇ ਦਖਲ 'ਚੋਂ ਨਿਕਲਣ ਦਾ ਪ੍ਰਭਾਵ ਦੇਣ ਦੇ ਸਮਰਥ ਹੋ ਸਕਦੇ ਨੇ। ਇਹ ਵੀ ਸਪੱਸ਼ਟ ਹੋਇਆ ਕਿ ਮਹਿੰਗਾਈ ਦੀ ਮਾਰ ਹੇਠ ਪਿੱਸ ਰਹੀ ਜਨਤਾ ਅੱਛੀਆਂ ਸਹੂਲਤਾਂ ਤੋਂ ਜ਼ਰੂਰ ਪ੍ਰਭਾਵਤ ਹੁੰਦੀ ਹੈ। ਹੁਣ ਸਰਕਾਰ ਨੂੰ ਪੂਰਾ ਧਿਆਨ ਸੂਬੇ ਨੂੰ ਵੱਡੇ ਕਰਜ਼ੇ ਦੇ ਬੋਝ ਤੋਂ ਕੱਢਕੇ ਬਾਕੀ ਦੇ ਰਹਿੰਦੇ ਚੋਣ ਵਾਅਦੇ ਪੂਰੇ ਕਰਨ 'ਤੇ ਦੇਣਾ ਹੋਵੇਗਾ।



## ਪਿਆਰੀ ਮਾਂ




ਪਿਆਰੀ ਮਾਂ,
ਮੈਂ ਤੇਰੇ ਸੰਘਰਸ਼ਾਂ ਨੂੰ ਨਹੀਂ ਜਾਣਦਾ,
ਮੈਂ ਤੇਰਾ ਦਰਦ ਨੂੰ ਨਹੀਂ ਜਾਣਦਾ,
ਫਿਰ ਵੀ ਤੂੰ ਮੇਰੀਆਂ ਮੁਸੀਬਤਾਂ ਦਾ ਖਿਆਲ ਰੱਖਿਆ,
ਅਤੇ ਮੈਨੂੰ ਮੀਂਹ - ਹਨੇਰੀ ਤੋਂ ਬਚਾਇਆ।
ਪਿਆਰੀ ਮਾਂ,
ਮੈਨੂੰ ਪਿਆਰ ਦਾ ਮਤਲਬ ਨਹੀਂ ਪਤਾ,
ਪਤਾ ਨਹੀਂ ਪਿਆਰ ਕੀ ਦਿੰਦਾ ਹੈ,
ਪਰ ਮੈਂ ਜਾਣਦਾ ਹਾਂ ਕਿ ਪਿਆਰ ਕਿੱਥੇ ਹੈ।
ਇਹ ਤੁਹਾਡੇ ਅਤੇ ਮੇਰੇ ਵਿਚਕਾਰ ਹੈ।
ਤੇ ਤੁਹਾਡੇ ਕਰ-ਕਮਲਾ ਚਰਨਾਂ ਵਿਚ ਹੈ।
ਪਿਆਰੀ ਮਾਂ,
ਇਹ ਤੁਹਾਡੇ ਲਈ ਹੈ,
ਮੇਰੇ ਦਿਲ ਤੋਂ ਸੱਚੀ ਸ਼ਰਧਾਂਜਲੀ।
ਤੁਹਾਡਾ ਪਿਆਰ ਅਤੇ ਦੇਖਭਾਲ ਲਈ
ਇੱਕ ਨਿਰੰਤਰ ਅੰਮ੍ਰਿਤ ਪ੍ਰਵਾਹ ਲਈ
ਉਚੇ ਅਤੇ ਨੀਵੇਂ
ਟੇਢੇ ਅਤੇ ਮਾਰੂਥਲ ਰਸਤਿਆਂ 'ਤੇ ਚੱਲਣਾ ਸਿਖਾਉਣ ਲਈ,
ਇੱਕ ਮਾਰਗਦਰਸ਼ਕ ਬਨਣ ਲਈ
ਤੁਹਾਡੀ ਤਾਕਤ ਅਤੇ ਸਿਆਣਪ ਲਈ
ਉਮੀਦ ਦਾ ਇੱਕ ਸਰੋਤ,
ਜੀਵਨ ਦੇ ਤਿਲਕਣ ਢਲਾਣ ਸਮੇਂ
ਮੇਰੀ ਚੱਟਾਨ ਅਤੇ ਢਾਲ ਬਨਣ ਲਈ,
ਪਿਆਰੀ ਮਾਂ,
ਤੁਹਾਡੇ ਲਈ, ਮੈਂ ਇਹ ਆਇਤ ਲਿਖ ਰਿਹਾ ਹਾਂ,
ਤੁਹਾਡੇ ਲਈ ਮੇਰੇ ਵੱਲੋਂ ਇੱਕ ਤੋਹਫ਼ਾ।
ਇਹ ਤੁਹਾਡੇ ਲਈ ਖੁਸ਼ੀ ਲਿਆਵੇ,
ਅਤੇ ਤੁਹਾਡੇ ਦਿਲ ਨੂੰ ਨਵਾਂ ਬਣਾਵੇ।
ਪਿਆਰੀ ਮਾਂ,
ਪਰ ਤੁਸੀਂ ਮੇਰੇ ਲਈ ਹਮੇਸ਼ਾਂ ਸੁਆਰਥੀ ਬਣੇ,
ਪ੍ਰਮਾਤਮਾ ਨੇ ਇੱਕ ਅਜੂਬਾ ਬਣਾਇਆ ਹੈ
ਜਿਸ ਨੂੰ ਮੈਂ ਤੇ ਸਾਰਾ ਆਲਮ ਮਾਂ ਕਹਿ ਪੁਕਾਰਦਾ ਹੈ,
ਜਿਸ ਦਾ ਸ਼ਬਦਕੋਸ਼ ਵਿਚ ਧੰਨਵਾਦ ਕਰਨ ਲਈ
ਕੋਈ ਸ਼ਬਦ ਨਹੀਂ ਹੈ।
ਇਸ ਗਲੈਕਸੀ ਵਿਚ ਇੱਕ ਤੋਹਫ਼ੇ ਲਈ
ਬਹੁਤ ਸਤਿਕਾਰਿਆ ਜਾਂਦਾ ਹੈ
ਮੇਰੇ ਲਈ, ਤੁਸੀਂ ਇੱਕ ਜੀਵਤ ਪਰਮੇਸ਼ਰ ਹੋ
ਮੈਨੂੰ ਪਿਆਰ ਕਰਨ ਲਈ ਮਾਂ ਤੁਹਾਡਾ ਧੰਨਵਾਦ।
ਮਾਂ ਦਿਵਸ ਦੀਆਂ ਸਭ ਨੂੰ ਮੁਬਾਰਕਾਂ!



**ਸੁਰਜੀਤ ਸਿੰਘ ਫਲੋਰਾ, ਬਰੈਂਪਟਨ**
647-829-9397
(Punjab Mail USA)

## ਮਾਂ ਜੰਨਤ ਦੀ ਪਰਿਭਾਸ਼ਾ

ਮਾਂ ਜੰਨਤ ਦੀ ਪਰਿਭਾਸ਼ਾ।
ਮਾਂ ਪੀੜੀ ਦੀ ਅਭਿਲਾਸ਼ਾ।
ਮਾਂ ਮੰਦਿਰ ਵਿਚ ਜਿਉਂ ਜਯੋਤੀ।
ਮਾਂ ਮਮਤਾ ਵਾਲੀ ਗੋਦੀ।
ਮਾਂ ਸ਼ੀਤਲ ਨੀਰ ਸਮੁੰਦਰ।
ਮਾਂ ਸੱਚਖੰਡ ਵਿਚ ਹਰਿ ਮੰਦਰ।
ਮਾਂ ਧਰਤੀ ਨਾਰੀ ਅੰਬਰ
ਮਾਂ ਸੁਖਮਨੀ ਦੁੱਖ ਅੰਦਰ।
ਮਾਂ ਸ਼ੁਭ ਮੰਗਲ ਅਭਿਵਾਦਨ।
ਮਾਂ ਮਾਰੂਥਲ ਵਿਚ ਸਾਵਣ।
ਮਾਂ ਅਗਨੀ ਵਾਲਾ ਮੰਜ਼ਰ।
ਮਾਂ ਦੁਸ਼ਮਣ ਦੇ ਲਈ ਖੰਜ਼ਰ।
ਮਾਂ ਸਤਿਅਮ ਸੁੰਦਰਮ ਸ਼ਕਤੀ।
ਮਾਂ ਪੂਜਾ ਨਾਰੀ ਭਗਤੀ।
ਮਾਂ ਬੰਦਨਵਾਰ ਜਿਉਂ ਦਰ 'ਤੇ।
ਮਾਂ ਕਿਰਪਾ ਦ੍ਰਿਸ਼ਟੀ ਘਰ 'ਤੇ।
ਮਾਂ ਜਿਉਂ ਖਿੜਦੀ ਖੁਸ਼ਹਾਲੀ।
ਮਾਂ ਸਾਰੇ ਜਗ ਦੀ ਵਾਲੀ।
ਮਾਂ ਵਗਦਾ ਦਰਿਆ ਹੈ ਪਰ।
ਮਾਂ ਚੜ੍ਹਦੇ ਹੜ੍ਹ ਦਾ ਹੈ ਡਰ।
ਮਾਂ ਮੰਗਲ ਕਲਸ਼ ਪਿਆਰਾ।
ਮਾਂ ਰੱਬ ਦਾ ਰੂਪ ਨਿਆਰਾ।
ਮਾਂ ਕਰਕੇ ਇਹ ਸੰਸਾਰ।
ਮਾਂ ਕਰਕੇ ਸਭ ਭੰਡਾਰ।
ਮਾਂ ਮਿਹਰਾਂ ਵਾਲੀ ਦਾਤੀ।
ਮਾਂ ਸੂਰਜ ਵਾਲੀ ਭ੍ਰਾਤੀ।
ਮਾਂ ਕੋਮਲ ਗੰਦਲ ਵਾਂਗੂੰ।
ਮਾਂ ਖੁਸ਼ਬੂ ਚੰਦਨ ਵਾਂਗੂੰ।
ਮਾਂ ਵੇਲ ਮੁਹੱਬਤ ਵਾਲੀ।
ਮਾਂ ਫੁੱਲਾਂ ਲੱਦੀ ਡਾਲੀ।
ਮਾਂ ਸਰਬ ਕਲਾ ਸੰਪੂਰਨ।
ਮਾਂ ਅਰਪਨ ਨਾਰੀ ਦਰਪਨ।
ਮਾਂ ਸਾਰੇ ਜਗ ਦੀ ਜਨਨੀ।
ਮਾਂ ਜਿਉਂ ਦੀਵੇ ਦੀ ਅਗਨੀ।
ਮਾਂ 'ਬਾਲਮ' ਪਾਕ ਪਵਿੱਤਰ।
ਮਾਂ ਸਭ ਤੋਂ ਸੱਚਾ ਮਿੱਤਰ।



**-ਬਲਵਿੰਦਰ 'ਬਾਲਮ' ਗੁਰਦਾਸਪੁਰ**
**ਉਂਕਾਰ ਨਗਰ, ਗੁਰਦਾਸਪੁਰ (ਪੰਜਾਬ)**
**ਮੋ. 98156-25409**
(Punjab Mail USA)

## ਚਤੁਰਾਈ

ਜਦੋਂ ਦੀ ਅਕਲ ਮਨੁੱਖ ਨੂੰ ਆਈ।
ਗਿੱਝਿਆ ਕਰਨ ਨਿੱਤ ਚਤੁਰਾਈ।
ਤਰਾਸ਼ ਪੱਥਰ ਭਗਵਾਨ ਬਣਾਏ।
ਸੁਣਾ ਕਹਾਣੀਆਂ ਲੋਕ ਭਰਮਾਏ।
ਇੰਝ ਸ਼ੁਰੂ ਹੋਈ ਕਹਾਣੀ ਲੁੱਟ ਦੀ।
ਪੂਜਾ ਦੇ ਨਾਮ 'ਤੇ ਲੁੱਟ ਖਸੁੱਟ ਦੀ।
ਜਾਤਾਂ ਪਾਤਾਂ ਧਰਮਾਂ ਦੀਆਂ ਗੱਲਾਂ।
ਖੋਲ੍ਹ ਬੈਠਾ ਜੋ ਮਾਰੀਆਂ ਸੀ ਮੱਲਾਂ।
ਲਿਖ ਕਿਤਾਬਾਂ ਢੇਰ ਲਗਾ ਲਏ।
ਪੜ੍ਹ ਪੜ੍ਹ ਫਿਰ ਹਨੇਰ ਵਧਾ ਲਏ।
ਸਕੇ ਭਾਈਆਂ ਤੋਂ ਭਰਾ ਮਰਵਾਏ।
ਬਣ ਕੇ ਧਰਮੀ ਪ੍ਰਵਚਨ ਸੁਣਾਏ।
ਕਰਵਾਂਦਾ ਸਿਆਸੀ ਬਣ ਕੇ ਦੰਗੇ।
ਪੁਆਂਦਾ ਨਿੱਤ ਜਨਤਾ ਵਿਚ ਪੰਗੇ।
ਖੋਲ੍ਹ ਨਾ ਭੇਦ ਤੈਥੋਂ ਕੱਖ ਨਹੀਂ ਹੋਣਾ।
ਚੁੱਪ ਕਰ ਬੈਠ ਨਾ ਪਵੇ ਪਛਤਾਣਾ।



**-ਸੇਵਾ ਸਿੰਘ 'ਨੂਰਪੁਰੀ'**
(Punjab Mail USA)

## ਮਾਵਾਂ

ਮਾਂ ਦੀ ਮਮਤਾ ਵਰਗੀ ਮਮਤਾ, ਦੁਨੀਆਂ ਦੇ ਵਿਚ ਹੋਰ ਨਹੀਂ।
ਕੋਈ ਵੀ ਮਾਂ ਧੀਆਂ-ਪੁੱਤਰਾਂ ਲਈ ਹੁੰਦੀ ਕਮਜ਼ੋਰ ਨਹੀਂ।
ਲੱਖ ਮੁਸੀਬਤਾਂ ਸਹਿ ਕੇ ਮਾਵਾਂ ਧੀਆਂ-ਪੁੱਤਰ ਪਾਲਦੀਆਂ।
ਸੌ-ਸੌ ਪਾਪੜ ਵੇਲਕੇ ਵੀ ਨੇ ਇੱਲ ਬਲਾਵਾਂ ਟਾਲਦੀਆਂ।
ਇੱਕੋ ਵੇਲੇ ਕਈ ਕੰਮਾਂ ਨੂੰ ਮਾਵਾਂ ਕਰਨਾ ਜਾਣਦੀਆਂ।
ਧੀਆਂ-ਪੁੱਤਰ ਨੇਕ ਜੇ ਹੋਵਣ ਮਾਵਾਂ ਮੌਜਾਂ ਮਾਣਦੀਆਂ।
ਮਾਂ ਦਾ ਕਰਜ਼ਾ ਦੁਨੀਆਂ ਦੇ ਵਿਚ ਕਿਸੇ ਕੋਲੋਂ ਨਾ ਉਤਰਦਾ।
ਬਿਰਧ ਆਸ਼ਰਮ ਵਿਚ ਛੱਡੇ ਜੋ ਕੀ ਕਰਨਾ ਉਸ ਪੁੱਤਰ ਦਾ।
ਬੱਚਿਆਂ ਦੇ ਸਿਰ ਉੱਤੇ ਰਹਿੰਦਾ ਹੱਥ ਜਦੋਂ ਤੱਕ ਮਾਵਾਂ ਦਾ।
ਆਪਸ ਦੇ ਵਿਚ ਤਾਲਮੇਲ ਵੀ ਰਹਿੰਦਾ ਭੈਣ-ਭਰਾਵਾਂ ਦਾ।
ਮਾਵਾਂ ਨਿਰਸਵਾਰਥ ਹੋ ਕੇ ਬੱਚਿਆਂ ਦੇ ਲਈ ਸੋਚਦੀਆਂ।
'ਨਾਗਰਾ' ਬੱਚੇ ਕਰਨ ਤਰੱਕੀ ਮਾਵਾਂ ਹਰਦਮ ਲੋਚਦੀਆਂ।



**ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀ'**
**ਯੂਬਾ ਸਿਟੀ, ਕੈਲੀਫੋਰਨੀਆ**
**(ਅਮਰੀਕਾ)**
**ਫੋਨ: +1-360-448-1989**
(Punjab Mail USA)

## ਮਾਵਾਂ

ਕਿਸਮਤ ਵਾਲੇ ਨੇ ਲੋਕੀ ਉਹ
ਕੋਲ ਜਿਨ੍ਹਾਂ ਦੇ ਮਾਵਾਂ ਨੇ

ਤੱਪਦੀ ਦੁਪਹਿਰ ਅੰਦਰ
ਸਿਰ ਠੰਡੀਆਂ ਛਾਵਾਂ ਨੇ

ਕਰ ਕੇ ਗੁਰੂ ਘਰ ਅਰਦਾਸ ਜੋ
ਦੂਰ ਬੱਚਿਆਂ ਤੋਂ ਰੱਖਦੀਆਂ ਬਲਾਵਾਂ ਨੇ

ਪੁੱਤ ਹੋ ਕਿੰਨਾ ਵੀ ਬੁਰਾ ਭਾਵੇਂ
ਮਾਵਾਂ ਮੂੰਹ ਹੁੰਦੀਆਂ ਦੁਆਵਾਂ ਨੇ

ਹੁੰਦੀ ਮਾਂ ਘਣਛਾਵਾਂ ਬੂਟਾ
ਜਿੱਥੋਂ ਵਗਦੀਆਂ ਮੋਹ ਦੀਆਂ ਹਵਾਵਾਂ ਨੇ

ਜੇਕਰ ਮਾਂ ਹੈ ਕੋਲ ਤਾਂ ਕਦਰ ਕਰਲੋ
ਮੁੜ ਨਹੀਂ ਲੱਭਣਾ ਇਨ੍ਹਾਂ ਛਾਵਾਂ ਨੇ

ਮਰਕੇ ਵੀ ਇਹ ਬੱਚਿਆਂ ਦੀ ਖੈਰ ਚਾਹੁਣ
ਰਹਿੰਦੀਆਂ ਬਣ ਨਾਲ ਪਰਛਾਵਾਂ ਨੇ

ਕਿਸਮਤ ਵਾਲੇ ਨੇ ਲੋਕੀ ਉਹ
ਕੋਲ ਜਿਨ੍ਹਾਂ ਦੇ ਮਾਵਾਂ ਨੇ।



**-ਗੁਰਪ੍ਰੀਤ ਸਿੰਘ ਵਿੱਕੀ**
**ਪਿੰਡ ਤੇ ਡਾਕ ਬਡਾਲੀ ਆਲਾ ਸਿੰਘ**
**ਜ਼ਿਲ੍ਹਾ ਫਤਹਿਗੜ੍ਹ ਸਾਹਿਬ**
(Punjab Mail USA)

## ਸ਼ਹੀਦਾਂ ਦੇ ਸਿਰਤਾਜ

### 'ਸਤਿਗੁਰੂ ਅਰਜਨ ਦੇਵ ਸਾਹਿਬ ਜੀ'

ਸਤਿਗੁਰੂ ਅਰਜਨ ਦੇਵ ਸਾਹਿਬ ਜੀ
ਤੱਤੀ ਤਵੀ 'ਤੇ ਬੈਠੇ ਨੇ।
ਹੇਠਾਂ ਮੱਚਦੇ ਅੱਗ ਦੇ ਭਾਂਬੜ
ਸੀਸ 'ਤੇ ਪੈਂਦੇ ਰੇਤੇ ਨੇ।
ਸ਼ਾਂਤੀ ਦੇ ਨੇ ਪੁੰਜ ਸਤਿਗੁਰੂ
ਗੁਰਬਾਣੀ ਦੇ ਬੋਹਥੇ ਨੇ,
ਰਾਮਦਾਸ ਗੁਰੂ ਜੀ ਦੇ ਪੁੱਤਰ
ਗੁਰ ਅਮਰ ਦਾਸ ਦੇ ਦੋਹਤੇ ਨੇ
ਸੁਖਮਨੀ ਸਾਹਿਬ ਉਚਾਰਨ ਵਾਲੇ
ਅਕਾਲ ਨੂੰ ਕਰਦੇ ਚੇਤੇ ਨੇ।
ਸਤਿਗੁਰੂ ਅਰਜਨ ਦੇਵ ਸਾਹਿਬ ਜੀ-----।

ਲਾਹੌਰ ਸ਼ਹਿਰ ਵਿਚ ਕਹਿਰ ਵਰਤਿਆ
ਚੰਦੂ ਜ਼ੁਲਮ ਕਮਾਇਆ ਏ,
ਪੁੱਠੀਆਂ ਸਿੱਧੀਆਂ ਲੂਤੀਆਂ ਲਾ ਕੇ
ਜਹਾਂਗੀਰ ਭੜਕਾਇਆ ਏ,
ਜੇਠ ਮਹੀਨੇ ਤਪਦਾ ਸੂਰਜ
ਪੈਂਦੇ ਲੋਅ ਦੇ ਸੇਕੇ ਨੇ।
ਸਤਿਗੁਰੂ ਅਰਜਨ ਦੇਵ ਸਾਹਿਬ ਜੀ-----।

ਚੰਦੂ ਦੀ ਧੀ ਦਾ ਸ਼ਗਨ ਪ੍ਰੋਹਿਤ
ਹਰਗੋਬਿੰਦ ਜੀ ਨੂੰ ਪਾ ਆਇਆ,
ਚੰਦੂ ਕਿਹਾ ਚੁਬਾਰੇ ਦੀ ਇੱਟ
ਮੋਰੀ ਨੂੰ ਤੂੰ ਲਾ ਆਇਆ,
ਸ਼ਹੀਦਾਂ ਦੇ ਸਿਰਤਾਜ ਸਤਿਗੁਰੂ
ਕਰਦੇ ਦੂਰ ਭੁਲੇਖੇ ਨੇ।
ਸਤਿਗੁਰੂ ਅਰਜਨ ਦੇਵ ਸਾਹਿਬ ਜੀ-----।

ਤੱਤੀ ਰੇਤ ਦੇ ਭਰ ਭਰ ਕੜਸੇ
ਜਲਾਦ ਨੇ ਸਿਰ 'ਤੇ ਪਾਈਂ ਜਾਂਦੇ
ਤੇਰਾ ਕੀਆ ਮੀਠਾ ਲਾਗੈ
ਸਤਿਗੁਰ ਮੁੱਖ 'ਚੋਂ ਗਾਈਂ ਜਾਂਦੇ
ਆਪਣੇ ਤਨ 'ਤੇ ਦੁਖੜੇ ਜਰ ਕੇ
ਦੁਨੀਆਂ ਦੇ ਦੁੱਖ ਮੇਟੇ ਨੇ।
ਸਤਿਗੁਰ ਅਰਜਨ ਦੇਵ ਸਾਹਿਬ ਜੀ -----।

ਸਮੇਂ ਸਮੇਂ 'ਤੇ ਧਰਮ ਦੀ ਖਾਤਰ
ਪਾਈਆਂ ਗੁਰਾਂ ਸ਼ਹੀਦੀਆਂ ਨੇ,
ਖੂਨ ਦਾ ਕਤਰਾ ਕਤਰਾ ਪਾ ਕੇ
ਧਰਮ ਕਿਆਰੀਆਂ ਬੀਜੀਆਂ ਨੇ,
"ਗਿੱਲ ਮਲਕੀਤ" ਲਗਾਏ ਜੀਵਨ
ਦੇਸ਼ ਕੌਮ ਦੇ ਲੇਖੇ ਨੇ।
ਸਤਿਗੁਰੂ ਅਰਜਨ ਦੇਵ ਸਾਹਿਬ ਜੀ
ਤੱਤੀ ਤਵੀ 'ਤੇ ਬੈਠੇ ਨੇ।



**ਮਲਕੀਤ ਸਿੰਘ ਗਿੱਲ (ਭੱਠਲਾਂ)**
**ਸੰਪਰਕ : 94174-90943**
**79865-28225**
(Punjab Mail USA)

## ਸ਼ਰਧਾਂਜਲੀ



### ਪਿਆਰੀ ਦਾਦੀ ਮਾਂ ਭਗਵਾਨ ਕੌਰ ਨੂੰ


ਬੁੱਕਲ ਤੇਰੀ ਦਾ ਨਿੱਘ ਦਾਦੀ,
ਮਿਲਣਾ ਫੇਰ ਦੁਬਾਰਾ ਨਹੀਂ ਮੈਨੂੰ।
ਬਚਪਨ ਵਾਲੀ ਤੇਰੀ ਲੋਰੀ,
ਸੁਣਾਉਂਦਾ ਕਿਉਂ ਕੋਈ ਤਾਰਾ ਨੀ ਮੈਨੂੰ।

ਵਿਹੜੇ ਦੇ ਵਿਚ ਰੁੱਖ ਵਰਗੀ ਮਾਂ,
ਠੰਡੀ ਮਿੱਠੀ ਛਾਂ ਸੀ ਤੇਰੀ।
ਮਮਤਾ ਤੇਰੀ ਸਮੁੰਦਰ ਗਹਿਰਾ,
ਪਿਆਰੀ ਦਾਦੀ ਮਾਂ ਸੀ ਮੇਰੀ।

ਕੁੱਟ-ਕੁੱਟ ਚੂਰੀ ਦੇਸੀ ਘਿਉ ਦੀ,
ਹੱਥਾਂ ਨਾਲ ਖਵਾਉਂਦੀ ਸੀ ਮੈਨੂੰ।
ਤੇਰੇ ਲਈ ਸੀ ਅੱਜ ਵੀ ਛੋਟਾ,
ਝਿੜਕ ਕੇ ਕੋਲ਼ ਬਿਠਾਉਂਦੀ ਸੀ ਮੈਨੂੰ।

ਹੁਣ ਤਾਂ ਕੋਲੇ ਕੱਲੀਆਂ ਯਾਦਾਂ,
ਗੁਰਭਿੰਦਰ ਗੁਰੀ ਦੇ ਰਹਿ ਗਈਆਂ।
ਤੇਨੂੰ ਯਾਦਾਂ ਦੇ ਵਿਚ ਜਿਉਂਦੀ ਰੱਖੂ
ਭਾਵੇਂ ਦੂਰੀਆਂ ਪੈ ਗਈਆਂ।

**-ਗੁਰਭਿੰਦਰ ਗੁਰੀ**
(Punjab Mail USA)


REALTY ONE GROUP
FOR SALE & PURCHASE OF ANY KIND OF PROPERTY
Recently Sold Properties
Caravaggio, Sacramento
Stroman, Sacramento
Mason Ct, Tracy
Windsong Dr, Tracy
Oak Valley Way, Stockton
Van Eych, Sacramento
Valenda Ct, Elk Grove
Rodfo Ct, Sacramento
Masters St, Elk Grove
Little Harbor Ct, Elk Grove
Bond Road, Elk Grove
Bond Road, Elk Grove
New Listings
Bradshaw Road, Elk Grove
Neutra Way, Elk Grove
Pawcatuck Way, Rancho Cordova
Gurjatinder S. Randhawa
web: www.RealtorRandhawa.com
916-320-9444
garysingh123@yahoo.com
Gurjatinder S. Randhawa
REALTOR CA DRE licence # 01490567